ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 29 | 26 July to 01 August 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਆਲਮੀ ਸਫ਼ਾਂ ਵਿਚ ਸਿੱਖ ਇਤਿਹਾਸ ਦੀ ਅਦਬੀ ਪੇਸ਼ਕਾਰੀ

- ‘ਦੀ ਬਲੈਕ ਪ੍ਰਿੰਸ’ ਨੂੰ ਆਲੋਚਕਾਂ ਦਾ ਭਰਵਾਂ ਹੁੰਗਾਰਾ
- ਨਿਰਮਾਤਾ-ਨਿਰਦੇਸ਼ਕ ਨੇ ਜ਼ਿੰਮੇਵਾਰੀ ਨਾਲ ਚੁਣੌਤੀ ਕਬੂਲੀ
- ਵਿਸ਼ਵ ਭਰ ’ਚ ਦਰਸ਼ਕਾਂ ਵਲੋਂ 100% ਰੇਟਿੰਗ



## “ਆਪਣੀ ਤਲਵਾਰ ਉਠਾ ਤੇ ਆਪਣਾ ਰਾਜ ਵਾਪਿਸ ਲੈ”

‘ਦਾ ਬਲੈਕ ਪ੍ਰਿੰਸ’ ਫਿਲਮ ਦੇ ਸੀਨ ਵਿੱਚ ਮਹਾਰਾਣੀ ਜਿੰਦਾਂ ਅਪਣੇ ਪੁੱਤਰ ਦਲੀਪ ਸਿੰਘ ਨੂੰ ਅੰਗਰੇਜਾਂ ਵਲੋਂ ਧੋਖੇ ਨਾਲ ਖੋਹੇ ਸਿੱਖ ਰਾਜ ਦੀ ਬਹਾਲੀ ਦੇ ਮਨਸ਼ੇ ਨਾਲ ਯੁੱਧ ਲਈ ਪ੍ਰੇਰਦੀ ਹੋਈ।

**ਚੰਡੀਗੜ੍ਹ/ਬਿਊਰੋ ਨਿਊਜ਼ :**
ਕਿਸੇ ਵੀ ਫ਼ਿਲਮਸਾਜ਼, ਨਿਰਮਾਤਾ, ਨਿਰਦੇਸ਼ਕ ਲਈ ਆਪਣੇ ਇਤਿਹਾਸ ਨੂੰ ਫ਼ਿਲਮੀ ਪਰਦੇ ’ਤੇ ਜਿਉਂਦਾ ਕਰਨਾ ਸੌਖਾ ਕਾਰਜ ਨਹੀਂ ਹੁੰਦਾ। ਮਹੀਨਿਆਂ-ਵਰ੍ਹਿਆਂ ਦਾ ਖੋਜ ਕਾਰਜ ਚਲਦਾ ਹੈ, ਸੱਚ ਕਿਤੇ ਕਹਾਣੀ ਦੇ ਤਾਣੇ-ਬਾਣੇ ਵਿਚ ਹੀ ਉਲਝ ਕੇ ਨਾ ਰਹਿ ਜਾਵੇ, ਇਸ ਲਈ ਬੜੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ। ਪੂਰੀ ਟੀਮ ਦੇ ਤਾਲ-ਮੇਲ ਤੇ ਸਖ਼ਤ ਮਿਹਨਤ ਮਗਰੋਂ ਹੀ ‘ਦੀ ਬਲੈਕ ਪ੍ਰਿੰਸ’ ਵਰਗੀ ਫ਼ਿਲਮ ਦਰਸ਼ਕਾਂ ਸਾਹਮਣੇ ਪੇਸ਼ ਹੁੰਦੀ ਹੈ। ਮਹਾਰਾਜਾ ਦਲੀਪ ਸਿੰਘ ਦੇ ਸੱਚ ਨੂੰ ਪੰਜਾਬੀਆਂ ਅਤੇ ਪੂਰੀ ਦੁਨੀਆ ਅੱਗੇ ਪੇਸ਼

**ਬਾਕੀ ਸਫ਼ਾ 32 ’ਤੇ**

## ਯੂ.ਕੇ. ਬੌਕਸ ਆਫ਼ਿਸ ਚਾਰਟਸ ਦੀਆਂ ਸਿਖ਼ਰਲੀਆਂ 10 ਫ਼ਿਲਮਾਂ ’ਚ ‘ਦੀ ਬਲੈਕ ਪ੍ਰਿੰਸ’ ਵੀ ਸ਼ੁਮਾਰ

### *ਡਨਕਿਰਕ ਤੇ ਸਪਾਈਡਰਮੈਨ ਨਾਲ ਬਰਾਬਰ ਕਤਾਰ ਵਿਚ ਖੜ੍ਹੀ*

ਲੰਡਨ : ਮਹਾਰਾਜਾ ਦਲੀਪ ਸਿੰਘ ਦੇ ਜੀਵਨ ’ਤੇ ਆਧਾਰਤ ਫ਼ਿਲਮ ‘ਦੀ ਬਲੈਕ ਪ੍ਰਿੰਸ’ ਨੂੰ ਯੂ.ਕੇ. ਬੌਕਸ ਆਫ਼ਿਸ ਚਾਰਟਸ ਦੀਆਂ ਸਿਖ਼ਰਲੀਆਂ 10 ਫ਼ਿਲਮਾਂ ਵਿਚੋਂ 9ਵਾਂ ਸਥਾਨ ਮਿਲਿਆ ਹੈ। ਇਸ ਸੂਚੀ ਵਿਚ ਡਨਕਿਰਕ, ਡੈਸਪੀਕੇਬਲ ਮੀ 3, ਵਾਰ ਫਾਰ ਦੀ ਪਲੈਨਟ ਆਫ਼ ਦੀ ਏਪਸ ਅਤੇ ਸਪਾਈਡਰਮੈਨ- ਹੋਮਕਮਿੰਗ ਸ਼ਾਮਲ ਹਨ। ਆਸਟਰੇਲੀਆ, ਯੂਨਾਈਟਡ ਕਿੰਗਡਮ, ਨਾਰਥ ਅਮੈਰੀਕਾ ਅਤੇ ਨਿਊਜ਼ੀਲੈਂਡ ਵਿਚ ਵਾਹ-ਵਾਹ ਖੱਟਣ ਦੇ ਨਾਲ ਨਾਲ ਲੰਡਨ ਦੇ ਬੌਕਸ ਆਫ਼ਿਸ ਚਾਰਟ ਵਿਚ ਵੀ ‘ਦੀ ਬਲੈਕ ਪ੍ਰਿੰਸ’ ਨੇ ਆਪਣੀ ਅਹਿਮ ਥਾਂ ਬਣਾਈ ਹੈ। ਦੁਨੀਆ ਭਰ ਦੇ ਦਰਸ਼ਕਾਂ ਨੇ ਇਸ ਨੂੰ ਸਰਾਹਿਆ ਹੈ। ਦਲੀਪ ਸਿੰਘ ਦੀ ਜੀਵਨ ਗਾਥਾ ਨੇ ਦਰਸ਼ਕਾਂ ਨੂੰ ਝੰਜੋੜਿਆ ਕਿ ਕਿਵੇਂ ਉਸ ਕੋਲੋਂ ਬਚਪਨ ’ਚ ਹੀ

**ਬਾਕੀ ਸਫ਼ਾ 32 ’ਤੇ**

## ਭਾਈ ਅਜਮੇਰ ਸਿੰਘ ਨਾਲ ਵਿਸ਼ੇਸ਼ ਗੱਲਬਾਤ




ਮਹਾਰਾਜਾ ਦਲੀਪ ਸਿੰਘ ਦੇ ਜੀਵਨ ’ਤੇ ਆਧਾਰਿਤ ਹੌਲੀਵੁਡ ਫਿਲਮ ‘ਦਾ ਬਲੈਕ ਪ੍ਰਿੰਸ’ ਦੇ ਬਾਰੇ ’ਚ ‘ਸਿੱਖ ਸਿਆਸਤ ਨਿਊਜ਼’ ਦੇ ਸੰਪਾਦਕ ਪਰਮਜੀਤ ਸਿੰਘ ਵਲੋਂ ਸਿੱਖ ਰਾਜਨੀਤਕ ਵਿਸ਼ਲੇਸ਼ਕ ਭਾਈ ਅਜਮੇਰ ਸਿੰਘ ਨਾਲ ਕੀਤੀ ਵਿਸ਼ੇਸ਼ ਗੱਲਬਾਤ ਦੀ ਪੂਰੀ ਰਿਕਾਰਡਿੰਗ ਸੁਣਨ ਲਈ ਲਿੰਕ : https://www.youtube.com/watch?v=Sn-OScc1tXQ

## ਦੀ ਬਲੈਕ ਪ੍ਰਿੰਸ ਫਿਲਮ ਦਾ ਇਤਿਹਾਸਕ ਤੇ ਵਰਤਮਾਨ ਪ੍ਰਸੰਗ

**ਮਹਿਮਾਨ ਸੰਪਾਦਕੀ : ਅਜਮੇਰ ਸਿੰਘ**

ਉੱਘੇ ਇਤਾਲਵੀ ਕੂਟ-ਨੀਤੀਵਾਨ ਮਕਿਆਵਲੀ ਨੇ ਸੋਲ੍ਹਵੀਂ ਸਦੀ (1532 ਈਸਵੀ) ਵਿਚ ਲਿਖੀ ਆਪਣੀ ਟਕਸਾਲੀ ਰਚਨਾ ਦੀ ਪ੍ਰਿੰਸ ਅੰਦਰ ਰਾਜਸੀ ਸੱਤਾ ਦੇ ਖਿਡਾਰੀਆਂ ਨੂੰ ਇਹ ਸਖ਼ਤ ਤਾਕੀਦ ਕੀਤੀ ਸੀ, ਕਿ ਫ਼ੌਜੀ ਤਾਕਤ ਦੇ ਬਲਬੂਤੇ ਜਾਂ ਫਰੇਬ ਨਾਲ ਕਿਸੇ ਹੁਕਮਰਾਨ ਕੋਲੋਂ ਸੱਤਾ ਹਥਿਆ ਲੈਣ ਤੋਂ ਬਾਅਦ ਇਹ ਜ਼ਰੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਸੱਤਾ ਤੋਂ ਲਾਂਭੇ ਕੀਤੇ ਹੁਕਮਰਾਨ ਤੇ ਉਸ ਦੇ ਕਿਸੇ ਵੀ ਵਾਰਸ ਨੂੰ ਜਿਉਂਦਾ ਨਹੀਂ ਛੱਡਣਾ ਚਾਹੀਦਾ-ਕਿਉਂਕਿ ਹਾਰੇ ਹੋਏ ਸ਼ਾਹੀ ਖਾਨਦਾਨ ਦੇ ਜੀਆਂ ਦੇ ਮਨਾਂ ਅੰਦਰ ਹਾਰ ਦੀ ਨਮੋਸ਼ੀ ਦੀ ਚੀਸ ਅਤੇ ਮੁੜ ਰਾਜ ਹਥਿਆਉਣ ਦੀ ਬੇਕਾਬੂ ਖ਼ਾਹਸ਼ ਕਦੇ ਵੀ ਮਰਦੀ ਨਹੀਂ। ਇਸ ਦੇ ਲਈ ਉਹ ਹਮੇਸ਼ਾ ਢੁਕਵੇਂ ਮੌਕੇ ਦੀ ਤਾਕ ਵਿਚ ਰਹਿੰਦੇ ਹਨ। ਜਿਸ ਕਰਕੇ ਉਨ੍ਹਾਂ ਵੱਲੋਂ ਕਦੇ ਵੀ ਅਵੇਸਲੇ ਨਹੀਂ ਹੋਣਾ ਚਾਹੀਦਾ।

**(ਪੂਰੀ ਸੰਪਾਦਕੀ ਸਫ਼ਾ 14 ’ਤੇ)**

## *ਸਿਨੇਮਾ ਘਰਾਂ ’ਚ ‘ਦੀ ਬਲੈਕ ਪ੍ਰਿੰਸ’ ਦਾ ਜਲਵਾ*

# ਮਹਾਰਾਜਾ ਦਲੀਪ ਸਿੰਘ ਦੀ ਅਣਕਹੀ-ਅਣਸੁਣੀ ਦਾਸਤਾਨ ਨੇ ਚੰਡੀਗੜ੍ਹੀਆਂ ਨੂੰ ਟੁੰਬਿਆ




**ਚੰਡੀਗੜ੍ਹ/ਬਿਊਰੋ ਨਿਊਜ਼ :**
ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ ਸ਼ੁੱਕਰਵਾਰ ਨੂੰ ਰਿਲੀਜ਼ ਹੋਈ ਫ਼ਿਲਮ ‘ਦੀ ਬਲੈਕ ਪ੍ਰਿੰਸ’ ਨੇ ਸਿੱਖ ਇਤਿਹਾਸ ਨੂੰ ਵੱਡੇ ਪਰਦੇ ’ਤੇ ਸਜੀਵ ਕਰ ਦਿੱਤਾ। ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਹਾਲੀਵੁੱਡ ਫ਼ਿਲਮ ਨੇ ਚੰਡੀਗੜ੍ਹ ਦੇ ਦਰਸ਼ਕਾਂ ਨੂੰ ਵੀ ਟੁੰਬ ਲਿਆ। ਕੇ.ਆਰ ਫ਼ਿਲਮ ਐਂਡ ਸਟੂਡੀਓਜ਼, ਲਾਸ ਏਂਜਲਸ ਦੇ ਪੰਜਾਬੀ ਮੂਲ ਦੇ ਫ਼ਿਲਮਸਾਜ਼ ਕਵੀ ਰਾਜ਼ ਵਲੋਂ ਨਿਰਦੇਸ਼ਤ ਅਤੇ ਲਿਖਤ ‘ਦਿ ਬਲੈਕ ਪ੍ਰਿੰਸ’ ਪੰਜਾਬ ਰਿਆਸਤ ਦੇ ਆਖ਼ਰੀ ਵਾਰਸ ਮਹਾਰਾਜਾ ਦਲੀਪ ਸਿੰਘ ਦੇ ਜੀਵਨ ’ਤੇ ਆਧਾਰਤ ਹੈ। ਮਹਾਰਾਜਾ ਦਲੀਪ ਸਿੰਘ ਦੀ ਅਣਕਹੀ-ਅਣਸੁਣੀ ਦਾਸਤਾਨ ਨੂੰ ਕਵੀ ਰਾਜ਼ ਨੇ ਪਰਦੇ ’ਤੇ ਬਾਖ਼ੂਬੀ ਰੂਪਮਾਨ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਮਹਿਜ਼ 5 ਵਰ੍ਹਿਆਂ ਦੀ ਉਮਰ ਵਿਚ ਹੀ ਆਪਣੀ ਮਾਂ ਮਹਾਰਾਣੀ ਜਿੰਦਾਂ, ਆਪਣੀ ਰਿਆਸਤ ਤੋਂ ਦੂਰ ਲਿਜਾ ਕੇ ਬਰਤਾਨੀਆ ਲਿਜਾਇਆ ਜਾਂਦਾ ਹੈ। ਉਥੇ ਉਹ ਮਹਾਰਾਣੀ ਵਿਕਟੋਰੀਆ ਦੀ ਛਤਰ-ਛਾਇਆ ਹੇਠ ਪਲਦੇ ਹਨ ਤੇ ਉਨ੍ਹਾਂ ਨੂੰ ਇਸਾਈ ਧਰਮ ਕਬੂਲ ਕਰਵਾਇਆ ਜਾਂਦਾ ਹੈ। ਫੇਰ 13 ਵਰ੍ਹਿਆਂ ਬਾਅਦ ਉਹ ਆਪਣੀ ਮਾਂ (ਜਿਸ ਦਾ ਕਿਰਦਾਰ ਉੱਘੀ ਬਾਲੀਵੁੱਡ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਨਿਭਾਇਆ ਹੈ) ਨੂੰ ਮਿਲਦੇ ਹਨ ਤੇ ਮੁੜ ਆਪਣੇ ਵਤਨ ਦੀਆਂ ਜੜ੍ਹਾਂ ਨਾਲ ਜੁੜਨ ਦੀ ਤਾਂਘ ਉਨ੍ਹਾਂ ਅੰਦਰ ਪੈਦਾ ਹੁੰਦੀ

**ਬਾਕੀ ਸਫ਼ਾ 32 ’ਤੇ**

## ਪਾਠਕਾਂ ਦੇ ਨਾਂ

ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦੇ ਅਣਫਰੋਲੇ ਵਰਕਿਆਂ ਪਿੱਛੇ ਛੁਪੇ ਪਹਿਲੂਆਂ ਨੂੰ ਇਤਿਹਾਸਕ ਤੱਥਾਂ ਸਮੇਤ ਪੇਸ਼ ਕਰਦੀ ਦਾ ਬਲੈਕ ਪ੍ਰਿੰਸ ਫਿਲਮ ਨੂੰ ਦੁਨੀਆਂ ਭਰ ਵਿੱਚ ਕੇਵਲ ਸਿੱਖਾਂ ਵਲੋਂ ਹੀ ਨਹੀਂ ਬਲਕਿ ਸਾਰੇ ਭਾਈਚਾਰਿਆਂ ਦੇ ਲੋਕਾਂ/ਦਰਸ਼ਕਾਂ, ਵਿਦਵਾਨ ਹਲਕਿਆਂ, ਸਿੱਖ ਆਗੂਆਂ, ਚਿੰਤਕਾਂ, ਫਿਲਮ ਖੇਤਰ ਦੀਆਂ ਉੱਘੀਆਂ ਹਸਤੀਆਂ, ਫਿਲਮ ਨਿਰੀਖਕਾਂ, ਥੀਏਟਰ ਤੇ ਕਲਾ ਖੇਤਰ ਦੀਆਂ ਨਾਮੀ ਹਸਤੀਆਂ, ਅਖ਼ਬਾਰਾਂ, ਟੀਵੀ ਚੈਨਲਾਂ, ਫੇਸਬੁੱਕ ਸਮੇਤ ਸ਼ੋਸ਼ਲ ਮੀਡੀਆ ਖ਼ਾਸ ਨੌਜਵਾਨ ਸਿੱਖ ਪੀੜ੍ਹੀ ਵਲੋਂ ਮਿਲੇ ਬੇਮਿਸਾਲ ਹੁੰਗਾਰੇ ਨੂੰ ਧਿਆਨ ਵਿੱਚ ਰਖਦਿਆਂ ਅਸੀਂ ਕੌਮਾਂਤਰੀ ਅੰਮ੍ਰਿਤਸਰ ਦੇ ਇਸ ਅੰਕ ਨੂੰ ਵਿਸ਼ੇਸ਼ ਅੰਕ ਵਜੋਂ ਪਾਠਕਾਂ ਦੇ ਰੂਬਰੂ ਕਰਦੇ ਹੋਏ ਅਦਾਰੇ ਖ਼ਾਸ ਕਰ ਫਿਲਮ ਦੇ ਇਸ ਵੱਡੇ ਉੱਦਮ ਨੂੰ ਅਮਲੀ ਰੂਪ ਦੇਣ ਵਾਲੇ ਜਸਜੀਤ ਸਿੰਘ ਵਲੋਂ ਸਭਨਾਂ ਦੇ ਸ਼ੁਕਰਗੁਜ਼ਾਰ ਹਾਂ- *ਸੰਪਾਦਕ ਦਲਜੀਤ ਸਿਘ ਸਰਾਂ*

For Advertisements in Quomantry Amritsar Times Please Call :
Jai Singh
510-677-2777















# USA MOVIE LISTING



## THEATERS FOR WEEK OF JULY 28TH

| | | |
|---|---|---|
| Westgate 20 | Glendale | AZ |
| Sierra Vista Cinemas | Clovis | CA |
| Elk Grove Laguna 16 | Elk Grove | CA |
| Cine Grand Fremont 7 | Fremont | CA |
| Manchester Mall 16 | Fresno | CA |
| Lakewood 16 | Lakewood | CA |
| Serra Theatres | Milpitas | CA |
| Brenden 18 | Modesto | CA |
| Norwalk 20 | Norwalk | CA |
| Ontario Mills 30 | Ontario | CA |
| Roseville 14 | Roseville | CA |
| Fashion Valley 18 | San Diego | CA |
| Roxy Stadium 14 | Santa Rosa | CA |
| Movies 14 | Tracy | CA |
| Union City 25 | Union City | CA |
| Cinemark Yuba City 12 | Yuba City | CA |
| Spotlight Theatres Stadium 4 | Hartford | CT |
| Xscape Theatres Riverview 14 | Riverview | FL |
| Century Stratford Square 16 | Bloomingdale | IL |
| Barrington 30 | South Barrington | IL |
| Castleton Square 14 | Indianapolis | IN |
| Greenwood 8 | Indianapolis | IN |
| Studio 28 KC | Olathe | KS |
| Forum 30 | Sterling Heights | MI |
| Burlington Stadium 20 | Burlington | NJ |
| Brunswick Square Cinema | East Brunswick | NJ |
| BIG Cinemas Movie City 8 | Edison | NJ |
| Jersey Gardens 20 | Elizabeth | NJ |
| Columbia Park Stadium 12 | North Bergen | NJ |
| Commerce Center Stadium | North Brunswick | NJ |
| Village Square Stadium 18 | Las Vegas | NV |
| Bombay 1 | Fresh Meadows | NY |
| Jamaica Multiplex | Jamaica | NY |
| South Hills Mall 8 | Poughkeepsie | NY |
| Solon 16 | Solon | OH |
| Marketplace Oaks Stadium | Oaks | PA |
| Studio 30 Houston | Houston | TX |
| Memorial City 16 | Houston | TX |
| Funasia Richardson | Richardson | TX |
| Century Federal Way | Federal Way | WA |

UPDATED LISTING AT www.theblackprince.com



# ਭਾਈ ਸਤਿੰਦਰ ਸਿੰਘ ਭੋਲਾ ਦੀ ਬਰਸੀ ਮਨਾਈ



**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ, ਮਿਲਪੀਟਸ ਵਿਖੇ ਭਾਈ ਸਤਵਿੰਦਰ ਸਿੰਘ ਭੋਲਾ ਦੀ ਦੂਸਰੀ ਬਰਸੀ ਮਨਾਈ ਗਈ। ਜ਼ਿਕਰਯੋਗ ਹੈ ਕਿ ਭਾਈ ਸਤਵਿੰਦਰ ਸਿੰਘ ਭੋਲਾ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ਸ਼ੀਲ ਬਾਪੂ ਸੂਰਤ ਸਿੰਘ ਦੇ ਜਵਾਈ ਸਨ। ਪਰਿਵਾਰ ਵਲੋਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਆਪਣੇ ਗ੍ਰਹਿ ਵਿਖੇ ਸ੍ਰੀ ਸਹਿਜ ਪਾਠ ਕੀਤਾ ਗਿਆ। ਇਸ ਸ਼ਰਧਾਂਜਲੀ ਸਮਾਗਮ ਵਿਚ ਸ. ਜਸਜੀਤ ਸਿੰਘ, 'ਟਾਕਿੰਗ ਪੰਜਾਬ' ਤੋਂ ਪੱਤਰਕਾਰ ਸੁਰਿੰਦਰ ਸਿੰਘ, ਡਾ. ਪ੍ਰਿਤਪਾਲ ਸਿੰਘ, ਸ. ਜਸਵਿੰਦਰ ਸਿੰਘ ਜੰਡੀ ਨੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਸ. ਜਸਵੰਤ ਸਿੰਘ ਹੋਠੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਭਾਈ ਸਤਵਿੰਦਰ ਸਿੰਘ ਭੋਲਾ ਦੇ ਪਰਿਵਾਰਕ ਮੈਂਬਰਾਂ ਵਲੋਂ ਰਸ ਭਿੰਨੀ ਰਸਨਾ ਵਿਚ ਵੈਰਾਗਮਈ ਸ਼ਬਦ ਕੀਰਤਨ ਕੀਤਾ ਗਿਆ। ਸਮੂਹ ਬੁਲਾਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਉਨ੍ਹਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

# ਸਮਾਜ ਸੇਵੀ ਡਾ. ਮਹਿੰਦਰ ਸਿੰਘ ਮਦਾਨ ਦਾ ਅਕਾਲ ਚਲਾਣਾ

## *ਸਸਕਾਰ ਤੇ ਅੰਤਮ ਅਰਦਾਸ 29 ਜੁਲਾਈ ਸ਼ਨਿਚਰਵਾਰ ਨੂੰ*

**ਫਰੀਮੌਂਟ/ਬਿਊਰੋ ਨਿਊਜ਼:** ਸਿੱਖ ਭਾਈਚਾਰੇ ਦੀ ਉੱਘੀ ਹਸਤੀ ਅਤੇ ਸਮਾਜ ਸੇਵੀ ਡਾ.ਮਹਿੰਦਰ ਸਿੰਘ ਮਦਾਨ ਨਹੀਂ ਰਹੇ। ਉਹ 22 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ। ਡਾ. ਮੈਦਾਨ ਦਾ ਜਨਮ 20 ਜੂਨ 1933 ਭਾਰਤ ਦੀ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਗੁਜਰਾਂਵਾਲਾ ਇਲਾਕੇ ਵਿੱਚ ਚੰਗੇ ਕਾਰੋਬਾਰੀ ਘਰਾਣੇ ਵਿੱਚ ਹੋਇਆ। ਦੇਸ਼ ਦੀ ਵੰਡ ਸਮੇਂ ਝੱਲੀਆਂ ਅਸਹਿ ਔਕੜਾਂ ਨੇ ਉਨ੍ਹਾਂ ਨੂੰ ਜਿੰਦਗੀ ਵਿੱਚ ਸਖ਼ਤ ਮਿਹਨਤ, ਸਿਰੜ ਅਤੇ ਨਿਸ਼ਾਨੇ ਵਲ ਵਧਣ ਦਾ ਬਲ ਬਖ਼ਸ਼ਿਆ। ਉਹ ਆਮ ਜਿੰਦਗੀ ਵਿੱਚ ਉਹ ਬੜੇ ਹਸਮੁੱਖ ਅਤੇ ਮਿਲਣਸਾਰ ਸਨ। ਡਾ. ਮਦਾਨ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਬੜੇ ਉੱਚੇ ਅਹੁਦਿਆਂ ਉੱਤੇ ਕੰ ਕੀਤਾ। ਉਹ ਸਿੱਖ ਧਰਮ ਪ੍ਰਤੀ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰਨ, ਭਾਈਚਾਰੇ ਦੀ ਬੇਹਤਰੀ ਅਤੇ ਪੰਜਾਬੀ ਬੋਲੀ ਦੇ ਪਸਾਰ ਲਈ ਆਖ਼ਰੀ ਦਮ ਤੱਕ ਸਰਗਰਮ ਰਹੇ।



ਡਾ. ਮਹਿੰਦਰ ਸਿੰਘ ਮਦਾਨ ਨਮਿਤ ਸ੍ਰੀ ਆਖੰਡ ਪਾਠ ਸਾਹਿਬ 27 ਜੁਲਾਈ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਬਾਅਦ ਦੁਪਹਿਰ 1:00 ਵਜੇ ਆਰੰਭ ਹੋਣਗੇ। ਅੰਤਮ ਸੰਸਕਾਰ ਚੈਪਲ ਆਫ਼ ਚਾਈਮਜ਼ ਹੇਵਰਡ (Chapel of Chimes (Mission Hall), Hayward) ਵਿਖੇ 29 ਜੁਲਾਈ ਸ਼ਨਿਚਰਵਾਰ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 11:30 ਵਜੇ ਤੱਕ ਹੋਵੇਗਾ । ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਬਾਅਦ ਦੁਪਹਿਰ 1:00 ਵਜੇ ਤੋਂ 3:00 ਵਜੇ ਤੱਕ ਹੋਵੇਗੀ।

# ਨਾਸਾ ਦੀ ਖੋਜਕਰਤਾ ਸਿਮਰਨਜੀਤ ਗਰੇਵਾਲ ਨਸਲੀ ਅਪਰਾਧ ਦਾ ਸ਼ਿਕਾਰ, ਫੋਨ ਕਰਨ 'ਤੇ ਵੀ ਨਹੀਂ ਬਹੁੜੀ ਪੁਲੀਸ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਕੇਂਦਰੀ ਕੈਲੀਫੋਰਨੀਆ ਵਿਚ ਨਾਸਾ ਦੀ ਖੋਜਕਰਤਾ ਸਿਮਰਨਜੀਤ ਗਰੇਵਾਲ ਨੂੰ18 ਜੁਲਾਈ ਦੀ ਸਵੇਰ ਉਸ ਵੇਲੇ ਨਸਲੀ ਅਪਰਾਧ ਦਾ ਸ਼ਿਕਾਰ ਹੋ ਗਈ, ਜਦੋਂ ਉਹ ਯੂ.ਸੀ. ਮਰਸਡ ਵਿਖੇ ਆਪਣੇ ਕੰਮ 'ਤੇ ਜਾ ਰਹੀ ਸੀ। ਨਸਲੀ ਹਮਲੇ ਦਾ ਸ਼ਿਕਾਰ ਹੋਈ ਭਾਰਤੀ ਮੂਲ ਦੀ ਅਮਰੀਕਨ ਸਿਮਰਨਜੀਤ ਗਰੇਵਾਲ ਆਪਣੇ ਟਰਲੱਕ ਨੇੜਲੇ ਛੋਟੇ ਜਿਹੇ ਕਸਬੇ ਡੈਨਏਅਰ ਸਥਿਤ ਘਰੋਂ ਕਾਰ 'ਤੇ ਜਾ ਰਹੀ ਸੀ ਕਿ ਪੈਦਲ ਜਾ ਰਹੇ ਇਕ ਵਿਅਕਤੀ ਨੇ ਗਰੇਵਾਲ ਦੀ ਕਾਰ 'ਤੇ ਪੱਥਰ ਮਾਰਿਆ, ਜਿਸ ਨਾਲ ਉਸ ਦੇ ਦੂਜੀ ਸਾਈਡ ਵਾਲਾ ਸ਼ੀਸ਼ਾ ਟੁੱਟ ਗਿਆ। ਪੱਥਰ ਗਰੇਵਾਲ ਦੀ ਲੱਤ 'ਤੇ ਲੱਗਣ ਕਾਰਨ ਉਸ ਨੂੰ ਕਾਫੀ ਸੱਟ ਲੱਗੀ। ਸ਼ੀਸ਼ਾ ਇਨਾ ਜ਼ੋਰ ਨਾਲ ਟੁੱਟਾ ਸੀ ਕਿ ਉਸ ਦਾ ਕੱਚ ਗਰੇਵਾਲ ਦੇ ਸਿਰ ਅਤੇ ਸਰੀਰ 'ਤੇ ਲਗ ਗਿਆ। ਗਰੇਵਾਲ ਅਨੁਸਾਰ ਪੱਥਰ ਮਾਰਨ ਲਗਿਆ ਵਿਅਕਤੀ ਨੇ ਉਚੀ ਆਵਾਜ਼ ਵਿਚ ਕਿਹਾ ਕਿ ਆਪਣੇ ਦੇਸ਼ ਵਾਪਸ ਜਾਓ। ਜਦੋਂ ਗਰੇਵਾਲ ਨੇ ਕਾਰ ਰੋਕੀ ਤਾਂ ਉਹ ਵਿਅਕਤੀ ਉਥੋਂ ਭੱਜ ਗਿਆ। ਉਹ ਦੇਖਣ ਨੂੰ 5 ਫੁੱਟ 10 ਇੰਚ ਲੰਮਾ ਸੀ, ਭਾਰਾ ਜਿਹਾ ਤੇ ਭੂਰੇ ਵਾਲਾਂ ਵਾਲਾ ਸੀ। ਉਸ ਨੇ ਦੱਸਿਆ ਕਿ ਉਸ ਨੇ ਉਸ ਵਿਅਕਤੀ ਨੂੰ ਪਹਿਲਾਂ ਕਦੀ ਨੇ ਦੇਖਿਆ ਪਰ ਲਗਦਾ ਹੈ ਕਿ ਉਸ ਨੇ ਉਸ ਨੂੰ ਵੇਖ ਕੇ ਨਿਸ਼ਾਨਾ ਬਣਾਇਆ ਕਿਉਂਕਿ ਉਹ ਰੋਜ਼ ਇਸੇ ਸੜਕ ਤੋਂ ਜਾਂਦੀ ਹੈ। ਗਰੇਵਾਲ ਨੇ ਕਿਹਾ, 'ਮੈਨੂੰ ਬਹੁਤ ਸਦਮਾ ਲੱਗਾ ਕਿ ਇਕ ਮਨੁੱਖ ਹੋ ਕੇ ਉਹ ਕਿਸ ਤਰ੍ਹਾਂ ਮੇਰੇ ਨਾਲ ਵਿਹਾਰ ਕਰ ਰਿਹਾ ਹੈ।' ਗਰੇਵਾਲ ਦਾ ਕਹਿਣਾ ਹੈ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਸ ਨੂੰ ਨਸਲੀ ਹਿੰਸਾ ਦਾ ਨਿਸ਼ਾਨਾ ਬਣਾਇਆ। ਉਸ ਨੇ ਦੱਸਿਆ, 'ਟਰਲੱਕ ਵਿਚ ਭਾਰਤੀਆਂ ਦੀ ਕਾਫ਼ੀ ਆਬਾਦੀ ਹੈ ਤੇ ਉਥੇ ਨਸਲੀ ਅਪਰਾਧ ਇਸ ਹੱਦ ਤੱਕ ਨਹੀਂ ਹੈ ਪਰ ਦੇਸ਼ ਭਰ ਵਿਚ ਭਾਰਤੀਆਂ 'ਤੇ ਨਸਲੀ ਹਮਲੇ ਹੁੰਦੇ ਰਹਿੰਦੇ ਹਨ ਤੇ ਮੌਜੂਦਾ ਸਿਆਸੀ ਮਾਹੌਲ ਵੀ ਕੋਈ ਮਦਦਗਾਰ ਸਿੱਧ ਨਹੀਂ ਹੋ ਰਿਹਾ। 26 ਸਾਲਾ ਪੀ.ਐਚ.ਡੀ. ਦੀ ਵਿਦਿਆਰਥਣ ਨੇ ਦੱਸਿਆ ਕਿ ਉਹ 911 'ਤੇ ਫੋਨ ਕਰ ਰਹੀ ਸੀ ਤੇ ਨਾਲੇ ਆਪਣੇ ਸਰੀਰ 'ਤੇ ਲੱਗੇ ਸ਼ੀਸ਼ੇ ਲਾਹ ਰਹੀ ਸੀ। 911 ਵਾਲੇ ਨੇ ਅੱਗਿਓਂ ਗਰੇਵਾਲ ਨੂੰ ਕਿਹਾ ਕਿ ਘਟਨਾ ਵਾਲੀ ਜਗਾਹ 'ਤੇ ਪਹੁੰਚਣ ਲਈ ਇਕ ਅਫਸਰ ਨੂੰ ਇਕ ਘੰਟਾ ਲਗੇਗਾ ਇਸ ਲਈ ਤੁਸੀਂ ਆਪਣੀ ਕਾਰ ਨਾਲ ਉਥੇ ਹੀ ਰਹੋ। ਇਹ ਸੁਣ ਕੇ ਗਰੇਵਾਲ ਬਹੁਤ ਡਰ ਗਈ। ਉਸ ਦਾ ਕਹਿਣਾ ਸੀ ਕਿ ਇਸ ਦੇਸ਼ ਵਿਚ ਕਈ ਲੋਕਾਂ ਕੋਲ ਆਮ ਹੀ ਪਿਸਤੌਲਾਂ ਹਨ। ਜਦੋਂ ਉਸ ਵਿਅਕਤੀ ਨੇ ਸ਼ੀਸ਼ਾ ਤੋੜਿਆ ਤਾਂ ਮੈਨੂੰ ਇਕ ਵਾਰ ਲੱਗਾ ਕਿ ਉਹ ਮੇਰੇ ਕੋਲ ਆਵੇਗਾ ਤੇ ਮੈਨੂੰ ਗੋਲੀ ਮਾਰ ਦੇਵੇਗਾ। ਹੱਦ ਤਾਂ ਉਦੋਂ ਹੋ ਗਈ ਜਦੋਂ ਗਰੇਵਾਲ ਵਲੋਂ ਇਕ ਘੰਟਾ ਉਡੀਕ ਕਰਨ ਦੇ ਬਾਵਜੂਦ ਕੋਈ ਪੁਲੀਸ ਵਾਲਾ ਨਹੀਂ ਪਹੁੰਚਿਆ, ਜਿਸ 'ਤੇ ਗਰੇਵਾਲ ਨੇ ਫਿਰ 911 'ਤੇ ਫੋਨ ਕੀਤਾ ਤੇ ਫਿਰ ਉਹ ਜਵਾਬ ਮਿਲਿਆ ਕਿ ਅਫਸਰ ਨੂੰ ਪਹੁੰਚਣ ਲਈ ਇਕ ਹੋਰ ਘੰਟਾ ਲਗੇਗਾ ਕਿਉਂਕਿ ਸਾਰੇ ਅਫਸਰ ਵੱਡੇ ਸੜਕ ਹਾਦਸੇ ਵਾਲੀ ਥਾਂ 'ਤੇ ਗਏ ਹੋਏ ਹਨ। ਉਸ ਨੇ ਦੱਸਿਆ ਕਿ ਉਸ ਦੀ ਮਦਦ ਕਰਨ ਲਈ ਕੋਈ ਨਹੀਂ ਬਹੁੜਿਆ। ਆਖਰ ਮੈਨੂੰ ਦੱਸਿਆ ਗਿਆ ਕਿ ਤੁਸੀਂ ਘਰ ਜਾਓ ਤੇ ਕਾਊਂਟੀ ਸ਼ੈਰਿਫ ਵਿਭਾਗ ਕੋਲ ਆਨਲਾਈਨ ਰਿਪੋਰਟ ਦਾਇਰ ਕਰਵਾਉ, ਜਿਸ ਦਾ ਜਵਾਬ ਆਇਆ ਕਿ ਤੁਹਾਨੂੰ 3 ਦਿਨ ਵਿਚ ਜਵਾਬ ਮਿਲੇਗਾ। ਸਾਰਜੈਂਟ ਐਨਥਨੀ ਬੇਜਰਨ ਨੇ ਕਿਹਾ ਕਿ ਉਸ ਨੂੰ ਇਸ ਘਟਨਾ ਦੀ ਜਾਣਕਾਰੀ ਨਹੀਂ ਹੈ ਤੇ ਉਸ ਨੂੰ ਹੋਰ ਵਿਸਥਾਰ ਜਾਣਨ ਦੀ ਜ਼ਰੂਰਤ ਹੈ। ਮੌਕੇ ਤਾਂ ਕਿਸੇ ਅਫ਼ਸਰ ਦੇ ਨਾ ਪੁੱਜਣ 'ਤੇ ਉਸ ਨੇ ਕਿਹਾ ਕਿ ਇਹ ਕਾਲਾਂ 'ਤੇ ਨਿਰਭਰ ਕਰਦਾ ਹੈ ਕਿਉਂਕਿ ਕਈ ਵਾਰ ਜ਼ਿਆਦਾ ਐਮਰਜੈਂਸੀ ਵਾਲੀਆਂ ਕਾਲਾਂ ਨੂੰ ਤਰਜੀਹ ਦੇਣੀ ਪੈਂਦੀ ਹੈ। ਉਸ ਨੇ ਕਿਹਾ ਕਿ ਉਹ ਮਾਮਲੇ ਦੀ ਘੋਖ ਕਰ ਰਿਹਾ ਹੈ।




CHAAT BHAVAN® RESTAURANT

CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐੱਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM



SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE $40
OIL CHANGE AND ANY SYNTHETIC BOX CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਸਿੱਖ ਰੈਫਰੈਂਸ ਲਾਇਬਰੇਰੀ ਬਾਰੇ ਕੇਂਦਰ ਦੇ ਮੱਠੇ ਹੁੰਗਾਰੇ ਤੋਂ ਸ਼੍ਰੋਮਣੀ ਕਮੇਟੀ 'ਨਿਰਾਸ਼'

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਰਬਾਰ ਸਾਹਿਬ ਸਮੂਹ ਵਿੱਚ ਸਥਾਪਤ ਸਿੱਖ ਰੈਫਰੈਂਸ ਲਾਇਬਰੇਰੀ ਜਿਹੜੀ 1984 ਦੇ ਫ਼ੌਜੀ ਹਮਲੇ ਸਮੇਂ ਸਾੜ ਦਿੱਤੀ ਗਈ ਸੀ, ਦੀ ਸਮੱਗਰੀ ਵਾਪਸ ਕਰਨ ਸਬੰਧੀ ਕੇਂਦਰ ਦੇ ਮੱਠੇ ਹੁੰਗਾਰੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਨਿਰਾਸ਼' ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਕੇਂਦਰ ਵਿੱਚ ਸਰਕਾਰ ਹੋਣ ਦੇ ਬਾਵਜੂਦ ਕਮੇਟੀ ਦੀ ਮੰਗ ਦੀ ਪੂਰਤੀ ਸਬੰਧੀ ਖ਼ਾਸ ਹੁੰਗਾਰਾ ਨਹੀਂ ਮਿਲਿਆ ਹੈ। ਇਸ ਸਬੰਧੀ ਸੂਚਨਾ ਅਧਿਕਾਰ ਐਕਟ ਤਹਿਤ ਕੇਂਦਰ ਸਰਕਾਰ ਕੋਲੋਂ ਜਾਣਕਾਰੀ ਮੰਗੀ ਗਈ ਸੀ, ਜਿਸ ਦੇ ਜਵਾਬ ਵਿੱਚ ਕੇਂਦਰ ਸਰਕਾਰ ਨੇ ਕਿਹਾ ਕਿ ਫ਼ੌਜੀ ਹਮਲੇ ਸਮੇਂ ਦਾ ਕੋਈ ਸਾਮਾਨ ਕੇਂਦਰ ਸਰਕਾਰ ਕੋਲ ਨਹੀਂ ਹੈ। ਇਹ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ 33 ਸਾਲ ਤੋਂ ਲਗਾਤਾਰ ਇਸ ਸਮੱਗਰੀ ਦੀ ਵਾਪਸੀ ਦੀ ਮੰਗ ਕੀਤੀ ਜਾ ਰਹੀ ਹੈ।


ਭਾਈ ਗੁਰਦਾਸ ਹਾਲ ਨੇੜੇ ਪ੍ਰਸਤਾਵਿਤ ਸਕੂਲ ਦੀ ਇਮਾਰਤ ਜਿੱਥੇ ਸਿੱਖ ਰੈਫਰੈਂਸ ਲਾਇਬਰੇਰੀ ਸਥਾਪਤ ਕੀਤੀ ਜਾਣੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਇਹ ਗੱਲ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਲਾਇਬਰੇਰੀ ਦੀ ਸਮੱਗਰੀ ਫ਼ੌਜ ਲੈ ਗਈ ਸੀ ਤੇ ਇਸ ਦੇ ਕਈ ਗਵਾਹ ਵੀ ਸਨ। ਹਾਲ ਹੀ ਵਿੱਚ ਇਸ ਸਬੰਧੀ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕਰ ਕੇ ਮੰਗ ਪੱਤਰ ਦਿੱਤਾ ਗਿਆ ਸੀ, ਜਿਹੜਾ ਅਗਲੀ ਕਾਰਵਾਈ ਲਈ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਗਿਆ ਸੀ। ਇਹ ਮਾਮਲਾ ਹੁਣ ਨਵੇਂ ਰਾਸ਼ਟਰਪਤੀ ਕੋਲ ਵੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਦਰਬਾਰ ਸਮੂਹ ਤੋਂ ਬਾਹਰ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ, ਜਿਥੇ ਇਸ ਦੀ ਪੁਰਾਣੀ ਸ਼ਾਨ ਨੂੰ ਬਹਾਲ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਇਹ ਵੀ ਦਾਅਵਾ ਕੀਤਾ ਜਾ ਚੁੱਕਿਆ ਹੈ ਕਿ ਸਾਰਾ ਸਾਮਾਨ ਸ਼੍ਰੋਮਣੀ ਕਮੇਟੀ ਨੂੰ ਮੋੜ ਦਿੱਤਾ ਗਿਆ ਸੀ ਅਤੇ ਵਾਪਸ ਕੀਤੇ ਸਾਮਾਨ ਦੀ ਵਸੂਲੀ ਸਬੰਧੀ ਕਮੇਟੀ ਅਧਿਕਾਰੀਆਂ ਦੇ ਦਸਤਖ਼ਤ ਵੀ ਹਨ। ਦੂਜੇ ਬੰਨੇ ਵਸੂਲੀ ਪੱਤਰ ਤੇ ਦਸਤਖ਼ਤ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਨੇ ਆਖਿਆ ਕਿ ਫ਼ੌਜੀ ਹਮਲੇ ਤੋਂ ਕੁਝ ਸਾਲ ਬਾਅਦ ਕੁਝ ਕਿਤਾਬਾਂ ਤੇ ਅਖ਼ਬਾਰ ਵਾਪਸ ਕੀਤੇ ਗਏ ਸਨ। ਸਾਮਾਨ ਦੀ ਵਸੂਲੀ ਵੇਲੇ ਲਾਇਬਰੇਰੀ ਇੰਚਾਰਜ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਨ ਸਿੰਘ ਵੱਲੋਂ ਵੀ ਦਸਤਖ਼ਤ ਕੀਤੇ ਗਏ ਸਨ। ਵਸੂਲੀ ਮਗਰੋਂ ਸੂਚੀ ਵਿੱਚ ਇਹ ਸ਼ਬਦ ਸ਼ਾਮਲ ਕਰ ਦਿੱਤੇ ਗਏ ਕਿ 'ਸਾਰਾ ਸਾਮਾਨ' ਵਾਪਸ ਕਰ ਦਿੱਤਾ ਗਿਆ। ਇਹ ਸ਼ਬਦ ਉਸ ਵੇਲੇ ਦਸਤਾਵੇਜ਼ ਵਿੱਚ ਨਹੀਂ ਸਨ, ਮਗਰੋਂ ਬਾਰੀਕ ਅੱਖਰਾਂ ਵਿੱਚ ਸ਼ਾਮਲ ਕੀਤੇ ਗਏ। ਇਸ ਕਾਰਵਾਈ ਦਾ ਉਸ ਵੇਲੇ ਵੀ ਵਿਰੋਧ ਕੀਤਾ ਗਿਆ ਸੀ।

# ਐਲ ਸੁਬਰਾਂਟੇ ਗੁਰੂ ਘਰ ਵਿਚ ਸੰਗਤਾਂ ਦੀ ਇਕੱਤਰਤਾ 'ਚ ਭਰਵੀਆਂ ਵਿਚਾਰਾਂ ਬਾਅਦ ਸਿੱਖ ਸੈਂਟਰ ਨਿਸ਼ਕਾਮ ਸੇਵਾ ਸੰਗਤ ਕਮੇਟੀ ਕਾਇਮ

**ਐਲ ਸੁਬਰਾਂਟੇ/ਬਿਊਰੋ ਨਿਊਜ਼:** ਸਿੱਖ ਸੈਂਟਰ ਐਲ ਸੁਬਰਾਂਟੇ ਦੀ ਸਮੂਹ ਸੰਗਤ ਵੱਲੋਂ ਤਿੰਨ ਹਫ਼ਤੇ ਲਗਾਤਾਰ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿਚ ਸੰਗਤ ਵੱਲੋਂ ਬਹੁਤ ਸਾਰੇ ਮਸਲੇ ਵਿਚਾਰੇ ਗਏ ਜਿਨ੍ਹਾਂ ਵਿਚ ਸਭ ਤੋਂ ਵੱਧ ਸੰਗਤ ਨੇ ਸ਼ਾਂਤੀ ਬਣਾਈ ਰੱਖਣ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਲਈ ਵਿਚਾਰਾਂ ਕੀਤੀਆਂ ਗਈਆਂ।

ਗੁਰਦੁਆਰਾ ਸਾਹਿਬ ਵਿਚ ਲਗਾਤਾਰ ਲੜਾਈ ਝਗੜੇ ਹੋਣ ਕਰਕੇ ਅਤੇ ਪੁਲਿਸ ਆਉਣ ਕਰਕੇ ਛੋਟੇ ਬੱਚੇ ਡਰਦੇ ਨਹੀਂ ਆ ਰਹੇ ਅਤੇ ਵੱਡੇ ਬੱਚੇ ਦੋਵਾਂ ਧਿਰਾਂ ਦੀ ਮਦਦ ਵਾਸਤੇ ਆ ਰਹੇ ਹਨ। ਇਸ ਲਈ ਸੰਗਤ ਨੇ ਆਪ ਹੰਭਲਾ ਮਾਰ ਕੇ ਸੰਗਤ ਦੀ ਇਕ ਸੰਸਥਾ ਬਣਾਈ ਹੈ ਜਿਸ ਦਾ ਨਾਮ ਸਿੱਖ ਸੈਂਟਰ ਨਿਸ਼ਕਾਮ ਸੇਵਾ ਸੰਗਤ ਕਮੇਟੀ ਹੈ। ਸੰਗਤ ਨੇ ਫੈਸਲਾ ਕੀਤਾ ਹੈ ਕਿ ਪਿਛਲੇ 4-5 ਸਾਲਾਂ ਤੋਂ ਜੋ ਗੁਰੂ ਘਰ ਦਾ ਮਾਹੌਲ ਹੈ ਸਭ ਦੇ ਸਾਹਮਣੇ ਹੈ ਕਿੰਨੀ ਵਾਰ ਲੜਾਈ ਹੋਈ ਅਤੇ ਪੱਗਾਂ ਲੱਥੀਆਂ ਅਤੇ ਪੁਲਿਸ ਆਈ ਹੈ। ਪਿਛਲੀ ਕਮੇਟੀ ਵੇਲੇ ਹਰ ਮਹੀਨੇ ਗੁਰੂ ਘਰ ਦਾ ਹਿਸਾਬ ਕਿਤਾਬ ਨੋਟਿਸ ਬੋਰਡ ਤੇ ਲਗਾਇਆ ਜਾਂਦਾ ਸੀ ਅਤੇ ਸੰਗਤ ਵਾਸਤੇ ਉਪਲਬਧ ਸੀ। ਪਰ ਹੁਣ ਵਾਲੀ ਕਮੇਟੀ ਵੱਲੋਂ ਕੋਈ ਵੀ ਹਿਸਾਬ ਕਿਤਾਬ ਨਹੀਂ ਦਿੱਤਾ ਜਾ ਰਿਹਾ। ਸੋ ਸੰਗਤ ਵੱਲੋਂ ਸਮੂਹਕ ਰੂਪ ਵਿਚ ਵਾਹਿਗੁਰੂ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਸੰਗਤ ਵਿਚੋਂ 7 ਨਾਮ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਕੋਈ ਵੀ ਸਿੰਘ ਕਦੀ ਵੀ ਸੁਪਰੀਮ ਕੌਂਸਲ ਜਾਂ ਪ੍ਰਬੰਧਕ ਕਮੇਟੀ ਦਾ ਮੈਂਬਰ ਨਹੀਂ ਬਣੇਗਾ। ਇਹ ਸਿੰਘ ਹਨ ਭਾਈ ਕਰਨਵੀਰ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਜਸਪਾਲ ਸਿੰਘ, ਭਾਈ ਸਤਨਾਮ ਸਿੰਘ, ਭਾਈ ਜਗਤਾਰ ਸਿੰਘ ਅਤੇ ਭਾਈ ਰਣਜੀਤ ਸਿੰਘ ਰਾਏ। ਸੰਗਤ ਨੇ ਇਹ ਸੱਤ ਨਾਮਾਂ ਨੂੰ ਇਕ ਫਾਊਂਡੇਸ਼ਨ ਵੱਜੋਂ ਮਾਨਤਾ ਦਿੱਤੀ ਹੈ। ਸੰਗਤ ਵੱਲੋਂ ਹੇਠ ਲਿਖੇ ਮਤੇ ਪ੍ਰਵਾਨ ਕੀਤੇ ਗਏ।

1.ਸੁਪਰੀਮ ਕੌਂਸਲ ਅਤੇ ਪ੍ਰਬੰਧਕ ਕਮੇਟੀ, ਨਿਸ਼ਕਾਮ ਸੇਵਾ ਸੰਗਤ ਵਿਚੋਂ ਹੀ ਲਏ ਜਾਣਗੇ।

2.ਸਿੱਖ ਸੈਂਟਰ ਨਿਸ਼ਕਾਮ ਸੇਵਾ ਸੰਗਤ ਵੱਲੋਂ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਕਿ ਆਉ ਅਤੇ ਗੁਰੂ ਘਰ ਦਾ ਪ੍ਰਬੰਧ ਸੰਭਾਲੋ।

3.ਸਮੂਹ ਸੰਗਤ ਨੂੰ ਬੇਨਤੀ ਹੈ ਕਿ ਨਿਸ਼ਕਾਮ ਸੇਵਾ ਸੰਗਤ ਦੇ ਮੈਂਬਰ ਬਣੋ ਚਾਹੇ ਅਮ੍ਰਿਤਧਾਰੀ ਹੈ ਜਾਂ ਸਹਿਜਧਾਰੀ।

4;ਸਮੂਹ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਉ ਅਤੇ ਸਿੱਖ ਸੈਂਟਰ ਨਿਸ਼ਕਾਮ ਸੇਵਾ ਸੰਗਤ ਕਮੇਟੀ ਵਿੱਚ ਸ਼ਾਮਲ ਹੋਵੋ ਤਾਂ ਜੋ ਆਪਣੇ ਗੁਰੂ ਘਰ ਵਿਚੋਂ ਆਪਾ ਇਕੱਠੇ ਹੋ ਕਿ ਲੜਾਈ ਝਗੜੇ ਮੁਕਾ ਸਕੀਏ।

ਸਿੱਖ ਸੈਂਟਰ ਨਿਸ਼ਕਾਮ ਸੇਵਾ ਸੰਗਤ ਕਮੇਟੀ ਵਲੋਂ ਲਿਖਤੀ ਤੌਰ ਉੱਤੇ ਜਾਣਕਾਰੀ ਅਨੁਸਾਰ ਮੈਂਬਰ ਬਣਨ ਲਈ ਤੁਸੀਂ ਭਾਈ ਜੋਗਿੰਦਰ ਸਿੰਘ (ਫੋਨ ਨੰ. 510-224-7009) ਅਤੇ ਭਾਈ ਸਨਤਾਮ ਸਿੰਘ (ਫੋਨ ਨੰ. 510-543-3778) ਨਾਲ ਸੰਪਰਕ ਕਰ ਸਕਦੇ ਹੋ।

# 'ਆਪ' ਦੇ ਨਵ ਨਿਯੁਕਤ ਇੰਚਾਰਜ ਕੰਵਰਪ੍ਰੀਤ ਕਾਕੀ ਨੇ ਹਰਿਮੰਦਰ ਸਾਹਿਬ ਸ਼ੁਕਰਾਨਾ ਅਦਾ ਕੀਤਾ


ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਜਾਂਦੇ ਹੋਏ 'ਆਪ' ਦੇ ਨਵ ਨਿਯੁਕਤ ਆਗੂ।

**ਅੰਮ੍ਰਿਤਸਰ/ਬਿਊਰੋ ਨਿਊਜ਼ :** 'ਆਪ' ਦੇ ਮਾਝਾ ਜ਼ੋਨ ਦੇ ਨਵ ਨਿਯੁਕਤ ਇੰਚਾਰਜ ਕੰਵਰਪ੍ਰੀਤ ਸਿੰਘ ਕਾਕੀ ਨੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਕਿਹਾ ਕਿ ਆਪ ਵਲੋਂ ਰੁਸੇ ਹੋਏ ਆਪ ਵਲੰਟੀਅਰਾਂ ਨੂੰ ਮੁੜ ਪਾਰਟੀ ਨਾਲ ਜੋੜਿਆ ਜਾਵੇਗਾ। ਆਪ ਆਗੂ ਨੇ ਆਖਿਆ ਕਿ ਆਮ ਆਦਮੀ ਪਾਰਟੀ ਵਲੋਂ ਪੰਜਾਬ ਵਿਚ ਨਵਾਂ ਢਾਂਚਾ ਉਸਾਰਿਆ ਜਾ ਰਿਹਾ ਹੈ, ਜਿਸ ਦੀ ਕਾਰਵਾਈ ਜਲਦ ਮੁਕੰਮਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਵਲੰਟੀਅਰ ਕਿਸੇ ਕਾਰਨਾਂ ਕਰਕੇ ਪਾਰਟੀ ਤੋਂ ਦੂਰੀ ਬਣਾ ਕੇ ਘਰ ਬੈਠ ਗਏ ਹਨ, ਉਨ੍ਹਾਂ ਨੂੰ ਮੁੜ ਆਪ ਪਰਿਵਾਰ ਵਿਚ ਸ਼ਾਮਲ ਕੀਤੇ ਜਾਣ ਲਈ ਯਤਨ ਕੀਤੇ ਜਾਣਗੇ। ਕਾਂਗਰਸ ਸਰਕਾਰ 'ਤੇ ਵਰਦਿਆਂ ਉਨ੍ਹਾਂ ਆਖਿਆ ਕਿ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਕਾਂਗਰਸ ਸਰਕਾਰ ਭੱਜ ਰਹੀ ਹੈ ਅਤੇ ਇਸ ਮਾਮਲੇ ਵਿਚ ਬੁਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਚੋਣਾਂ ਸਮੇਂ ਕਾਂਗਰਸ ਨੇ ਕਿਸਾਨਾਂ ਦਾ ਸੌ ਫੀਸਦੀ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਸੱਤਾ ਵਿਚ ਆਉਣ ਮਗਰੋਂ ਵਾਅਦੇ ਤੋਂ ਭੱਜ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਪਰਾਧ ਦਰ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦੌਰਾਨ ਉਨ੍ਹਾਂ ਸ੍ਰੀ ਦੁਰਗਿਆਣਾ ਮੰਦਿਰ ਵੀ ਮੱਥਾ ਟੇਕਿਆ। ਉਨ੍ਹਾਂ ਨਾਲ ਸੂਬਾਈ ਮੀਤ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ, ਅਨੁਸ਼ਾਸਨੀ ਕਮੇਟੀ ਦੇ ਮੈਂਬਰ ਡਾ. ਇੰਦਰਬੀਰ ਸਿੰਘ ਨਿੱਜਰ, ਕੁਲਜੀਤ ਸਿੰਘ, ਹਰਿੰਦਰ ਸਿੰਘ, ਭੁਪਿੰਦਰ ਸਿੰਘ ਬਿੱਟੂ, ਲਖਬੀਰ ਸਿੰਘ, ਅਸ਼ੋਕ ਤਲਵਾੜ, ਸਰਬਜੋਤ ਸਿੰਘ, ਵਿਜੈ ਮਹਿਤਾ, ਜਗਜੋਤ ਸਿੰਘ, ਮਨਮੀਤ ਕੌਰ, ਸ਼ਿਵਾਨੀ ਸ਼ਰਮਾ, ਗੁਰਭੇਜ ਸਿੰਘ ਸੰਧੂ ਵੀ ਹਾਜ਼ਰ ਸਨ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS


Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਤਵਿੰਦਰ ਕੌਰ ਸਿਟੀ ਕੌਂਸਲ ਦੀ ਚੋਣ ਲਈ ਕੈਂਟ ਸ਼ਹਿਰ ਤੋਂ ਹੋਵੇਗੀ ਉਮੀਦਵਾਰ



**ਸਿਆਟਲ/ਬਿਊਰੋ ਨਿਊਜ਼ :** ਸਿਟੀ ਕੌਂਸਲ ਦੀ ਚੋਣ ਵਿਚ ਸਿਆਟਲ ਦੀ ਪੰਜਾਬਣ ਅਤੇ ਕੌਮਾਂਤਰੀ ਕੁਸ਼ਤੀ ਕੋਚ ਜਗਦੇਵ ਸਿੰਘ ਧਾਲੀਵਾਲ ਦੀ ਪੁੱਤਰੀ ਸਤਵਿੰਦਰ ਕੌਰ ਉਮੀਦਵਾਰ ਹੋਵੇਗੀ। ਪੰਜਾਬੀ ਭਾਈਚਾਰੇ ਨੇ ਉਸ ਨੂੰ ਆਪਣੀ ਪੂਰੀ ਹਮਾਇਤ ਦਿੱਤੀ ਹੈ। ਸਤਿੰਦਰ ਕੌਰ ਵਲੋਂ ਤਿੰਨ ਮਹੀਨੇ ਤੋਂ ਵੋਟਰਾਂ ਨਾਲ ਰਾਬਤਾ ਕਾਇਮ ਕਰਨ ਲਈ ਘਰ-ਘਰ ਜਾ ਕੇ ਹਮਾਇਤ ਮੰਗੀ ਜਾ ਰਹੀ ਹੈ। ਮੇਅਰ ਸੁਜੈਟ ਕੂਕ ਨੇ ਵੀ ਸਤਿੰਦਰ ਕੌਰ ਨੂੰ ਪੂਰਨ ਹਮਾਇਤ ਦਿੱਤੀ ਹੈ। ਬੈਲਟ ਪੇਪਰ ਘਰ-ਘਰ ਪਹੁੰਚੇ ਚੁੱਕੇ ਹਨ, ਜਿਨ੍ਹਾਂ ਨੂੰ ਪਹਿਲੀ ਅਗਸਤ ਤੋਂ ਪਹਿਲਾਂ ਦਸਤਖ਼ਤ ਕਰਕੇ ਵੋਟ ਕਰਨਾ ਜ਼ਰੂਰੀ ਹੈ। ਪ੍ਰਾਇਮਰੀ ਵਿਚ 3 ਉਮੀਦਵਾਰ ਮੈਦਾਨ ਵਿਚ ਹਨ, ਜਿਨ੍ਹਾਂ ਵਿਚੋਂ 2 ਜਣਿਆਂ ਨੇ 7 ਨਵੰਬਰ ਨੂੰ ਅਖੀਰਲੇ ਪੜਾਅ 'ਤੇ ਪਹੁੰਚ ਕੇ ਕੈਂਟ ਸਿਟੀ ਕੌਂਸਲ ਮੈਂਬਰ ਵਜੋਂ ਚੁਣਿਆ ਜਾਣਾ ਹੈ।

# ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਸ਼ੁਰੂ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 17 ਸਤੰਬਰ 2017, ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡੇਰਸ਼ਨ ਦੇ ਸਹਿਯੋਗ ਨਾਲ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਸਰਗਰਮੀਆਂ ਅੱਜ-ਕੱਲ੍ਹ ਜ਼ੋਰਾਂ ਸ਼ੋਰਾਂ 'ਤੇ ਹਨ। ਮੁੱਖ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਵਾਰ ਦਾ ਇਹ ਵਿਸ਼ਵ ਕਬੱਡੀ ਕੱਪ ਪਹਿਲਾਂ ਕਰਵਾਏ ਗਏ ਖੇਡ ਮੇਲਿਆਂ ਤੋਂ ਵੀ ਦੋ ਕਦਮ ਅੱਗੇ ਹੋਵੇਗਾ। ਇਸ ਵਿਚ ਵਿਸ਼ਵ ਪੱਧਰ ਦੇ ਕਬੱਡੀ ਖਿਡਾਰੀ ਆਪਣੇ ਜ਼ੋਰ ਅਤੇ ਜੁੱਸੇ ਦਾ ਪ੍ਰਦਰਸ਼ਨ ਕਰਨਗੇ। ਇਸ ਕਲੱਬ ਵਲੋਂ ਕਰਵਾਏ ਗਏ ਵਿਸ਼ਵ ਕਬੱਡੀ ਕੱਪਾਂ ਵਿਚ ਜਿਨ੍ਹਾਂ ਖਿਡਾਰੀਆਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ ਹੈ, ਉਨ੍ਹਾਂ ਦਾ ਵਿਸ਼ੇਸ਼ ਮਾਣ ਸਨਮਾਨ ਵੀ ਕੀਤਾ ਜਾਵੇਗਾ। ਇਸ ਵਾਰ ਕਬੱਡੀ ਕੱਪ ਦੇ ਮੁੱਖ ਮਹਿਮਾਨ ਸਾਬਕਾ ਕੌਮਾਂਤਰੀ ਕਬੱਡੀ ਖਿਡਾਰੀ ਤੇ ਪ੍ਰਸਿੱਧ ਕਬੱਡੀ ਪ੍ਰਮੋਟਰ ਮੱਖਣ ਸਿੰਘ ਧਾਲੀਵਾਲ ਹੋਣਗੇ। ਜਦੋਂਕਿ ਉਦਘਾਟਨ ਸ. ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕਰਨ ਵਾਲਿਆਂ ਵਿਚ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ, ਪੰਮਾ ਦਿਓਲ ਤੇ ਸਰਬਜੀਤ ਦਿਓਲ, ਜਗੀਰ ਸਿੰਘ ਸਬਜ਼ੀ ਮੰਡੀ, ਡਾ. ਹਰਜਿੰਦਰ ਸਿੰਘ ਖਹਿਰਾ, ਨਿੱਕ ਗਰੇਵਾਲ, ਹੈਪੀ ਹੀਰ, ਜਸਪ੍ਰੀਤ ਸਿੰਘ ਅਟਾਰਨੀ, ਮਲਕੀਤ ਸਿੰਘ ਬੋਪਾਰਾਏ ਤੇ ਡਾ. ਬਲਜਿੰਦਰ ਸਿੰਘ ਗਰੇਵਾਲ ਨੇ ਸਹਿਮਤੀ ਦਿੱਤੀ ਹੈ। ਸ. ਗਾਖਲ ਨੇ ਦੱਸਿਆ ਕਿ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਸਿੰਘ ਗਾਖਲ ਨੇਕੀ ਅਟਵਾਲ ਤੇ ਪਿੰਕੀ ਅਟਵਾਲ ਵਲੋਂ ਦਿੱਤਾ ਜਾਵੇਗਾ ਜਦੋਂਕਿ ਸ. ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਆਪਣੇ ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਇਨਾਮ ਪ੍ਰਦਾਨ ਕਰਨਗੇ। ਕਲੱਬ ਦੇ ਸਰਗਰਮ ਮੈਂਬਰ ਅਤੇ ਸਹਿਯੋਗੀ ਰਹੇ ਕਬੱਡੀ ਖਿਡਾਰੀ ਮਰਹੂਮ ਪਰਮਜੀਤ ਪੰਮੀ ਨੂੰ ਵੀ ਖੇਡ ਮੇਲੇ ਦੌਰਾਨ ਯਾਦ ਕੀਤਾ ਜਾਵੇਗਾ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਨੁਸਾਰ ਯੂਨਾਈਟਡ ਸਪੋਰਟਸ ਕਲੱਬ ਵਲੋਂ ਰਾਜਾ ਸਵੀਟਸ, ਗੁਰੂਘਰ ਫਰੀਮੌਂਟ, ਸੈਨਹੋਜ਼ੇ ਅਤੇ ਸਟਾਕਟਨ ਦੇ ਸਹਿਯੋਗ ਨਾਲ ਸਾਰਾ ਦਿਨ ਚਾਹ ਪਕੌੜੇ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਸ. ਗਾਖਲ ਨੇ ਸਪਸ਼ਟ ਕੀਤਾ ਕਿ ਇਸ ਕਬੱਡੀ ਕੱਪ ਦਾ ਕੋਈ ਵੀ ਸਿੱਧਾ ਪ੍ਰਸਾਰਣ ਨਹੀਂ ਹੋਵੇਗਾ ਇਸ ਲਈ ਸਮੂਹ ਕਬੱਡੀ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਉਹ ਇਸ ਖੇਡ ਮੇਲੇ ਦਾ ਆਨੰਦ ਮਾਨਣ ਲਈ ਹੁੰਮ-ਹੁਮਾ ਕੇ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਪਹੁੰਚਣ। ਮੇਲੇ ਦਾ ਖੇਡ ਸੰਚਾਲਨ ਮੀਡੀਆ ਇੰਚਾਰਜ ਤੇ ਜਨਰਲ ਸਕੱਤਰ ਐੱਸ ਅਸ਼ੋਕ ਭੌਰਾ ਦੀ ਰਹਿਨੁਮਾਈ ਹੇਠ ਬੀਬੀ ਆਸ਼ਾ ਸ਼ਰਮਾ, ਰਾਜਵਿੰਦਰ ਰੰਡਿਆਲਾ, ਮੱਖਣ ਅਲੀ ਤੇ ਸੁਰਜੀਤ ਕਕਰਾਲੀ ਕਰਨਗੇ।

ਹੋਰ ਜਾਣਕਾਰੀ ਲਈ ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ ਨਾਲ ਫੋਨ ਨੰਬਰ 510-715-1619 'ਤੇ ਜਾਂ ਮੀਡੀਆ ਇੰਚਾਰਜ ਐੱਸ ਅਸ਼ੋਕ ਭੌਰਾ ਨਾਲ 510-415-3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਿਆਟਲ ਹਾਦਸੇ 'ਚ ਜਲੰਧਰ ਦੇ ਭੈਣ-ਭਰਾ ਦੀ ਮੌਤ



**ਸਿਆਟਲ/ਬਿਊਰੋ ਨਿਊਜ਼ :** ਜਲੰਧਰ ਦੇ ਨਜ਼ਦੀਕ ਪਿੰਡ ਨੰਗਲ ਸ਼ਾਮਾਂ ਦੇ ਜੰਮਪਲ ਤੇ ਸਿਆਟਲ ਨਿਵਾਸੀ ਜਰਨੈਲ ਸਿੰਘ ਦੇ ਪੁੱਤਰ ਕਰਮਜੀਤ ਸਿੰਘ ਲਾਲੀ ਦੇ ਪੁੱਤਰ ਬਲਰਾਜ ਸਿੰਘ ਲਾਲੀ (19) ਤੇ ਲੜਕੀ ਕਵਨੀਤ ਕੌਰ (6) ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਗੁਰਮੁਖ ਸਿੰਘ ਤੇ ਸੁੱਚਾ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਰਾਜ ਸਿੰਘ ਲਾਲੀ ਨੇ ਨਵੀਂ ਗੱਡੀ ਖ਼ਰੀਦੀ ਸੀ ਜਿਹੜਾ ਆਪਣੀ ਭੈਣ ਕਵਨੀਤ ਕੌਰ ਨੂੰ ਘਰ ਦੇ ਆਲੇ-ਦੁਆਲੇ ਚੱਕਰ ਲਾਉਣ ਲਈ ਘਰੋਂ ਨਿਕਲਿਆ, ਪਰ ਨੇੜੇ ਮੋੜ ਤੋਂ ਗੱਡੀ ਬੇਕਾਬੂ ਹੋ ਕੇ ਹੇਠਾਂ ਖੱਡ ਵਿਚ ਜਾ ਡਿੱਗੀ, ਜਿਥੇ ਦੋਵਾਂ ਬੱਚਿਆਂ ਦੀ ਥਾਂ 'ਤੇ ਹੀ ਮੌਤ ਹੋ ਗਈ, ਜਿਸ ਦਾ ਪੁਲੀਸ ਰਾਹੀਂ 4 ਘੰਟੇ ਬਾਅਦ ਘਰਦਿਆਂ ਨੂੰ ਪਤਾ ਲੱਗਾ।

# ਯੂਬਾਸਿਟੀ 'ਚ ਮਲਟੀਕਲਚਰਲ ਪ੍ਰੋਗਰਾਮ ਤਹਿਤ ਪੰਜਾਬੀ ਬੀਬੀਆਂ ਨੇ ਵੀ ਪਾਈ ਧਮਾਲ

**ਯੂਬਾਸਿਟੀ/ਹੁਸਨ ਲੜੋਆ ਬੰਗਾ:** ਯੂਬਾਸਿਟੀ ਵਿਖੇ ਵੈਟਰਨ ਮੈਮੋਰੀਅਲ ਹਾਲ ਵਿਚ ਕੀਤੇ ਗਏ ਬਹੁ ਸਭਿਆਚਾਰਕ (ਮਲਟੀਕਲਚਰਲ) ਪ੍ਰੋਗਰਾਮ ਵਿਚ ਵੱਖ ਵੱਖ ਭਾਈਚਾਰਿਆਂ ਦੇ ਗੁਰੱਪਾਂ ਤੇ ਕਲਾਕਾਰਾਂ ਨੇ ਕਾਫ਼ੀ ਰੰਗ ਬੰਨਿਆ. ਇਸ ਦੌਰਾਨ ਗੀਤਾਂ, ਨਾਚ, ਸਕਿੱਟਾਂ, ਫੈਸ਼ਨ ਸ਼ੋਅ ਦਾ ਮੁੱਖ ਆਕਰਸ਼ਨ ਰਿਹਾ। ਇਸ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ ਵੀ ਪੰਜਾਬੀ ਬੀਬੀਆਂ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਹਰ ਇਕ ਨੇ ਸਲਾਹਿਆ। ਵੱਖ ਵੱਖ ਸਭਿਆਚਾਰ ਨੂੰ ਪ੍ਰਦਰਸ਼ਤ ਕਰਦਾ ਬੇਹੱਦ ਰੌਚਕ ਤੇ ਖਿੱਚ ਭਰਪੂਰ ਏਸ ਪ੍ਰੋਗਰਾਮ ਕੌਨਸੈ (ਕਨੂਸਾ ਸਟਰ ਕਰਾਸ ਮਿਸਨ ਲਾਈਨ) ਵੱਲੋਂ ਸਪਾਂਸਰ ਕੀਤਾ ਗਿਆ ਸੀ. ਮੈਰੀ ਐਲਿਕਸ, ਤੇਜਿੰਦਰ ਕੌਰ, ਨਵਨੀਤ ਰੰਧਾਵਾ, ਬਖਸ਼ੋ ਬੀਸਲਾ, ਵਿਮਲਾ, ਇੰਦਰਜੀਤ ਕੌਰ, ਸੁੱਖੀ, ਮਲਕੀਤ, ਕਰਮਜੀਤ ਦੀ ਅਗਵਾਈ ਵਿਚ ਇਹ ਪ੍ਰੋਗਰਾਮ ਸਟਰ ਕਾਉਂਟੀ ਲਾਇਬਰੇਰੀ ਦੇ ਸਹਿਯੋਗ ਨਾਲ ਇਕ ਯਾਦਗਾਰੀ ਪ੍ਰੋਗਰਾਮ ਹੋ ਨਿਬੜਿਆ। ਇਸ ਮੌਕੇ ਮੁੱਖ ਮਹਿਮਾਨਾਂ ਤੇ ਵਿਸ਼ੇਸ਼ ਮਹਿਮਾਨਾਂ ਨੇ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਸਫਲ ਮਲਟੀਕਲਚਰਲ ਪ੍ਰੋਗਰਾਮ ਪੇਸ਼ ਕਰਨ ਲਈ ਵਧਾਈ ਦਿੱਤੀ। ਮਿਸਿਜ ਇੰਦਰਜੀਤ ਕੌਰ, ਤਾਜ ਹੋਟਲ ਯੂਬਾਸਿਟੀ ਵੱਲੋਂ ਸਪਲਾਈ ਕੀਤੀ ਗਈ ਫਰੀ ਫੂਡ ਦਾ ਕਲਾਕਾਰਾਂ ਤੇ ਦਰਸਕਾਂ ਨੇ ਖੂਬ ਆਨੰਦ ਮਾਣਿਆ। ਜਿਨ੍ਹਾਂ ਕਲਾਕਾਰਾਂ ਨੇ ਇਸ ਪ੍ਰੋਗਰਾਮ ਵਿਚ ਭਾਗ ਲਿਆ ਉਨ੍ਹਾਂ ਨੂੰ ਵੱਖ ਵੱਖ ਪ੍ਰਕਾਰ ਦੇ ਇਨਾਮ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।






ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



Hassle Free Buying and Selling!

Real EstateWe can Help to Buy and Sell Your Home.

Statewide REALTY & MORTGAGE
BRE# 01929644

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



*2161 SQ Feet home Natomas Sacramento*
*3 BR 2.5 bath with loft available for $389,000*



Kulwinder Kaur K.D.
Cell 916-212-0123
e-mail kdkaur9@yahoo.com



ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਆਖਰੀ ਮਹਾਰਾਣੀ ਰਾਜ ਮਾਤਾ ਮਹਿੰਦਰ ਕੌਰ ਪੰਜ ਤੱਤਾਂ ਵਿੱਚ ਵਿਲੀਨ

**ਪਟਿਆਲਾ/ਬਿਊਰੋ ਨਿਊਜ਼ :**
ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਆਖਰੀ ਮਹਾਰਾਣੀ ਸ੍ਰੀਮਤੀ ਮਹਿੰਦਰ ਕੌਰ (ਰਾਜ ਮਾਤਾ) ਪੰਜ ਤੱਤਾਂ ਵਿੱਚ ਵਿਲੀਨ ਹੋ ਗਏ। ਸਥਾਨਕ 'ਸ਼ਾਹੀ ਸਮਾਧਾਂ' ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੇ ਪੁੱਤਰਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਾ ਮਾਲਵਿੰਦਰ ਸਿੰਘ ਨੇ ਚਿਖਾ ਨੂੰ ਅਗਨੀ ਵਿਖਾਈ। ਪੋਤਰਾ ਰਣਇੰਦਰ ਸਿੰਘ ਟਿੱਕੂ ਵੀ ਇਸ ਮੌਕੇ ਉਨ੍ਹਾਂ ਦੇ ਨਾਲ ਸੀ। ਅੰਤਿਮ ਰਸਮਾਂ ਮੌਕੇ ਵੱਡੀ ਗਿਣਤੀ ਆਮ ਲੋਕਾਂ ਸਮੇਤ ਰਾਜਪਾਲ, ਮੰਤਰੀ, ਵਿਧਾਇਕ ਤੇ ਅਫ਼ਸਰਸ਼ਾਹ ਹਾਜ਼ਰ ਸਨ। ਇਸ ਤੋਂ ਪਹਿਲਾਂ ਰਾਜਮਾਤਾ ਦੀ ਅੰਤਿਮ ਯਾਤਰਾ ਮੋਤੀ ਮਹਿਲ ਤੋਂ ਸ਼ੁਰੂ ਹੋ ਕੇ ਵੱਖ ਵੱਖ ਬਾਜ਼ਾਰਾਂ ਵਿਚੋਂ ਹੁੰਦੀ ਹੋਈ ਸ਼ਾਹੀ ਸਮਾਧਾਂ ਤੱਕ ਪੁੱਜੀ। ਲੋਕਾਂ ਨੇ ਰਸਤੇ ਵਿਚ ਥਾਂ ਥਾਂ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ ਪਰਨੀਤ ਕੌਰ, ਹਰਪ੍ਰਿਯਾ ਕੌਰ, ਬੀਬਾ


ਰਾਜ ਮਾਤਾ ਮਹਿੰਦਰ ਕੌਰ ਦੀ ਚਿਤਾ ਨੂੰ ਅਗਨੀ ਵਿਖਾਉਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਤੇ ਰਾਜਾ ਮਾਲਵਿੰਦਰ ਸਿੰਘ।

ਜੈ ਇੰਦਰ ਕੌਰ, ਗੁਰਪਾਲ ਸਿੰਘ, ਹੇਮਇੰਦਰ ਕੌਰ, ਰੁਪਿੰਦਰ ਕੌਰ, ਕੰਵਰ ਨਟਵਰ ਸਿੰਘ, ਮੇਜਰ ਕੰਵਲਜੀਤ ਸਿੰਘ ਢਿੱਲੋਂ, ਇੰਦਰਜੀਤ ਸਿੰਘ ਜੇਜੀ, ਗੁਰਸ਼ਰਨ ਸਿੰਘ ਜੇਜੀ, ਸਿਮਰਨਜੀਤ ਸਿੰਘ ਮਾਨ, ਇਨਾਇਤਇੰਦਰ ਕੌਰ ਤੇ ਹੋਰ ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਮੌਜੂਦ ਸਨ। ਇਸ ਤੋਂ ਇਲਾਵਾ ਪੰਜਾਬ ਦੇ ਰਾਜਪਾਲ ਵੀ.ਪੀ ਸਿੰਘ ਬਦਨੌਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਡੀ.ਜੀ.ਪੀ. ਸੁਰੇਸ਼ ਅਰੋੜਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਭੁਪਿੰਦਰ ਸਿੰਘ ਹੁੱਡਾ ਕਾਂਗਰਸੀ ਆਗੂ ਲਾਲ ਸਿੰਘ ਅਤੇ ਉਨ੍ਹਾਂ ਦਾ ਵਿਧਾਇਕ ਪੁੱਤਰ ਰਜਿੰਦਰ ਸਿੰਘ, ਕਾਂਗਰਸ ਪ੍ਰਧਾਨ ਸੁਨੀਲ ਜਾਖੜ, ਅਕਾਲੀ ਦਲ ਤੋਂ ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਕੋਹਲੀ, ਐਨ.ਕੇ. ਸ਼ਰਮਾ, ਹਰਵਿੰਦਰ ਹਰਪਾਲਪੁਰ, ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ ਸਿੰਘ, ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਮੰਤਰੀ ਬ੍ਰਹਮ ਮਹਿੰਦਰਾ, ਨਵਜੋਤ ਸਿੱਧੂ, ਮਨਪ੍ਰੀਤ ਬਾਦਲ, ਰਾਣਾ ਗੁਰਜੀਤ ਸਿੰਘ ਆਦਿ ਆਗੂਆਂ ਨੇ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਅੰਤਿਮ ਰਸਮਾਂ ਵਿੱਚ ਸ਼ਾਮਲ ਨਾ ਹੋ ਸਕੇ, ਪਰ ਉਨ੍ਹਾਂ ਸ਼ਾਮ ਸਮੇਂ ਨਿਊ ਮੋਤੀ ਬਾਗ ਪੈਲੇਸ ਵਿੱਚ ਜਾ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਸਮੇਤ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਵੰਡਾਇਆ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ, ਸੁਰਜੀਤ ਸਿੰਘ ਰੱਖੜਾ, ਤੋਤਾ ਸਿੰਘ, ਖਾਦੀ ਬੋਰਡ ਦੇ ਸੀ.ਵਾਈਸ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਅਤੇ ਯੂਥ ਵਿੰਗ ਦੇ ਮਾਲਵਾ ਜ਼ੋਨ ਦੇ ਪ੍ਰਧਾਨ ਹਰਪਾਲ ਜੁਨੇਜਾ ਮੌਜੂਦ ਸਨ।

# ਮਹਾਰਾਸ਼ਟਰ ਦੀਆਂ ਪਾਠ-ਪੁਸਤਕਾਂ 'ਚੋਂ ਸੰਤ ਭਿੰਡਰਾਂਵਾਲਿਆਂ ਸਬੰਧੀ ਇਤਰਾਜ਼ਯੋਗ ਟਿੱਪਣੀ ਹਟਾਉਣ ਦਾ ਭਰੋਸਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮਹਾਰਾਸ਼ਟਰ ਦੇ ਸਿੱਖਿਆ ਮੰਤਰੀ ਵਿਨੋਦ ਤਾਵੜੇ ਨੇ ਦਮਦਮੀ ਟਕਸਾਲ ਨੂੰ ਭਰੋਸਾ ਦਿਵਾਇਆ ਹੈ ਕਿ ਰਾਜ ਦੀ ਸਕੂਲੀ ਪੁਸਤਕ ਵਿਚੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਨੂੰ ਸਥਾਈ ਤੌਰ 'ਤੇ ਜਲਦੀ ਹੀ ਹਟਾ ਦਿੱਤਾ ਜਾਵੇਗਾ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਮੁੰਬਈ ਦੇ ਸਿੱਖ ਆਗੂ ਜਸਪਾਲ ਸਿੰਘ ਸਿੱਧੂ ਦੀ ਅਗਵਾਈ ਵਿੱਚ ਭੇਜੇ ਗਏ ਇੱਕ ਵਫ਼ਦ ਨੇ ਵਿਧਾਇਕ ਪ੍ਰਸ਼ਾਂਤ ਠਾਕੁਰ ਦੀ ਹਾਜ਼ਰੀ ਵਿੱਚ ਸਿੱਖਿਆ ਮੰਤਰੀ ਸ੍ਰੀ ਤਾਵੜੇ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਸਿੱਖਿਆ ਮੰਤਰੀ ਨੂੰ ਰਾਜ ਸਰਕਾਰ ਵੱਲੋਂ ਪ੍ਰਕਾਸ਼ਿਤ ਨੌਵੀਂ ਜਮਾਤ ਦੇ 'ਹਿਸਟਰੀ ਐਂਡ ਪੁਲੀਟੀਕਲ ਸਾਇੰਸ' ਦੀ ਪੁਸਤਕ ਵਿੱਚ ਜੂਨ '84 ਦੇ ਘੱਲੂਘਾਰੇ ਬਾਰੇ ਇਤਿਹਾਸਕ ਤੱਥ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਦਾ ਮਾਮਲਾ ਉਠਾਉਂਦਿਆਂ ਯਾਦ-ਪੱਤਰ ਸੌਂਪਿਆ। ਆਗੂਆਂ ਨੇ ਦੱਸਿਆ ਕਿ ਸ੍ਰੀ ਤਾਵੜੇ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਸੰਤ ਭਿੰਡਰਾਂਵਾਲਿਆਂ ਅਤੇ ਸਿੱਖਾਂ ਦੀ ਛਵੀ ਖਰਾਬ ਨਹੀਂ ਹੋਣ ਦੇਣਗੇ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦਿਆਂ ਮਹਾਰਾਸ਼ਟਰ ਸਿੱਖਿਆ ਵਿਭਾਗ ਵੱਲੋਂ ਜਿੰਨਾ ਜਲਦੀ ਸੰਭਵ ਹੋਵੇਗਾ, ਇਸ ਪੁਸਤਕ ਵਿੱਚ ਲੋੜੀਂਦੀ ਸੋਧ ਕਰਨ ਜਾਂ ਇਸ ਚੈਪਟਰ ਨੂੰ ਸਥਾਈ ਤੌਰ 'ਤੇ ਪੁਸਤਕ ਵਿਚੋਂ ਹਟਾਉਣ ਲਈ ਠੋਸ ਕਦਮ ਚੁੱਕਿਆ ਜਾਵੇਗਾ। ਉਨ੍ਹਾਂ ਯਕੀਨ ਦਿਵਾਇਆ ਕਿ ਉਹ ਇਤਿਹਾਸ ਦੇ ਅਧਿਆਪਕਾਂ ਨੂੰ ਇਹ ਹਦਾਇਤ ਵੀ ਕਰਨਗੇ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਮੇਂ ਭਿੰਡਰਾਂਵਾਲਿਆਂ ਨੂੰ ਧਾਰਮਿਕ ਪ੍ਰਚਾਰਕ ਦੇ ਰੂਪ ਵਿੱਚ ਪੇਸ਼ ਕਰਨ। ਉਨ੍ਹਾਂ ਇਸ ਸਬੰਧੀ ਜਲਦੀ ਨੋਟੀਫ਼ਿਕੇਸ਼ਨ ਜਾਰੀ ਕਰਨ ਲਈ ਵੀ ਆਖਿਆ। ਦਮਦਮੀ ਟਕਸਾਲ ਦੇ ਮੁਖੀ ਨੇ ਮਹਾਰਾਸ਼ਟਰ ਦੇ ਸਿੱਖਿਆ ਮੰਤਰੀ ਦਾ ਧੰਨਵਾਦ ਕੀਤਾ ਹੈ। ਵਫ਼ਦ ਵਿੱਚ ਭਾਈ ਮਲਕੀਤ ਸਿੰਘ ਬਲ, ਚਰਨਜੀਤ ਸਿੰਘ ਹੈਪੀ, ਸਤਵਿੰਦਰ ਸਿੰਘ, ਦਲਬੀਰ ਸਿੰਘ ਚੰਨੀ ਅਤੇ ਅਮਰਜੀਤ ਸਿੰਘ ਰੰਧਾਵਾ ਵੀ ਸ਼ਾਮਲ ਸਨ।



ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਮਹਾਰਾਸ਼ਟਰ ਦੀ ਇੱਕ ਸਕੂਲ ਪੁਸਤਕ ਵਿੱਚ ਸੰਤ ਭਿੰਡਰਾਂਵਾਲਿਆਂ ਨੂੰ ਅਤਿਵਾਦੀ ਲਿਖੇ ਜਾਣ ਦਾ ਵਿਰੋਧ ਕਰਦਿਆਂ ਮੁੱਖ ਮੰਤਰੀ ਨੂੰ ਇਨ੍ਹਾ ਤੱਥਾਂ ਨੂੰ ਹਟਾਉਣ ਦੀ ਅਪੀਲ ਕੀਤੀ ਹੈ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਨਿਠਾਰੀ ਕਤਲ ਮਾਮਲੇ 'ਚ ਵਪਾਰੀ ਪੰਧੇਰ ਤੇ ਨੌਕਰ ਕੋਲੀ ਨੂੰ ਮੌਤ ਦੀ ਸਜ਼ਾ

**ਗਾਜ਼ੀਆਬਾਦ/ਬਿਊਰੋ ਨਿਊਜ਼ :** ਸੀ.ਬੀ.ਆਈ. ਦੀ ਇਕ ਵਿਸ਼ੇਸ਼ ਅਦਾਲਤ ਨੇ ਸਨਸਨੀਖੇਜ਼ ਨਿਠਾਰੀ ਕਤਲਾਂ ਦੇ ਮਾਮਲਿਆਂ ਵਿਚੋਂ ਇਕ ਵਿਚ ਵਪਾਰੀ ਮੋਨਿੰਦਰ ਸਿੰਘ ਪੰਧੇਰ ਅਤੇ ਉਸ ਦੇ ਘਰੇਲੂ ਨੌਕਰ ਸੁਰਿੰਦਰ ਕੋਲੀ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਵਿਸ਼ੇਸ਼ ਜੱਜ ਪਵਨ ਕੁਮਾਰ ਤਿਵਾੜੀ ਨੇ ਘਰੇਲੂ ਨੌਕਰਾਣੀ 20 ਸਾਲਾ ਪਿੰਕੀ ਸਰਕਾਰ ਦੇ ਕਤਲ ਦੇ ਸਬੰਧ ਵਿਚ ਦੋਵਾਂ ਨੂੰ ਮੌਤ ਦੀ ਸਜ਼ਾ ਸੁਣਾਈ। ਸਜ਼ਾ ਸੁਣਾਏ ਜਾਣ ਸਮੇਂ ਦੋਵੇਂ ਅਦਾਲਤ ਵਿਚ ਮੌਜੂਦ ਸਨ। ਸੀ.ਬੀ.ਆਈ. ਦੇ ਬੁਲਾਰੇ ਆਰ.ਕੇ. ਗੌਰ ਨੇ ਦੱਸਿਆ ਕਿ ਮਾਮਲੇ ਵਿਚ ਪੰਧੇਰ ਅਤੇ ਕੋਲੀ ਅਗਵਾ, ਜਬਰ ਜਨਾਹ ਅਤੇ ਕਤਲ ਲਈ ਕਸੂਰਵਾਰ ਪਾਏ ਗਏ ਸਨ। ਪੁਲੀਸ ਨੇ 29 ਦਸੰਬਰ, 2009 ਨੂੰ ਨੋਇਡਾ ਵਿਚ ਨਿਠਾਰੀ ਵਿਚ ਪੰਧੇਰ ਦੇ ਘਰੋਂ 19 ਮਨੁੱਖੀ ਪਿੰਜਰ ਬਰਾਮਦ ਕੀਤੇ ਸਨ। ਪੰਧੇਰ ਤੇ ਕੋਲੀ ਖਿਲਾਫ਼ 19 ਮਾਮਲਿਆਂ ਵਿੱਚੋਂ 16 ਵਿਚ ਚਲਾਨ ਪੇਸ਼ ਕੀਤੇ ਗਏ ਸਨ, ਜਦਕਿ ਤਿੰਨ ਸਬੂਤਾਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਸਨ। ਇਸ ਕਾਂਡ ਦੀਆਂ ਸ਼ਿਕਾਰ ਬਹੁਤੀਆਂ ਨੌਜਵਾਨ ਲੜਕੀਆਂ ਸਨ। ਪਿੰਕੀ ਸਰਕਾਰ ਮਾਮਲੇ ਤੋਂ ਪਹਿਲਾਂ ਦੋਵਾਂ ਨੂੰ 9 ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਅਤੇ ਸਜ਼ਾ ਸੁਣਾਈ ਗਈ ਸੀ, ਜਦਕਿ 7 ਮਾਮਲੇ ਅਜੇ ਸੁਣਵਾਈ ਅਧੀਨ ਹਨ। ਪਹਿਲਾਂ ਹੋਏ ਫ਼ੈਸਲਿਆਂ ਵਿਚ ਪੰਧੇਰ ਨੂੰ ਕੈਦ ਅਤੇ ਕੋਲੀ ਨੂੰ ਕਈ ਮਾਮਲਿਆਂ ਵਿਚ ਮੌਤ ਦੀ ਸਜ਼ਾ ਸੁਣਾਈ ਸੀ।

ਸੀ. ਬੀ. ਆਈ. ਨੇ ਅਦਾਲਤ ਵਿਚ ਪੇਸ਼ ਕੀਤੇ ਚਲਾਨ ਵਿਚ ਦੱਸਿਆ ਸੀ ਕਿ 5 ਅਕਤੂਬਰ, 2006 ਨੂੰ ਜਦੋਂ



ਪਿੰਕੀ ਸਰਕਾਰ ਕੰਮ ਤੋਂ ਘਰ ਨੂੰ ਵਾਪਸ ਆ ਰਹੀ ਸੀ ਤਾਂ ਕੋਲੀ ਨੇ ਉਸ ਨੂੰ ਕਥਿਤ ਰੂਪ ਵਿਚ ਅਗਵਾ ਕਰ ਲਿਆ। ਪਿੰਕੀ ਨਾਲ ਜਬਰ ਜਨਾਹ ਕਰਨ ਪਿੱਛੋਂ ਉਸ ਦਾ ਉਸ ਦੀ ਚੁੰਨੀ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਕਤਲ ਪਿੱਛੋਂ ਉਸ ਦਾ ਸਿਰ ਕਲਮ ਕਰ ਦਿੱਤਾ ਅਤੇ ਉਸ ਦਾ ਸਿਰ ਅਤੇ ਕੱਪੜੇ ਪੰਧੇਰ ਦੇ ਘਰ ਦੇ ਪਿਛਲੇ ਪਾਸੇ ਤੋਂ ਲੰਘਦੀ ਡਰੇਨ ਵਿਚ ਸੁੱਟ ਦਿੱਤੇ। ਅਪ੍ਰੈਲ 2007 ਵਿਚ ਲੜਕੀ ਦੇ ਮਾਪਿਆਂ ਵਲੋਂ ਉਸ ਦੇ ਕੱਪੜਿਆਂ ਦੀ ਪਛਾਣ ਕਰਨ ਅਤੇ ਕੁਝ ਹੱਡੀਆਂ ਦਾ ਡੀ.ਐਨ.ਏ. ਦੇ ਨਮੂਨੇ ਉਸ ਦੇ ਮਾਪਿਆਂ ਨਾਲ ਮਿਲਾਉਣ ਪਿੱਛੋਂ ਸੀ.ਬੀ.ਆਈ. ਨੇ ਕੇਸ ਦਰਜ ਕੀਤਾ ਸੀ। ਸੀ.ਬੀ. ਆਈ. ਦੇ ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਜਦੋਂ ਪੁਲੀਸ ਨੇ ਕਤਲਾਂ ਦੀ ਜਾਂਚ ਕੀਤੀ ਤਾਂ ਪੰਧੇਰ ਦੇ ਘਰ ਦੇ ਪਿਛਲੇ ਪਾਸਿਓਂ ਡਰੇਨ ਵਿਚੋਂ 15 ਖੋਪੜੀਆਂ ਅਤੇ ਕਈ ਪਿੰਜਰ ਮਿਲੇ ਸਨ। ਇਨ੍ਹਾਂ ਵਿੱਚੋਂ ਹੀ ਇਕ ਪਿੰਜਰ ਪਿੰਕੀ ਸਰਕਾਰ ਦਾ ਸੀ, ਜਿਸ ਨੂੰ ਨਿਠਾਰੀ ਲੜੀਵਾਰ ਕਤਲਾਂ ਵਿਚ ਦੋਸ਼ੀਆਂ ਨੇ ਆਪਣਾ ਆਖਰੀ ਸ਼ਿਕਾਰ ਬਣਾਇਆ ਸੀ। ਇਹ ਦੂਸਰਾ ਮੌਕਾ ਹੈ ਜਦੋਂ ਪੰਧੇਰ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 14 ਸਾਲਾ ਲੜਕੀ ਰਿੰਪਾ ਹਲਦਰ ਮਾਮਲੇ ਵਿਚ ਵਿਸ਼ੇਸ਼ ਅਦਾਲਤ ਨੇ 13 ਫਰਵਰੀ, 2009 ਨੂੰ ਮੌਤ ਦੀ ਸਜ਼ਾ ਸੁਣਾਈ ਸੀ ਪਰ ਇਲਾਹਾਬਾਦ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਹੇਠਲੇ ਜੱਜ ਦੇ ਫ਼ੈਸਲੇ ਨੂੰ ਰੱਦ ਕਰਦੇ ਹੋਏ ਪੰਧੇਰ ਨੂੰ ਬਰੀ ਕਰ ਦਿੱਤਾ ਸੀ।

ਇਨ੍ਹਾਂ ਤਾਜ਼ਾ ਹੁਕਮ ਵਿਚ ਅਦਾਲਤ ਨੇ ਕੋਲੀ ਨੂੰ 10 ਹਜ਼ਾਰ ਰੁਪਏ ਜੁਰਮਾਨਾ ਕਰਨ ਤੋਂ ਇਲਾਵਾ ਸਬੂਤ ਨਸ਼ਟ ਕਰਨ ਬਦਲੇ 10 ਸਾਲ ਕੈਦ ਦੀ ਸਜ਼ਾ ਵੀ ਸੁਣਾਈ ਹੈ। ਪੰਧੇਰ ਨੂੰ ਵੀ 5000 ਰੁਪਏ ਜੁਰਮਾਨਾ ਅਤੇ ਸਬੂਤ ਨਸ਼ਟ ਕਰਨ ਬਦਲੇ 7 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਘਿਨਾਉਣੇ ਕਤਲ ਤੋਂ ਪਰਦਾ ਉਸ ਸਮੇਂ ਦਸੰਬਰ 2006 ਵਿਚ ਚੁੱਕਿਆ ਗਿਆ, ਜਦੋਂ ਨੋਇਡਾ ਪੁਲੀਸ ਨੇ ਡਰੇਨ ਵਿਚੋਂ 16 ਵਿਅਕਤੀਆਂ, ਜਿਨ੍ਹਾਂ ਵਿਚੋਂ ਬਹੁਤੇ ਬੱਚੇ ਸਨ, ਦੀਆਂ ਖੋਪੜੀਆਂ ਤੇ ਪਿੰਜਰ ਬਰਾਮਦ ਕੀਤੇ ਸਨ। ਇਸ ਤੋਂ ਪਹਿਲਾਂ ਨਿਠਾਰੀ ਇਲਾਕੇ ਵਿਚੋਂ ਕਈ ਬੱਚੇ ਲਾਪਤਾ ਹੋ ਗਏ ਸਨ ਅਤੇ ਇਹ ਦੋਸ਼ ਲਾਇਆ ਗਿਆ ਸੀ ਕਿ ਕੋਲੀ ਨੇ ਉਨ੍ਹਾਂ ਨੂੰ ਮਠਿਆਈਆਂ ਅਤੇ ਚੌਕਲੇਟ ਦੇਣ ਦੇ ਬਹਾਨੇ ਭਰਮਾਇਆ ਸੀ ਅਤੇ ਉਹ ਬੱਚਿਆਂ ਦਾ ਕਤਲ ਕਰਨ ਪਿੱਛੋਂ ਲਾਸ਼ਾਂ ਨਾਲ ਘਿਨੌਣਾ ਕੰਮ ਕਰਦਾ ਸੀ। ਸੀ.ਬੀ.ਆਈ. ਦੇ ਦਸਤਾਵੇਜ਼ਾਂ ਮੁਤਾਬਕ ਕੋਲੀ ਨੇ ਕੁਝ ਮਾਮਲਿਆਂ ਵਿਚ ਮਨੁੱਖਾਂ ਦਾ ਮਾਸ ਵੀ ਖਾਧਾ ਸੀ।

## ਰੂਸੀ ਮਾਮਲੇ 'ਚ ਆਪਣਿਆਂ ਨੂੰ ਬਚਾਉਣ ਲਈ ਰਾਹ ਭਾਲ ਰਹੇ ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼ :**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਕਾਨੂੰਨੀ ਟੀਮ ਵੱਲੋਂ ਉਨ੍ਹਾਂ ਦੀ ਰੂਸ ਨਾਲ ਗੰਢ-ਤੁੱਪ ਸਬੰਧੀ ਉਨ੍ਹਾਂ ਦੀ ਚੋਣ ਪ੍ਰਚਾਰ ਟੀਮ ਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਰਾਸ਼ਟਰਪਤੀ ਰਾਹੀਂ



ਮੁਆਫ਼ੀ ਦੇਣ ਦੇ ਰਾਹ ਤਲਾਸ਼ੇ ਜਾ ਰਹੇ ਹਨ। 'ਵਾਸ਼ਿੰਗਟਨ ਪੋਸਟ' ਮੁਤਾਬਕ ਸ੍ਰੀ ਟਰੰਪ ਨੇ ਆਪਣੇ ਸਲਾਹਕਾਰਾਂ ਨੂੰ ਆਖਿਆ ਹੈ ਕਿ ਉਨ੍ਹਾਂ (ਸ੍ਰੀ ਟਰੰਪ) ਵੱਲੋਂ ਆਪਣੇ ਸਹਿਯੋਗੀਆਂ, ਪਰਿਵਾਰਕ ਜੀਆਂ ਤੇ ਖ਼ੁਦ ਆਪਣੇ ਆਪ ਨੂੰ ਮੁਆਫ਼ ਕਰ ਸਕਣ ਦੇ ਉਨ੍ਹਾਂ ਦੇ ਅਖ਼ਤਿਆਰਾਂ ਦਾ ਪਤਾ ਲਾਇਆ ਜਾਵੇ, ਤਾਂ ਕਿ ਉਹ ਜਾਂਚ ਤੋਂ ਬਚ ਸਕਣ।

ਗ਼ੌਰਤਲਬ ਹੈ ਕਿ ਰਾਸ਼ਟਰਪਤੀ ਚੋਣ ਵਿੱਚ ਰੂਸ ਦੇ ਕਥਿਤ ਦਖ਼ਲ ਦੀ ਜਾਂਚ ਕਰ ਰਹੇ ਵਿਸ਼ੇਸ਼ ਵਕੀਲ ਰੌਬਰਟ ਮੂਲਰ ਵੱਲੋਂ ਸ੍ਰੀ ਟਰੰਪ ਦੇ ਪਰਿਵਾਰਕ ਕਾਰੋਬਾਰ ਦੇ ਵਿੱਤੀ ਲੈਣ-ਦੇਣ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਵਾਈਟ ਹਾਊਸ ਮੁਤਾਬਕ ਸ੍ਰੀ ਟਰੰਪ ਇਸ ਮਾਮਲੇ ਵਿੱਚ 'ਆਪਣਾ ਖਹਿੜਾ ਨਾ ਛੁੱਟਣ' ਤੋਂ ਕਾਫ਼ੀ 'ਨਿਰਾਸ਼' ਹਨ।

ਵਾਈਟ ਹਾਊਸ ਦੀ ਡਿਪਟੀ ਪ੍ਰੈਸ ਸੈਕਟਰੀ ਸਾਰਾ ਸੈਂਡਰਜ਼ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ, "ਰੂਸੀ ਜਾਂਚ ਵਿੱਚ ਆਪਣਾ ਖਹਿੜਾ ਨਾ ਛੱਡੇ ਜਾਣ ਤੋਂ ਰਾਸ਼ਟਰਪਤੀ ਨਿਰਾਸ਼ ਹਨ, ਉਹ ਇਸ ਮਾਮਲੇ ਦਾ ਨਿਬੇੜਾ ਚਾਹੁੰਦੇ ਹਨ।" ਇਸ ਦੌਰਾਨ ਸ੍ਰੀ ਟਰੰਪ ਨੇ ਫਾਰਮਾਸੂਟੀਕਲ ਗਲਾਸ ਪੈਕੇਜਿੰਗ ਪਹਿਲਕਦਮੀ ਲਈ ਤਿੰਨ ਵੱਡੀਆਂ ਅਮਰੀਕੀ ਕੰਪਨੀਆਂ ਨੂੰ ਇਕਮੁੱਠ ਕਰਨ ਲਈ 50 ਕਰੋੜ ਡਾਲਰ ਦੀ ਨਿਵੇਸ਼ ਯੋਜਨਾ ਦਾ ਐਲਾਨ ਕੀਤਾ ਹੈ।

## ਬਾਰੂਦ ਬਰਾਮਦਗੀ ਮਾਮਲੇ ਵਿਚ ਭਾਈ ਹਰਮਿੰਦਰ ਸਿੰਘ ਬਰੀ

**ਲੁਧਿਆਣਾ/ਬਿਊਰੋ ਨਿਊਜ਼ :**

ਸਥਾਨਕ ਅਦਾਲਤ ਨੇ ਬਰੂਦ ਬਰਾਮਦਗੀ ਦੇ ਮਾਮਲੇ ਵਿਚ ਖਾੜਕੂ ਭਾਈ ਹਰਮਿੰਦਰ ਸਿੰਘ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਬਾਰੂਦ ਬਰਾਮਦਗੀ ਦੇ ਮਾਮਲੇ ਵਿਚ



ਪੁਲੀਸ ਨੇ 29 ਜੁਲਾਈ 2009 ਨੂੰ ਭਾਈ ਹਰਮਿੰਦਰ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਪੁਲੀਸ ਵੱਲੋਂ ਉਸ ਪਾਸੋਂ ਬਾਰੂਦ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਭਾਈ ਹਰਮਿੰਦਰ ਸਿੰਘ ਨੂੰ ਅਦਾਲਤ ਨੇ ਸਾਲ 2010 ਵਿਚ ਭਗੌੜਾ ਕਰਾਰ ਦਿੱਤਾ ਸੀ ਪਰ ਉਸ ਤੋਂ ਬਾਅਦ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਸਾਲ 2015 ਵਿਚ ਭਾਈ ਹਰਮਿੰਦਰ ਸਿੰਘ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਜੱਜ ਮੈਡਮ ਅੰਜਨਾ ਨੇ ਇਸ ਮਾਮਲੇ ਦਾ ਨਿਪਟਾਰਾ ਕਰਦਿਆਂ ਭਾਈ ਹਰਮਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਹੈ। ਅਦਾਲਤ ਵਿਚ ਭਾਈ ਹਰਮਿੰਦਰ ਸਿੰਘ ਦੇ ਕੇਸ ਦੀ ਪੈਰਵੀ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕੀਤੀ। ਪਿਛਲੀ ਪੇਸ਼ੀ ਦੌਰਾਨ ਅਦਾਲਤ ਵਿਚ ਸਰਕਾਰੀ ਪੱਖ ਤੇ ਐਡਵੋਕੇਟ ਮੰਝਪੁਰ ਵਿਚਾਲੇ ਜ਼ੋਰਦਾਰ ਬਹਿਸ ਹੋਈ ਸੀ ਅਤੇ ਦੋਵਾਂ ਧਿਰਾਂ ਵੱਲੋਂ ਦਲੀਲਾਂ ਪੇਸ਼ ਕੀਤੀਆਂ ਗਈਆਂ ਸਨ। ਜੱਜ ਨੇ ਐਡਵੋਕੇਟ ਮੰਝਪੁਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਭਾਈ ਹਰਮਿੰਦਰ ਸਿੰਘ ਨੂੰ ਬਰੀ ਕਰ ਦਿੱਤਾ।

## ਕੈਨੇਡਾ ਸਰਕਾਰ ਗਰਮ ਖਿਆਲੀ ਆਗੂਆਂ 'ਤੇ ਕਾਬੂ ਪਾਵੇ : ਕੈਪਟਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਗਰਮ ਖਿਆਲੀਆਂ ਨੂੰ ਉਥੋਂ ਦੀ ਸਰਕਾਰ ਵੱਲੋਂ ਕਾਬੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਜਲੰਧਰ ਮੂਲ ਦੇ ਨਿਵਾਸੀ



ਅਤੇ ਕੈਨੇਡਾ ਦੇ ਸੰਸਦ ਮੈਂਬਰ ਰਮੇਸ਼ਵਰ ਸਿੰਘ ਸੰਘਾ ਨਾਲ ਮੁਲਾਕਾਤ ਦੌਰਾਨ ਇਹ ਵਿਚਾਰ ਪ੍ਰਗਟਾਏ। ਕੈਪਟਨ ਨੇ ਇਨ੍ਹਾਂ ਗਰਮ ਖਿਆਲੀ ਤੱਤਾਂ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਚਿੰਤਾ ਪ੍ਰਗਟਾਉਂਦਿਆਂ ਕੈਨੇਡਾ ਸਰਕਾਰ ਨੂੰ ਇਨ੍ਹਾਂ 'ਤੇ ਕਾਰਵਾਈ ਕਰਨ ਦੀ ਤਜਵੀਜ਼ ਕੀਤੀ। ਸੰਘਾ ਨੇ ਪਿਛਲੇ 6-7 ਸਾਲਾਂ ਤੋਂ ਪ੍ਰਵਾਸੀ ਪੰਜਾਬੀਆਂ ਦੀ ਜਾਇਦਾਦ ਅਤੇ ਹੋਰ ਮਾਮਲਿਆਂ ਵਿਚ ਹੋ ਰਹੀ ਖੱਜਲ ਖੁਆਰੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੂੰ ਵਿਦੇਸ਼ ਵਿਚ ਵਸਦੇ ਭਾਰਤੀ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਲਈ ਕਦਮ ਚੁੱਕਣ ਨੂੰ ਕਿਹਾ। ਇਸ ਸਬੰਧ ਵਿਚ ਮੁੱਖ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਲਈ ਅਦਾਲਤਾਂ ਸਥਾਪਤ ਕਰਨ ਦਾ ਪ੍ਰਸਤਾਵ ਚੀਫ ਜਸਟਿਸ ਕੋਲ ਪੇਸ਼ ਕੀਤਾ ਹੋਇਆ ਹੈ।

# ਪੰਜਾਬ ਦੇ ਪੀੜਤ ਕਿਸਾਨਾਂ ਦੀ ਮਦਦ ਲਈ 'ਸਹਾਇਤਾ' ਵਲੋਂ ਫੰਡ ਰੇਜ਼ਿੰਗ ਪ੍ਰੋਗਰਾਮ 29 ਜੁਲਾਈ, ਸ਼ਨਿੱਚਰਵਾਰ ਨੂੰ

**ਸੈਕਰਾਮੈਂਟੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ) :**

'ਸਹਾਇਤਾ' ਵੱਲੋਂ ਪੰਜਾਬ ਅੰਦਰ ਪੀੜਤ ਕਿਸਾਨਾਂ ਦੀ ਮਦਦ ਲਈ ਚੱਲ ਰਹੀ ਮੁਹਿੰਮ ਸਬੰਧੀ ਜਾਣਕਾਰੀ ਦੇਣ ਲਈ ਤੀਸਰਾ ਸਾਲਾਨਾ ਫੰਡ ਰੇਜ਼ਰ 29 ਜੁਲਾਈ, ਸ਼ਨਿੱਚਰਵਾਰ ਨੂੰ ਸ਼ਾਮੀ 7:00 ਵਜੇ ਤੋਂ 11:00 ਵਜੇ ਤੱਕ ਇੱਥੋਂ ਦੇ 1550 ਮਾਇਡੂ ਕਮਿਊਨਿਟੀ ਸੈਂਟਰ ਰੋਜ਼ਵਿੱਲ, ਕੈਲੀਫੋਰਨੀਆ 95661 ਵਿੱਚ ਹੋਣ ਜਾ ਰਿਹਾ ਹੈ। ਸੰਸਥਾ ਦੇ ਕਰਤਾ-ਧਰਤਾ ਡਾ. ਹਰਕੇਸ਼ ਸੰਧੂ ਨੇ ਦੱਸਿਆ ਕਿ ਇਹ ਸੰਸਥਾ 12 ਸਾਲਾਂ ਤੋਂ ਪੂਰੇ ਭਾਰਤ ਅੰਦਰ ਬੇਸਹਾਰਾ ਬਜ਼ੁਰਗ ਅਤੇ ਬੱਚਿਆਂ ਨੂੰ ਆਸਰਾ ਦਿੰਦੀ ਆ ਰਹੀ ਹੈ। ਫੰਡ ਰੇਜ਼ਰ ਰਾਹੀਂ ਇੱਕਤਰ ਰਾਸ਼ੀ ਨਾਲ ਪੰਜਾਬ ਅੰਦਰ ਖ਼ੁਦਕੁਸ਼ੀ ਕਰ ਗਏ ਕਿਸਾਨਾਂ-ਮਜ਼ਦੂਰਾਂ ਦੇ ਪੀੜਤ ਪਰਿਵਾਰਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਪੀੜਤ ਬੱਚਿਆਂ ਨੂੰ ਵਰਦੀਆਂ, ਕਿਤਾਬਾਂ ਅਤੇ ਹੋਰ ਜ਼ਰੂਰੀ ਵਸਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ 'ਸਹਾਇਤਾ' ਵਲੋਂ ਚਲਾਏ ਜਾ ਰਹੇ ਪ੍ਰੋਜੈਕਟਾਂ ਸਬੰਧੀ ਜਾਣਕਾਰੀ ਵੀ ਸਾਂਝੀ ਕੀਤੀ ਜਾਵੇਗੀ। ਇਸ ਸੰਸਥਾ ਨਾਲ ਜੁੜੇ ਵਾਲੰਟੀਅਰ ਬਿਨਾਂ ਕਿਸੇ ਤਨਖਾਹ ਜਾਂ ਕਿਸੇ ਲਾਲਚ ਦੇ ਮਨੁੱਖਤਾ ਦੀ ਸੇਵਾ ਕਰਦੇ ਆ ਰਹੇ ਹਨ। ਹੁਣ ਤੱਕ 100 ਪੀੜਤ ਪਰਿਵਾਰ




ਇਸ 'ਸਹਾਇਤਾ' ਸਕੀਮ ਦਾ ਫਾਇਦਾ ਲੈ ਚੁੱਕੇ ਹਨ। 'ਸਹਾਇਤਾ' ਵਲੋਂ ਹੋਰ ਵੀ ਕਈ ਪ੍ਰੋਜੈਕਟ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਬਾਲ ਭਵਨ (ਬੱਚਿਆਂ ਦੀ ਦੇਖ-ਭਾਲ ਲਈ ਲੁਧਿਆਣਾ ਰੈੱਡ ਕਰਾਸ ਦੀ ਇਮਾਰਤ ਵਿੱਚ ਚੱਲ ਰਿਹਾ ਹੈ), ਬਾਲ-ਘਰ ਸੰਤ ਕਬੀਰ ਅਕੈਡਮੀ ਤਲਵੰਡੀ ਧਾਮ ਸ਼ਾਮਲ ਹਨ। ਸੰਸਥਾ ਵਲੋਂ ਕੁਝ ਹੋਰ ਸੈਂਟਰ ਵੀ ਸਥਾਪਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਏ.ਸੀ. ਕਮਰਿਆਂ ਦੀ ਸਹੂਲਤ ਹੋਵੇਗੀ ਤੇ ਇਥੇ ਬੇਸਹਾਰਾ ਨਵਜੰਮੇ ਬੱਚਿਆਂ ਨੂੰ ਰੋਗ-ਰਹਿਤ ਮਾਹੌਲ ਵਿੱਚ ਰੱਖਿਆ ਜਾਵੇਗਾ। ਇਸੇ ਸਾਲ ਬਾਲ-ਘਰ ਵਿਖੇ ਅਨੰਦਘਰ ਸੰਪੂਰਨ ਹੋਣ ਜਾ ਰਿਹਾ ਹੈ। ਇਹ ਸੈਂਟਰ ਅਮੇਰਿਕਨ ਡਿਸਅਬਿਲਟੀ ਸੈਂਟਰ ਦੀ ਤਰਜ਼ 'ਤੇ ਕੰਮ ਕਰੇਗਾ ਤੇ ਇਥੇ ਖਾਸ ਤਰੀਕੇ ਦੇ ਅੰਗਹੀਣ ਜਾਂ ਮੰਦ-ਬੁੱਧੀ ਬਚਿਆਂ ਨੂੰ ਰੱਖਿਆ ਜਾਵੇਗਾ। ਇਹ ਫੰਡ ਰੇਜ਼ਰ ਰੋਜ਼ਵਿੱਲ ਵਿੱਚ ਇਸ ਕਰਕੇ ਰੱਖਿਆ ਗਿਆ ਤਾਂ ਜੋ ਗਰੇਟਰ ਸੈਕਰਾਮੈਂਟੋ ਏਰੀਏ ਵਿੱਚ ਵਾਲੰਟੀਅਰ ਤਾਕਤ ਨੂੰ ਵਧਾਇਆ ਜਾ ਸਕੇ।

**ਇਸ ਈਵੈਂਟ ਦੀਆਂ ਟਿਕਟਾ ਖਰੀਦਣ ਲਈ :**

ttps://sahaita.yapsody.com 'ਤੇ ਕਲਿੱਕ ਕਰੋ। ਇਸ ਪ੍ਰੋਗਰਾਮ ਦੀ ਸਫਲਤਾ ਲਈ ਸਪਾਂਸਰ commitee'sahaita.org 'ਤੇ ਈਮੇਲ ਕਰ ਸਕਦੇ ਹਨ। ਇਸ ਫੰਡ ਰੇਜ਼ਰ ਸਬੰਧੀ ਹੋਰ ਜਾਣਕਾਰੀ ਲੈਣ ਲਈ ਈਮੇਲ ਪਤਾ info'sahaita.org.

## ਬ੍ਰਿਟਿਸ਼ ਕੋਲੰਬੀਆ : ਨਵੇਂ ਮੰਤਰੀ ਮੰਡਲ ਵਿਚ ਦੋ ਪੰਜਾਬੀ ਹੈਰੀ ਬੈਂਸ ਤੇ ਜਿੰਨੀ ਸਿਮਜ਼ ਸ਼ਾਮਲ

**ਵੈਨਕੂਵਰ/ਬਿਊਰੋ ਨਿਊਜ਼ :** ਬ੍ਰਿਟਿਸ਼ ਕੋਲੰਬੀਆ ਵਿਚ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਬਾਰੇ ਅਨਿਸ਼ਚਿਤਤਾ ਖਤਮ ਹੋ ਗਈ। ਐਨ.ਡੀ.ਪੀ. ਸਰਕਾਰ ਵੱਲੋਂ ਜੌਹਨ ਹੋਰਗਨ ਦੀ ਅਗਵਾਈ (ਮੁੱਖ ਮੰਤਰੀ) ਹੇਠ 22 ਮੈਂਬਰੀ ਮੰਤਰੀ ਮੰਡਲ ਨੇ ਸਹੁੰ ਚੁੱਕ ਲਈ ਹੈ। ਪੰਜਾਬੀ ਭਾਈਚਾਰੇ 'ਚੋਂ ਹੈਰੀ ਬੈਂਸ ਤੇ ਜਿੰਨੀ ਸਿਮਜ਼ ਨੂੰ ਮੰਤਰੀ ਬਣਾਇਆ ਗਿਆ ਹੈ। ਮੰਤਰੀ ਮੰਡਲ ਦਾ ਗਠਨ ਕਰਦਿਆਂ ਸਮਾਜ ਦੇ ਸਾਰੇ ਵਰਗਾਂ ਅਤੇ ਪਾਰਟੀ ਦੇ ਮਜ਼ਬੂਤ ਆਧਾਰ ਨੂੰ ਧਿਆਨ ਵਿਚ ਰੱਖ ਕੇ ਸੰਤੁਲਨ ਬਿਠਾਇਆ ਗਿਆ ਹੈ। ਪਾਰਟੀ ਦੀ ਸਾਬਕਾ ਪ੍ਰਧਾਨ ਕੈਰੋਲ ਜੇਮਜ਼ ਨੂੰ ਉਪ ਮੁੱਖ ਮੰਤਰੀ ਵਜੋਂ ਮਾਨਤਾ ਦੇ ਨਾਲ ਵਿੱਤ ਮੰਤਰਾਲਾ ਸੌਂਪਿਆ ਗਿਆ ਹੈ। ਮੈਂਟਲ ਹੈਲਥ ਤੇ ਐਡਿਕਸ਼ਨ ਨਾਂਅ ਹੇਠ ਨਵੇਂ ਮੰਤਰਾਲੇ ਦਾ ਗਠਨ ਕਰਕੇ ਇਸ ਦੀ ਜ਼ਿੰਮੇਵਾਰੀ ਜੂਡੀ ਡਾਰਸੀ ਨੂੰ ਸੌਂਪੀ ਗਈ ਹੈ। ਲੰਮੇ ਸਮੇਂ ਤੋਂ ਸਰ੍ਹੀ ਵਾਲਿਆਂ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਹੈਰੀ ਬੈਂਸ ਨੂੰ ਕਿਰਤ ਮੰਤਰੀ ਅਤੇ ਪਾਰਟੀ ਦੀ ਸਾਬਕ ਸੰਸਦ ਮੈਂਬਰ ਹੁਣ ਸਰੀ ਪੈਨੋਰਮਾ ਤੋਂ ਵਿਧਾਇਕ ਜਿੰਨੀ ਸਿਮਜ਼ (ਜੁਗਿੰਦਰ ਕੌਰ ਹੋਠੀ) ਨੂੰ ਨਾਗਰਿਕ ਸੇਵਾਵਾਂ ਮੰਤਰੀ ਬਣਾਇਆ ਗਿਆ ਹੈ। ਪਾਰਟੀ ਦੇ ਸਾਬਕ





ਪ੍ਰਧਾਨ ਐਡਰੀਅਨ ਡਿਕਸ ਨੂੰ ਸਿਹਤ ਮੰਤਰੀ ਅਤੇ ਸਰ੍ਹੀ ਤੋਂ ਹੀ ਵਿਧਾਇਕ ਬਰੂਸ ਰੈਲਸਟਨ ਨੂੰ ਰੁਜ਼ਗਾਰ ਅਤੇ ਟਰੇਡ ਟੈਕਨੋਲੋਜੀ ਵਿਭਾਗ ਸੌਂਪੇ ਗਏ ਹਨ। ਲੋਅਰ ਮੇਨਲੈਂਡ ਅਤੇ ਵੈਨਕੂਵਰ ਆਈਲੈਂਡ ਖੇਤਰ ਜਿਥੋਂ ਪਾਰਟੀ ਨੂੰ ਕਾਫੀ ਸੀਟਾਂ 'ਤੇ ਜਿੱਤ ਹਾਸਲ ਹੋਈ, 15 ਮੰਤਰੀ ਇਸੇ ਇਲਾਕੇ ਨਾਲ ਸਬੰਧਤ ਹਨ। ਉੱਤਰੀ ਖੇਤਰ ਦੇ ਚਾਰ ਸੀਟਾਂ ਵਾਲੇ ਪ੍ਰਿੰਸ ਜੌਰਜ ਖੇਤਰ ਵਿਚੋਂ ਪਾਰਟੀ ਦਾ ਕੋਈ ਵਿਧਾਇਕ ਨਾ ਹੋਣ ਕਾਰਨ, ਮੰਤਰੀ ਮੰਡਲ ਵਿਚ ਪ੍ਰਤੀਨਿਧਤਾ ਤੋਂ ਵਾਂਝਾ ਰਹਿ ਗਿਆ। ਰਾਜ ਭਵਨ ਵਿਚ ਲੈਫਟੀਨੈਂਟ ਗਵਰਨਰ ਵੱਲੋਂ ਸਹੁੰ ਚੁਕਾਏ ਜਾਣ ਤੋਂ ਬਾਅਦ ਸਾਰੇ ਮੰਤਰੀ ਇਕ ਬੱਸ ਵਿਚ ਬੈਠ ਕੇ ਸਕੱਤਰੇਤ ਪੁੱਜੇ ਤੇ ਆਪਣੇ ਆਪਣੇ ਮੰਤਰਾਲਿਆਂ ਦੀ ਜ਼ਿੰਮੇਵਾਰੀ ਸੰਭਾਲੀ। ਬੀ.ਸੀ. ਵਿਚ ਸਹੁੰ ਚੁੱਕਣ ਵਾਲੀ ਐਨ. ਡੀ.ਪੀ. ਵਜ਼ਾਰਤ ਵਿਚ 6 ਪਾਰਲੀਮਾਨੀ ਸਕੱਤਰ ਵੀ ਬਣਾਏ ਗਏ ਹਨ, ਜਿਨ੍ਹਾਂ ਵਿਚੋਂ ਪਹਿਲੀ ਵਾਰ ਵਿਧਾਇਕ ਬਣਨ ਵਾਲੇ ਰਵੀ ਕਾਹਲੋਂ ਵੀ ਹਨ। ਫੀਲਡ ਹਾਕੀ ਵਿਚ ਕੈਨੇਡਾ ਵੱਲੋਂ ਓਲੰਪਿਕ ਖੇਡਣ ਵਾਲੇ ਸ੍ਰੀ ਕਾਹਲੋਂ ਨੂੰ ਖੇਡਾਂ ਤੇ ਬਹੁ ਸਭਿਆਚਾਰ ਵਿਭਾਗ ਦਿੱਤਾ ਗਿਆ ਹੈ।

## ਜੀ.ਐਚ.ਜੀ. ਅਕੈਡਮੀ ਫਰਿਜ਼ਨੋਂ ਵੱਲੋਂ 9ਵਾਂ ਕੌਮਾਂਤਰੀ ਯੁਵਕ ਮੇਲਾ 29 ਜੁਲਾਈ, ਸ਼ਨਿੱਚਰਵਾਰ ਨੂੰ

**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):**

ਜੀ.ਐਚ.ਜੀ. ਸੰਗੀਤ ਅਤੇ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਸਾਲਾਨਾ ਪ੍ਰੋਗਰਾਮ ਤਹਿਤ ਗਿੱਧਾ, ਭੰਗੜਾ ਅਤੇ ਸੰਗੀਤ ਸਿਖਲਾਈ ਕੈਂਪ 14 ਤੋਂ 28 ਜੁਲਾਈ ਤੱਕ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਲਾਇਆ ਗਿਆ ਹੈ। ਇਸ ਕੈਂਪ ਵਿੱਚ 500 ਤੋਂ ਵੱਧ ਬੱਚੇ ਹਿੱਸਾ ਲੈ ਰਹੇ ਹਨ। ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 29 ਜੁਲਾਈ, ਸ਼ਨਿੱਚਰਵਾਰ ਨੂੰ 9ਵਾਂ ਕੌਮਾਂਤਰੀ ਯੁਵਕ ਮੇਲਾ ਸੈਂਟਰਲ ਹਾਈ ਸਕੂਲ, 3535 N. Cornelia Ave, Fresno, CA-93722 ਵਿਚ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਅਮਰੀਕਾ-ਕੈਨੇਡਾ ਤੋਂ ਵੱਖ-ਵੱਖ ਉਮਰ ਵਰਗ ਦੀਆਂ ਟੀਮਾਂ ਸ਼ਿਰਕਤ ਕਰਨਗੀਆਂ। ਟੀਮਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਮੇਲਾ ਠੀਕ ਸਵੇਰੇ 10:00 ਵਜ਼ੇ ਸ਼ੁਰੂ ਹੋ ਜਾਵੇਗਾ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਉਦੈਦੀਪ ਸਿੰਘ ਸਿੱਧੂ (559) 355-4065 ਜਾਂ ਪਰਮਜੀਤ ਸਿੰਘ ਧਾਲੀਵਾਲ (559) 351-9465 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਧਨਾਢ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਹੂਲਤ ਛੱਡਣ ਦੀ ਅਪੀਲ ਨੇ ਕੈਪਟਨ ਨੂੰ ਲਾਇਆ 'ਕਰੰਟ'

**ਚੰਡੀਗੜ੍ਹ/ਹਮੀਰ ਸਿੰਘ :**
ਪੰਜਾਬ ਵਿਚ ਖ਼ਤਰੇ ਦੀ ਹੱਦ ਤਕ ਹੇਠਾਂ ਜਾ ਚੁੱਕੇ ਧਰਤੀ ਹੇਠਲੇ ਪਾਣੀ ਦੀ ਬੱਚਤ ਤੋਂ ਇਲਾਵਾ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਸਹਾਇਤਾ ਦੇਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੱਡੇ ਕਿਸਾਨਾਂ ਨੂੰ ਸਵੈਇਛੁੱਕ ਤੌਰ 'ਤੇ ਮੁਫ਼ਤ ਬਿਜਲੀ ਦੀ ਸਹੂਲਤ ਛੱਡਣ ਦੀ ਕੀਤੀ ਅਪੀਲ ਹਵਾ-ਹਵਾਈ ਹੋ ਗਈ ਹੈ। ਕੈਪਟਨ ਅਮਰਿੰਦਰ, ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ, ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖ਼ਪਾਲ ਸਿੰਘ ਖਹਿਰਾ ਤੇ ਇੱਕ ਹੋਰ ਕਿਸਾਨ ਹੀ ਮੈਦਾਨ ਵਿਚ ਨਿੱਤਰੇ ਹਨ ਜਦੋਂ ਕਿ ਜ਼ਿਆਦਾਤਰ ਸਿਆਸੀ ਆਗੂਆਂ ਨੇ ਚੁੱਪ ਵੱਟੀ ਬੈਠੇ ਹਨ।



19 ਜੂਨ, 2017 ਨੂੰ ਵਿਧਾਨ ਸਭਾ ਅੰਦਰ ਕੈਪਟਨ ਅਮਰਿੰਦਰ ਨੇ ਕਿਸਾਨਾਂ ਲਈ ਮੁਫ਼ਤ ਬਿਜਲੀ ਦੀ ਸੁਵਿਧਾ ਜਾਰੀ ਰੱਖਣ ਦਾ ਐਲਾਨ ਕਰਦਿਆਂ ਵੱਡੇ ਕਿਸਾਨਾਂ ਨੂੰ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਛੱਡਣ ਦੀ ਅਪੀਲ ਕੀਤੀ ਸੀ। ਉਸ ਸਮੇਂ ਕਾਂਗਰਸ ਵਿਧਾਇਕਾਂ ਨੇ ਇਸ ਦਾ ਹੱਥ ਖੜ੍ਹੇ ਕਰਕੇ ਸਮਰਥਨ ਕੀਤਾ ਸੀ। ਪੰਜਾਬ ਵਿਚ 14 ਲੱਖ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਹਨ। ਸਰਕਾਰ ਵੱਲੋਂ ਮੁਫ਼ਤ ਬਿਜਲੀ ਦੇ ਸਾਲ 2016-17 ਵਿਚ 6364.49 ਕਰੋੜ ਰੁਪਏ ਅਦਾ ਕੀਤੇ ਜਾਣੇ ਸਨ। ਪਿਛਲੇ ਦੋ ਸਾਲਾਂ ਦੀ ਲਗਭਗ 2300 ਕਰੋੜ ਰੁਪਏ ਸਬਸਿਡੀ ਰਾਸ਼ੀ ਸਰਕਾਰ ਵੱਲ ਬਕਾਇਆ ਖੜ੍ਹੀ ਹੋਣ ਕਰਕੇ ਇਸ ਵਾਰ ਦੇ ਬਜਟ ਵਿਚ ਬਿਜਲੀ ਸਬਸਿਡੀ 'ਤੇ 10 ਹਜ਼ਾਰ ਕਰੋੜ ਰੁਪਏ ਖਰਚ ਹੋਣੇ ਹਨ। ਬਜਟ ਵਾਲੇ ਦਿਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੋਂ ਮੁਫ਼ਤ ਬਿਜਲੀ ਦੀ ਸਹੂਲਤ ਛੱਡਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਸੀ ਕਿ ਉਹ ਸਭ ਤੋਂ ਪਹਿਲਾਂ ਤਿਆਰ ਹਨ ਪਰ ਉਨ੍ਹਾਂ ਕੋਲ ਕੋਈ ਟਿਊਬਵੈੱਲ ਕੁਨੈਕਸ਼ਨ ਹੀ ਨਹੀਂ ਹੈ।

ਸ੍ਰੀ ਨਾਗਰਾ ਨੇ ਕਿਹਾ ਕਿ ਉਨ੍ਹਾਂ ਵਿਧਾਨ ਸਭਾ ਦੇ ਅੰਦਰ ਹੀ ਮੁਫ਼ਤ ਬਿਜਲੀ ਦੀ ਸੁਵਿਧਾ ਛੱਡਣ ਤੋਂ ਇਲਾਵਾ ਬਤੌਰ ਵਿਧਾਇਕ ਇੱਕ ਮਹੀਨੇ ਦੀ ਤਨਖ਼ਾਹ ਵੀ ਕਿਸਾਨਾਂ-ਮਜ਼ਦੂਰਾਂ ਦੇ ਹਿੱਤ ਵਿਚ ਦੇਣ ਦਾ ਐਲਾਨ ਕੀਤਾ ਸੀ। ਜਲਦੀ ਉਹ ਆਪਣੀ ਤਨਖ਼ਾਹ ਮੁੱਖ ਮੰਤਰੀ ਦਫ਼ਤਰ ਨੂੰ ਦੇਣਗੇ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਮੁੱਖ ਮੰਤਰੀ ਦੀ ਅਪੀਲ 'ਤੇ ਅਮਲ ਕਰਾਉਣ ਲਈ ਆਗੂਆਂ ਤੇ ਵੱਡੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਦਾ ਤਰੀਕਾ ਵੀ ਲੱਭ ਰਹੀ ਹੈ। ਗੌਰਤਲਬ ਹੈ ਕਿ ਸੁਖ਼ਪਾਲ ਸਿੰਘ ਖਹਿਰਾ ਨੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 2015 ਵਿੱਚ ਇੱਕ ਚਿੱਠੀ ਲਿਖ ਕੇ ਗਰੀਬ ਕਿਸਾਨਾਂ ਦੀ ਬਾਂਹ ਫੜਨ ਲਈ ਵੱਡੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਛੱਡਣ ਦੀ ਅਪੀਲ ਕਰਦਿਆਂ ਆਪਣੇ 9 ਟਿਊਬਵੈਲਾਂ ਦੀ ਮੁਫ਼ਤ ਬਿਜਲੀ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਇਸ ਵਿਚ ਕਿਹਾ ਸੀ ਕਿ ਲਗਭਗ 50 ਦੇ ਕਰੀਬ ਬਾਦਲ ਪਰਿਵਾਰ ਦੇ ਟਿਊਬਵੈਲਾਂ ਦੀ ਮੁਫ਼ਤ ਬਿਜਲੀ ਦੀ ਸਹੂਲਤ ਵਾਪਸ ਕਰ ਦਿੱਤੀ ਜਾਵੇ। ਬਾਦਲ ਤਾਂ ਖਾਮੋਸ਼ ਰਹੇ ਪਰ ਪਾਵਰਕੌਮ ਦੇ ਅਧਿਕਾਰੀਆਂ ਨੇ ਖਹਿਰਾ ਦੀ ਚਿੱਠੀ ਨੂੰ ਪੰਜਾਬ ਸਰਕਾਰ ਕੋਲ ਭੇਜ ਦਿੱਤਾ ਸੀ ਕਿਉਂਕਿ ਇਹ ਨੀਤੀਗਤ ਮਾਮਲੇ ਨਾਲ ਸਬੰਧਤ ਹੈ। ਬਿਜਲੀ ਸੁਧਾਰ ਵਿੰਗ ਦੇ ਓਐਸਡੀ ਨੇ ਪਾਵਰਕੌਮ ਦੇ ਚੇਅਰਮੈਨ-ਕਮ-ਪ੍ਰਬੰਧਕੀ ਨਿਰਦੇਸ਼ਕ ਦੇ ਨਾਂ ਫਰਵਰੀ 2017 ਵਿੱਚ ਲਿਖੀ ਚਿੱਠੀ ਵਿਚ ਕਿਹਾ ਸੀ ਕਿ ਜੇਕਰ ਕੋਈ ਮੁਫ਼ਤ ਬਿਜਲੀ ਦੀ ਸਹੂਲਤ ਛੱਡਣਾ ਚਾਹੁੰਦਾ ਹੈ ਤਾਂ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ। ਸੂਤਰਾਂ ਅਨੁਸਾਰ ਪਟਿਆਲਾ ਦੀ ਕੈਂਟ ਡਿਵੀਜ਼ਨ ਪੂਰਬੀ ਦੇ ਅਧੀਨ ਆਉਂਦੇ ਪਿੰਡ ਭਾਨਰੀ ਦੇ ਕਿਸਾਨ ਸੁਖਵਿੰਦਰ ਸਿੰਘ ਨੇ ਵੀ ਆਪਣੇ 20 ਹਾਰਸ ਪਾਵਰ ਦੇ ਟਿਊਬਵੈਲ ਕੁਨੈਕਸ਼ਨ ਦੀ ਮੁਫ਼ਤ ਬਿਜਲੀ ਛੱਡਣ ਦੀ ਪੇਸ਼ਕਸ਼ ਕੀਤੀ ਹੈ। ਸੂਤਰਾਂ ਅਨੁਸਾਰ ਪੰਜਾਬ ਵਿਚ ਵਾਹੀ ਵਾਲੀ 30 ਫ਼ੀਸਦ ਜ਼ਮੀਨ ਵੱਡੇ ਕਿਸਾਨਾਂ ਕੋਲ ਹੈ। ਸੂਬੇ ਵਿਚ 17 ਸਟੈਂਡਰਡ ਏਕੜ ਤੋਂ ਵੱਧ ਜ਼ਮੀਨ ਦੀ ਮਾਲਕੀ ਨੂੰ ਕਾਨੂੰਨੀ ਦਾਇਰੇ ਤੋਂ ਬਾਹਰ ਮੰਨਿਆ ਜਾਂਦਾ ਹੈ। ਜੇਕਰ 17 ਏਕੜ ਤੋਂ ਉਪਰ ਦੀ ਖੇਤੀ ਕਰਨ ਵਾਲਿਆਂ ਦੀ ਮੁਫ਼ਤ ਬਿਜਲੀ ਵਾਪਸ ਲੈ ਲਈ ਜਾਵੇ ਤਾਂ ਸਰਕਾਰ ਨੂੰ ਤਕਰੀਬਨ ਸਾਢੇ ਤਿੰਨ ਲੱਖ ਟਿਊਬਵੈਲਾਂ ਤੋਂ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਦੀ ਬੱਚਤ ਹੋ ਸਕਦੀ ਹੈ।

### ਪੰਜਾਬ ਵਿੱਚ ਬਿਜਲੀ ਦੀ ਮੰਗ ਦੇ ਸਾਰੇ ਰਿਕਾਰਡ ਟੁੱਟੇ

ਚੰਡੀਗੜ੍ਹ : ਮੌਨਸੂਨ ਦੀ ਘਾਟ ਕਾਰਨ ਪੰਜਾਬ ਵਿਚ ਬਿਜਲੀ ਦੀ ਮੰਗ ਦੇ ਸਾਰੇ ਰਿਕਾਰਡ ਟੁੱਟ ਗਏ ਹਨ। ਪਾਵਰਕੌਮ ਅਧਿਕਾਰੀਆਂ ਨੇ ਦੱਸਿਆ ਕਿ 11 ਜੁਲਾਈ ਨੂੰ ਸਭ ਤੋਂ ਜ਼ਿਆਦਾ 11681 ਮੈਗਾਵਾਟ ਬਿਜਲੀ ਦੀ ਸਪਲਾਈ ਦਿੱਤੀ ਗਈ। ਇਸ ਤੋਂ ਪਹਿਲਾਂ ਪਹਿਲੀ ਜੁਲਾਈ, 2016 ਨੂੰ ਸਭ ਤੋਂ ਵੱਧ ਬਿਜਲੀ ਦੀ ਮੰਗ ਰਿਕਾਰਡ ਕੀਤੀ ਗਈ ਸੀ। ਪਾਵਰਕੌਮ ਨੂੰ ਬਿਜਲੀ ਦੀ ਸਪਲਾਈ ਦੇਣ ਵਿਚ ਕੋਈ ਦਿੱਕਤ ਨਹੀਂ ਆ ਰਹੀ ਪਰ ਦਿਹਾਤੀ ਗਰਿੱਡਾਂ ਦੇ ਓਵਰਲੋਡ ਹੋਣ ਕਾਰਨ ਪਿੰਡਾਂ ਦੀ ਬਿਜਲੀ ਸਪਲਾਈ ਵਿਚ ਵਿਘਨ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ। ਬਿਜਲੀ ਦੀ ਮੰਗ 10 ਹਜ਼ਾਰ ਮੈਗਾਵਾਟ ਤਕ ਪਹੁੰਚਣ ਦੀ ਸੰਭਾਵਨਾ ਹੈ। ਪਾਵਰਕੌਮ ਵੱਲੋਂ ਮੰਗ ਪੂਰੀ ਕਰਨ ਲਈ ਤਕਰੀਬਨ 1 ਹਜ਼ਾਰ ਮੈਗਾਵਾਟ ਬਿਜਲੀ ਹੋਰ ਸੂਬਿਆਂ ਤੋਂ ਖਰੀਦੀ ਜਾ ਰਹੀ ਹੈ। ਇਸ ਲਈ ਰੋਜ਼ਾਨਾ 10 ਕਰੋੜ ਰੁਪਏ ਅਦਾ ਕੀਤੇ ਜਾ ਰਹੇ ਹਨ। ਪਾਵਰਕੌਮ ਵੱਲੋਂ ਆਪਣੇ ਨਿੱਜੀ ਥਰਮਲਾਂ ਦੇ 4 ਯੂਨਿਟ ਹੀ ਚਲਾਏ ਗਏ ਹਨ, ਜਿਨ੍ਹਾਂ ਤੋਂ 679 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ। ਨਿੱਜੀ ਖੇਤਰ ਦੇ ਥਰਮਲਾਂ ਦੀ ਗੱਲ ਕਰੀਏ ਤਾਂ ਤਲਵੰਡੀ ਸਾਬੋ ਦੇ ਥਰਮਲ ਪਲਾਂਟ ਤੋਂ 1527 ਮੈਗਾਵਾਟ, ਰਾਜਪੁਰਾ ਤੋਂ 1287 ਤੇ ਗੋਇੰਦਵਾਲ ਸਾਹਿਬ ਦੇ ਜੀਵੀਕੇ ਥਰਮਲ ਪਲਾਂਟ ਤੋਂ 189 ਮੈਗਾਵਾਟ ਬਿਜਲੀ ਲਈ ਜਾ ਰਹੀ ਹੈ। ਕੇਂਦਰੀ ਪੂਲ ਤੋਂ ਖ਼ਰੀਦੀ ਬਿਜਲੀ ਸਮੇਤ 5900 ਮੈਗਾਵਾਟ ਹੋਰ ਬਿਜਲੀ ਲਈ ਜਾ ਰਹੀ ਹੈ। ਪਾਵਰਕੌਮ ਨੇ ਆਪਣੇ ਥਰਮਲਾਂ ਦੇ 10 ਯੂਨਿਟ ਬੰਦ ਕੀਤੇ ਹੋਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬਾਹਰੋਂ ਸਸਤੀ ਬਿਜਲੀ ਮਿਲਣ ਕਾਰਨ ਇਹ ਯੂਨਿਟ ਬੰਦ ਕੀਤੇ ਗਏ ਹਨ। ਪਾਵਰਕੌਮ ਵੱਲੋਂ ਬਾਹਰੋਂ 2 ਤੋਂ 3 ਰੁਪਏ ਪ੍ਰਤੀ ਯੂਨਿਟ ਬਿਜਲੀ ਖ਼ਰੀਦੀ ਜਾਂਦੀ ਹੈ ਜਦੋਂ ਕਿ ਖ਼ਪਤਕਾਰਾਂ ਤੋਂ 6 ਰੁਪਏ ਪ੍ਰਤੀ ਯੂਨਿਟ ਵਸੂਲੇ ਜਾਂਦੇ ਹਨ।

# ਕੈਪਟਨ ਨੇ ਜੇਤਲੀ ਤੋਂ ਉਹ ਮੰਗ ਕੀਤੀ ਜਿਸ ਦੀ ਆਰ.ਬੀ.ਆਈ. ਇਜਾਜ਼ਤ ਨਹੀਂ ਦਿੰਦਾ

## *ਫਸਲ ਕਰਜ਼ੇ ਦੀ ਲਾਂਗ ਟਰਮ 'ਚ ਤਬਦੀਲੀ ਤਾਂ ਹੀ ਸੰਭਵ ਜਦੋਂ ਫਸਲ ਕੁਦਰਤੀ ਆ.ਫਤ 'ਚ .ਖਰਾਬ ਹੋਵੇ*



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਕਿਸਾਨ ਕਰਜ਼ਾ ਮੁਆਫ਼ੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਲਈ ਜੀ ਦਾ ਜੰਜਾਲ ਬਣੀ ਹੋਈ ਹੈ। ਕਿਸਾਨ ਕਰਜ਼ਾ ਮੁਆਫ਼ੀ ਦਾ ਆਪਣਾ ਚੋਣ ਵਾਅਦਾ ਪੂਰਾ ਕਰਨ ਲਈ ਪੰਜਾਬ ਸਰਕਾਰ ਵਾਰ ਵਾਰ ਕੇਂਦਰ ਦੀ ਹਾਜ਼ਰੀ ਲਾਉਣ ਦਿੱਲੀ ਚੱਕਰ ਕੱਟ ਰਹੀ ਹੈ। ਵੀਰਵਾਰ ਨੂੰ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੌਮੀ ਅਤੇ ਪ੍ਰਾਈਵੇਟ ਬੈਂਕਾਂ ਤੋਂ ਸੂਬੇ ਦੇ ਕਿਸਾਨਾਂ ਵੱਲੋਂ ਲਏ ਛੇ ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦਾ ਯਕਮੁਸ਼ਤ ਨਿਪਟਾਰਾ ਕੀਤਾ ਜਾਵੇ। ਮੁੱਖ ਮੰਤਰੀ ਨੇ ਦੱਸਿਆ ਕਿ ਬੈਂਕਾਂ ਦੇ ਕਰਜ਼ੇ ਦੇ ਨਿਪਟਾਰੇ ਨਾਲ ਪੰਜਾਬ ਦੇ 4.5 ਲੱਖ ਕਿਸਾਨਾਂ ਨੂੰ ਲਾਹਾ ਮਿਲੇਗਾ। ਉਨ੍ਹਾਂ ਨੇ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦੇ ਕੇ 6000 ਕਰੋੜ ਰੁਪਏ ਦਾ ਕਰਜ਼ਾ 'ਮਿਆਦੀ ਕਰਜ਼ੇ' ਵਿੱਚ ਤਬਦੀਲ ਕਰਨ ਲਈ ਕੇਂਦਰੀ ਵਿੱਤ ਮੰਤਰੀ ਦੇ ਦਖ਼ਲ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਬੈਂਕਾਂ ਨੇ ਕਿਸਾਨਾਂ ਨੂੰ 'ਅਨੈਤਿਕ ਕਰਜ਼ਾ' ਦੇ ਕੇ ਕਰਜ਼ੇ ਦੇ ਜਾਲ ਵਿੱਚ ਫ਼ਸਾਇਆ ਹੈ। ਉਨ੍ਹਾਂ ਨੇ ਸੂਬੇ ਦਾ ਵਿੱਤੀ ਬੋਝ ਘਟਾਉਣ ਲਈ 31 ਹਜ਼ਾਰ ਕਰੋੜ ਰੁਪਏ ਦੀ ਸੀ.ਸੀ.ਐਲ. ਨਾਲ ਸਬੰਧਤ ਕਰਜ਼ੇ ਦੇ ਨਿਪਟਾਰੇ ਦੇ ਮੁੱਦੇ ਬਾਰੇ ਵੀ ਵਿੱਤ ਮੰਤਰੀ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਇਸ ਮੁੱਦੇ 'ਤੇ ਇੱਕ ਕਮੇਟੀ ਬਣਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ 12,500 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਿਟ (ਸੀਸੀਐਲ) 'ਤੇ 18,500 ਕਰੋੜ ਰੁਪਏ ਦਾ ਵਿਆਜ ਠੀਕ ਨਹੀਂ ਹੈ। ਇਸ ਨਾਲ ਤਾਂ ਸੂਬੇ ਨੂੰ ਅਗਲੇ 20 ਸਾਲ ਤੱਕ ਹਰ ਸਾਲ 270 ਕਰੋੜ ਰੁਪਏ ਤਾਰਨੇ ਪੈਣਗੇ। ਕੈਪਟਨ ਨੇ ਅਨਾਜ ਦੀ ਖ਼ਰੀਦ ਸਬੰਧੀ ਸੂਬੇ ਨੂੰ ਹੋਏ ਨੁਕਸਾਨ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਆਖਿਆ ਕਿ ਹਰ ਸਾਲ 40 ਹਜ਼ਾਰ ਕਰੋੜ ਰੁਪਏ ਦੀ ਖ਼ਰੀਦ ਕੀਤੀ ਜਾਂਦੀ ਹੈ। ਇਸ ਦੌਰਾਨ ਸੂਬੇ ਨੂੰ 5500 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ, ਜਿਸ ਵਿੱਚ ਕਿਸ਼ਤਾਂ ਦਾ ਭੁਗਤਾਨ ਅਤੇ ਸੀ.ਸੀ.ਐਲ. ਕਰਜ਼ੇ ਦੇ ਬਕਾਏ 'ਤੇ ਵਿਆਜ ਦੇ ਤਕਰੀਬਨ 3500 ਕਰੋੜ ਸ਼ਾਮਲ ਹਨ। ਉਨ੍ਹਾਂ ਨੇ ਜ਼ਿਆਦਾ ਵਿਆਜ ਵਾਲੇ ਐਨ.ਐਸ.ਐਸ.ਐਫ. ਦੇ 22,110 ਕਰੋੜ ਰੁਪਏ ਦੇ ਕਰਜ਼ੇ ਅਤੇ 33,938 ਕਰੋੜ ਰੁਪਏ ਦੇ ਮੰਡੀ ਕਰਜ਼ੇ ਨੂੰ ਘੱਟ ਵਿਆਜ ਵਾਲੇ ਕਰਜ਼ੇ ਵਿੱਚ ਤਬਦੀਲ ਕਰਨ ਦੇ ਪ੍ਰਸਤਾਵ ਨੂੰ ਵੀ ਵਿਚਾਰਨ ਦੀ ਬੇਨਤੀ ਕੀਤੀ। ਇਸ ਨਾਲ 3,363 ਕਰੋੜ ਰੁਪਏ ਤੋਂ ਵੱਧ ਦੇ ਵਿਆਜ ਤੋਂ ਬਚਣ ਵਿੱਚ ਮਦਦ ਕਰੇਗੀ। ਇਸ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਹਾਜ਼ਰ ਸਨ।

# ਮੋਦੀ ਸਰਕਾਰ ਦਾ ਖੇਤੀ ਕਰਜ਼ਾ ਮੁਆ.ਫੀ ਤੋਂ ਸਾ.ਫ ਇਨਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼** :ਦੇਸ਼ ਭਰ ਦੇ ਕਰਜ਼ਿਆਂ ਹੇਠ ਦੱਬੇ ਕਿਸਾਨਾਂ ਦੀਆਂ ਉਮੀਦਾਂ ਉਤੇ ਪਾਣੀ ਫੇਰਦਿਆਂ ਕੇਂਦਰ ਸਰਕਾਰ ਨੇ ਸਾਫ਼ ਆਖ ਦਿੱਤਾ ਕਿ ਇਸ ਵੱਲੋਂ ਖੇਤੀ ਕਰਜ਼ੇ ਮੁਆਫ਼ ਕਰਨ ਸਬੰਧੀ ਕਿਸੇ ਤਜਵੀਜ਼ ਉਤੇ ਗ਼ੌਰ ਨਹੀਂ ਕੀਤੀ ਜਾ ਰਹੀ। ਇਹ ਗੱਲ ਲੋਕ ਸਭਾ ਵਿੱਚ ਇਕ ਲਿਖਤੀ ਸਵਾਲ ਦਾ ਜਵਾਬ ਦਿੰਦਿਆਂ ਵਿੱਤ ਰਾਜ ਮੰਤਰੀ ਸੰਤੋਸ਼ ਕੁਮਾਰ ਗੰਗਵਾਰ ਨੇ ਆਖੀ। ਕਾਂਗਰਸ ਨੇ ਮੰਤਰੀ ਦੇ ਬਿਆਨ ਦਾ ਵਿਰੋਧ ਕਰਦਿਆਂ ਜ਼ੋਰਦਾਰ ਹੰਗਾਮਾ ਕੀਤਾ ਤੇ ਬਾਅਦ ਵਿੱਚ ਪਾਰਟੀ ਮੈਂਬਰ ਸਦਨ ਤੋਂ ਵਾਕ-ਆਊਟ ਕਰ ਗਏ। ਉਧਰ ਹਾਕਮ ਧਿਰ ਨੇ ਕਿਸਾਨਾਂ ਦੇ ਮਸਲਿਆਂ 'ਤੇ ਕਾਂਗਰਸ ਉਤੇ 'ਮਗਰਮੱਛ ਦੇ ਹੰਝੂ' ਵਹਾਉਣ ਦਾ ਦੋਸ਼ ਲਾਇਆ।

ਸ੍ਰੀ ਗੰਗਵਾਰ ਨੇ ਆਪਣੇ ਜਵਾਬ ਵਿੱਚ ਕਿਹਾ ਕਿ ਕੇਂਦਰ ਸਰਕਾਰ ਨੇ ਬੀਤੇ ਤਿੰਨ ਸਾਲਾਂ ਦੌਰਾਨ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਕਿਸੇ ਸਕੀਮ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਆਖਿਆ, "ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਕਿਸੇ ਤਜਵੀਜ਼ ਉਤੇ ਵਿਚਾਰ ਨਹੀਂ ਕੀਤੀ ਜਾ ਰਹੀ।" ਗ਼ੌਰਤਲਬ ਹੈ ਕਿ ਬੀਤੀ 12 ਜੂਨ ਨੂੰ ਵਿੱਤ ਮੰਤਰੀ ਅਰੁਣ ਜੇਤਲੀ ਨੇ ਵੀ ਕਿਹਾ ਸੀ ਕਿ ਰਾਜ ਸਰਕਾਰਾਂ ਵੱਲੋਂ ਕਿਸਾਨੀ ਕਰਜ਼ੇ ਮੁਆਫ਼ ਕੀਤੇ ਜਾਣ ਦੀ ਸੂਰਤ ਵਿੱਚ ਕੇਂਦਰ ਵੱਲੋਂ ਉਨ੍ਹਾਂ ਦੀ ਕੋਈ ਮਾਲੀ ਇਮਦਾਦ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਸੀ ਕਿ ਇਸ ਮਕਸਦ ਲਈ ਸੂਬਾ ਸਰਕਾਰਾਂ ਨੂੰ ਆਪਣੇ ਵਸੀਲੇ ਜੁਟਾਉਣੇ ਹੋਣਗੇ। ਇਸ ਤੋਂ ਪਹਿਲਾਂ 2008 ਵਿੱਚ ਉਦੋਂ ਦੀ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਕਿਸਾਨਾਂ ਦੇ 74 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਸਨ। ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਗੰਗਵਾਰ ਨੇ ਕਿਹਾ ਕਿ ਖੇਤਰੀ ਪੇਂਡੂ ਬੈਂਕਾਂ (ਆਰਆਰਬੀਜ਼) ਵੱਲੋਂ ਦਿੱਤੇ ਗਏ ਖੇਤੀ ਕਰਜ਼ਿਆਂ ਦੀ ਰਕਮ ਸਾਲ 2016-17 ਦੌਰਾਨ 1.23 ਕਰੋੜ ਰੁਪਏ ਸੀ।

ਇਸ ਦੌਰਾਨ ਕਿਸਾਨੀ ਮਸਲੇ ਉਤੇ ਕਾਂਗਰਸ ਨੇ ਸਦਨ ਵਿੱਚ ਜ਼ੋਰਦਾਰ ਹੰਗਾਮਾ ਕਰਨ ਪਿੱਛੋਂ ਵਾਕ-ਆਊਟ ਕੀਤਾ। ਹਾਕਮ ਤੇ ਵਿਰੋਧੀ ਮੈਂਬਰਾਂ ਦਰਮਿਆਨ ਤਿੱਖੀ ਤਕਰਾਰ ਵੀ ਹੋਈ। ਸਵਾਲਾਂ ਦੇ ਸਮੇਂ ਦੌਰਾਨ ਹੀ ਕਾਂਗਰਸੀ ਮੈਂਬਰ ਸਪੀਕਰ ਦੇ ਆਸਣ ਅੱਗੇ ਨਾਅਰੇਬਾਜ਼ੀ ਕਰਨ ਲੱਗੇ। ਸਿਫ਼ਰ ਵਕਫ਼ੇ ਦੌਰਾਨ ਵੀ ਇਹੋ ਸਥਿਤੀ ਰਹੀ ਤਾਂ ਸੰਸਦੀ ਮਾਮਲਿਆਂ ਦੇ ਮੰਤਰੀ ਅਨੰਤ ਕੁਮਾਰ ਨੇ ਦੋਸ਼ ਲਾਇਆ ਕਿ ਕਾਂਗਰਸ ਇਸ ਮੁੱਦੇ 'ਤੇ 'ਮਗਰਮੱਛ ਦੇ ਹੰਝੂ' ਵਹਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਜਦੋਂ ਸਦਨ ਵਿੱਚ ਇਸ ਮੁੱਦੇ 'ਤੇ ਬਹਿਸ ਚੱਲ ਰਹੀ ਸੀ ਤਾਂ ਕਾਂਗਰਸ ਵਾਕ-ਆਊਟ ਕਰ ਗਈ ਸੀ। ਸਿਫ਼ਰ ਕਾਲ ਦੌਰਾਨ ਮੁੱਦਾ ਉਠਾਉਂਦਿਆਂ ਕਾਂਗਰਸ ਦੇ ਦੀਪੇਂਦਰ ਹੁੱਡਾ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਤੋਂ ਲੈ ਕੇ ਹਰਿਆਣਾ ਤੇ ਮੱਧ ਪ੍ਰਦੇਸ਼ ਤੱਕ ਕਿਸਾਨ ਸੜਕਾਂ 'ਤੇ ਉਤਰੇ ਹੋਏ ਹਨ ਤੇ ਉਨ੍ਹਾਂ ਦੀ ਪਾਰਟੀ ਸਰਕਾਰ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਦੂਜੇ ਪਾਸੇ ਭਾਜਪਾ ਦੇ ਮੈਂਬਰ ਪੁੱਛਦੇ ਰਹੇ ਕਿ ਕਾਂਗਰਸ ਨੇ 60 ਸਾਲਾਂ ਦੌਰਾਨ ਕਿਸਾਨਾਂ ਲਈ ਕੀ ਕੀਤਾ।

# ਕਿਸਾਨਾਂ ਤੇ ਗਊ ਰੱਖਿਆ ਦੇ ਮੁੱਦੇ ਕਾਰਨ ਦੋਵੇਂ ਸਦਨਾਂ 'ਚ ਜ਼ੋਰਦਾਰ ਹੰਗਾਮਾ

**ਨਵੀਂ ਦਿੱਲੀ/ਬਿਊਰੋ ਨਿਊਜ਼** : ਰਾਸ਼ਟਰੀ ਸਿਆਸਤ 'ਤੇ ਛਾਈ, ਕਿਸਾਨਾਂ ਦੀ ਮੰਦਹਾਲੀ ਅਤੇ ਗਊ ਰੱਖਿਆ ਦੇ ਨਾਂਅ 'ਤੇ ਭੀੜ ਵੱਲੋਂ ਕੀਤੇ ਜਾ ਰਹੇ ਹਿੰਸਕ ਹਮਲਿਆਂ ਦੇ ਮੁੱਦੇ 'ਤੇ ਸੰਸਦ ਦੇ ਦੋਵਾਂ ਸਦਨਾਂ ਵਿਚ ਜੰਮ ਕੇ ਹੰਗਾਮਾ ਹੋਇਆ। ਰਾਜ ਸਭਾ ਵਿਚ ਹਿੰਸਕ ਹੁੰਦੀ ਭੀੜ ਵੱਲੋਂ ਕੀਤੇ ਗਏ ਹਮਲਿਆਂ 'ਤੇ ਚਰਚਾ ਦੌਰਾਨ ਸਮਾਜਵਾਦੀ ਪਾਰਟੀ ਦੇ ਨੇਤਾ ਨਰੇਸ਼ ਅਗਰਵਾਲ ਵੱਲੋਂ ਕੀਤੀ ਗਈ ਵਿਵਾਦਤ ਟਿੱਪਣੀ ਕਾਰਨ ਮਾਮਲਾ ਕਾਫੀ ਗਰਮਾ ਗਿਆ। ਸੱਤਾ ਧਿਰ ਵੱਲੋਂ ਵਿਵਾਦਤ ਬਿਆਨ 'ਤੇ ਇਤਰਾਜ਼ ਕਰਨ 'ਤੇ ਨਰੇਸ਼ ਅਗਰਵਾਲ ਨੇ ਆਪਣਾ ਬਿਆਨ ਵਾਪਸ ਤਾਂ ਲੈ ਲਿਆ, ਪਰ ਸੱਤਾ ਧਿਰ ਨੇ ਸਮਾਜਵਾਦੀ ਆਗੂ ਤੋਂ ਮੁਆਫ਼ੀ ਦੀ ਮੰਗ ਕੀਤੀ।



ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਕਾਂਗਰਸ ਨੇ ਕਿਸਾਨਾਂ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ, ਜਿਸ 'ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਥ ਕੁਮਾਰ ਨੇ ਇਸ ਮੁੱਦੇ 'ਤੇ ਵਿਆਪਕ ਚਰਚਾ ਕਰਕੇ ਅਤੇ ਸਭ ਦੇ ਸੁਝਾਆਂ 'ਤੇ ਵੀ ਵਿਚਾਰ ਕਰਨ ਦਾ ਭਰੋਸਾ ਦਿਵਾਇਆ, ਪਰ ਵਿਰੋਧੀ ਧਿਰ ਦੇ ਮੈਂਬਰ 'ਮਨ ਕੀ ਬਾਤ ਬੰਦ ਕਰੋ, ਕਰਜ਼ਾ ਮੁਆਫ਼ੀ ਸ਼ੁਰੂ ਕਰੋ' ਦੇ ਨਾਅਰੇ ਲਾਉਂਦੇ ਹੋਏ ਸਦਨ ਦੇ ਵਿਚਕਾਰ ਆ ਗਏ। ਹੰਗਾਮਿਆਂ ਕਾਰਨ ਸਪੀਕਰ ਸੁਮਿਤਰਾ ਮਹਾਜਨ ਨੂੰ ਸਭਾ ਦੀ ਕਾਰਵਾਈ 12 ਵਜੇ ਤੱਕ ਮੁਲਤਵੀ ਕਰਨੀ ਪਈ। ਸਭਾ ਮੁੜ ਜੁੜਨ 'ਤੇ ਲੋਕ ਸਭਾ ਵਿਚ ਕਾਂਗਰਸ ਦੇ ਨੇਤਾ ਮਲਿਕ ਅਰਜੁਨ ਖੜਗੇ ਦੀ ਕਿਸਾਨ ਹਿੱਤਾਂ ਦੇ ਮੁੱਦੇ ਦੀ ਗੱਲ ਸਦਨ ਵਿਚ ਉਠਾਉਣ ਦੀ ਇਜ਼ਾਜਤ ਨਾ ਮਿਲਣ 'ਤੇ ਵਿਰੋਧੀ ਧਿਰ ਨੇ ਸਦਨ ਵਿਚੋਂ ਵਾਕਆਊਟ ਕਰ ਦਿੱਤਾ।

ਲੋਕ ਸਭਾ ਵਿਚ ਕਾਂਗਰਸੀ ਨੇਤਾ ਗੁਲਾਮ ਨਬੀ ਆਜ਼ਾਦ ਨੇ ਚਰਚਾ ਦੀ ਸ਼ੁਰੂਆਤ ਕਰਦਿਆਂ ਅਜੋਕੇ ਦੌਰ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਹੋਣ ਵਾਲੇ ਜ਼ੁਲਮਾਂ ਦੀ ਤੁਲਨਾ ਬਰਤਾਨਵੀ ਰਾਜ ਨਾਲ ਕੀਤੀ। ਆਜ਼ਾਦ ਨੇ ਹਾਲ ਹੀ ਵਿਚ ਹੋਈ ਜੁਨੇਦ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੋਈ ਉਸ ਨੂੰ ਬਚਾਉਣ ਤੱਕ ਨਹੀਂ ਆਇਆ। ਆਜ਼ਾਦ ਨੇ ਇਸ ਨੂੰ ਧਰਮ ਦੀ ਜੰਗ ਮੰਨਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਨਾ ਤਾਂ ਹਿੰਦੂ ਮੁਸਲਮਾਨ ਦੀ ਅਤੇ ਨਾ ਹੀ ਉੱਚੀ ਜਾਤ ਅਤੇ ਦਲਿਤਾਂ ਦਰਮਿਆਨ ਜੰਗ ਹੈ। ਆਜ਼ਾਦ ਨੇ ਇਸ ਨੂੰ ਦੇਸ਼ ਅਤੇ ਮਨੁੱਖਤਾ ਦੀ ਜੰਗ ਕਰਾਰ ਦਿੱਤਾ ਅਤੇ ਵੋਟਾਂ ਲਈ ਵੰਡ ਪਾਊ ਸਿਆਸਤ ਨਾ ਕਰਨ ਦੀ ਅਪੀਲ ਕੀਤੀ।

# ਮਹਾਰਾਜੇ ਦਾ ਬਾਦਲਾਂ ਨੂੰ ਬਾਦਸ਼ਾਹੀ ਗੱਫਾ

## ਔਰਬਿਟ ਬੱਸਾਂ ਨੂੰ ਦਿੱਤੇ ਮਨਭਾਉਂਦੇ ਤੇ ਕਮਾਊ ਸਮੇਂ

**ਚਰਨਜੀਤ ਭੁੱਲਰ**

ਪਟਿਆਲਾ ਦੇ ਸ਼ਾਹੀ ਘਰਾਣੇ ਦੇ ਵਾਰਸ ਮਹਾਰਾਜਾ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਦੀ ਕਾਂਗਰਸੀ ਹਕੂਮਤ ਨੇ ਬਾਦਲ ਪਰਿਵਾਰ ਦੀਆਂ ਔਰਬਿਟ ਬੱਸਾਂ ਨੂੰ ਗੱਫੇ ਦੇਣ ਵਿਚ ਬਾਦਸ਼ਾਹੀ ਦਿਖਾਈ ਹੈ ਜਦੋਂ ਕਿ ਸਰਕਾਰੀ ਬੱਸਾਂ ਲਈ ਹੱਥ ਘੁੱਟਿਆ ਗਿਆ ਹੈ। ਟਰਾਂਸਪੋਰਟ ਵਿਭਾਗ ਪੰਜਾਬ ਤਰਫ਼ੋਂ ਬੱਸਾਂ ਦਾ ਨਵਾਂ ਟੇਬਲ ਟੇਬਲ ਬਣਾਉਣਾ ਸ਼ੁਰੂ ਕੀਤਾ ਗਿਆ ਹੈ। ਰਿਜ਼ਨਲ ਟਰਾਂਸਪੋਰਟ ਅਥਾਰਟੀ ਫਿਰੋਜ਼ਪੁਰ ਵਲੋਂ ਜੋ ਮੁਢਲੇ ਪੜਾਅ ਤੇ ਕੁਝ ਰੂਟਾਂ ਦੇ ਟਾਈਮ ਟੇਬਲ ਨਵੇਂ ਸਿਰਿਓਂ ਬਣਾਏ ਗਏ ਹਨ, ਉਨ੍ਹਾਂ 'ਚ ਮੁੜ ਔਰਬਿਟ ਬੱਸਾਂ ਦੀ ਤੂਤੀ ਬੋਲਣ ਲੱਗੀ ਹੈ। ਇੱਕ ਕਾਂਗਰਸੀ ਵਿਧਾਇਕ ਦੀ ਪ੍ਰਾਈਵੇਟ ਬੱਸ ਕੰਪਨੀ ਨੂੰ ਨਵੇਂ ਟਾਈਮ ਟੇਬਲ ਵਿਚ ਪਹਿਲਾਂ ਨਾਲੋਂ ਜਿਆਦਾ ਸਮਾਂ ਦਿੱਤਾ ਗਿਆ ਹੈ। ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੇ ਪੱਲੇ ਨਵੇਂ ਟਾਈਮ ਟੇਬਲਾਂ ਵਿਚ ਕੰਗਾਲੀ ਪਈ ਹੈ। ਟਰਾਂਸਪੋਰਟ ਅਥਾਰਟੀ ਫਿਰੋਜ਼ਪੁਰ ਦੇ ਸਕੱਤਰ ਤਰਫ਼ੋਂ ਜੋ ਮੋਗਾ ਕੋਟਕਪੂਰਾ ਰੂਟ ਦੇ ਨਵੇਂ ਟਾਈਮ ਟੇਬਲ ਬਣਾਏ ਹਨ, ਉਨ੍ਹਾਂ ਵਿਚ 217 ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਰੂਟਾਂ ਦਾ ਸਮਾਂ ਤੈਅ ਕੀਤਾ ਗਿਆ ਹੈ। ਇਸ ਵਿਚ ਔਰਬਿਟ ਅਤੇ ਡਬਵਾਲੀ ਟਰਾਂਸਪੋਰਟ ਦੇ ਕਰੀਬ 32 ਰੂਟ ਹਨ ਜਿਨ੍ਹਾਂ ਨੂੰ ਬਾਕੀ ਸਰਕਾਰੀ ਤੇ ਪ੍ਰਾਈਵੇਟ ਟਰਾਂਸਪੋਰਟਰਾਂ ਨਾਲੋਂ ਵਧੇਰੇ ਸਮਾਂ ਦਿੱਤਾ ਗਿਆ ਹੈ। ਲੜੀ ਨੰਬਰ 34 ਤਹਿਤ ਔਰਬਿਟ ਨੂੰ ਬੱਸ ਅੱਡੇ ਤੇ ਖੜ੍ਹਾ ਕਰਨ ਲਈ ਪੰਜ ਮਿੰਟ ਦਾ ਸਮਾਂ ਦਿੱਤਾ ਗਿਆ ਹੈ ਜਦੋਂ ਕਿ ਉਸ ਦੇ ਅੱਗੇ ਦੋ ਸਰਕਾਰੀ ਬੱਸਾਂ ਨੂੰ ਤਿੰਨ ਤਿੰਨ ਮਿੰਟ ਮਿਲੇ ਹਨ। ਲੜੀ ਨੰਬਰ 87 ਵਿਚ ਡਬਵਾਲੀ ਟਰਾਂਸਪੋਰਟ ਨੂੰ 6 ਮਿੰਟ ਦਿੱਤੇ ਹਨ ਜਦੋਂ ਕਿ ਉਸ ਤੋਂ ਅੱਗੇ ਦੋ ਸਰਕਾਰੀ ਬੱਸਾਂ ਨੂੰ ਤਿੰਨ ਤਿੰਨ ਮਿੰਟ ਮਿਲੇ ਹਨ। ਵੇਰਵਿਆਂ ਅਨੁਸਾਰ ਲੜੀ ਨੰਬਰ 115 ਵਿਚ ਔਰਬਿਟ ਨੂੰ ਪੰਜ ਮਿੰਟ ਤੇ ਉਸ ਤੋਂ ਅਗਲੀਆਂ ਦੋ ਸਰਕਾਰੀ ਬੱਸਾਂ ਨੂੰ ਤਿੰਨ ਤਿੰਨ ਮਿੰਟ ਮਿਲੇ ਹਨ। ਇਵੇਂ ਲੜੀ ਨੰਬਰ 127 ਵਿਚ



ਡਬਵਾਲੀ ਟਰਾਂਸਪੋਰਟ ਨੂੰ ਅੱਠ ਮਿੰਟ ਮਿਲੇ ਹਨ ਪ੍ਰੰਤੂ ਉਸ ਤੋਂ ਪਹਿਲਾਂ ਤਿੰਨ ਸਰਕਾਰੀ ਬੱਸਾਂ ਨੂੰ ਤਿੰਨ ਤਿੰਨ ਮਿੰਟ ਦਿੱਤੇ ਗਏ ਹਨ। ਕਾਂਗਰਸੀ ਆਗੂ ਦੀ ਗਰੀਨ ਬੱਸ ਕੰਪਨੀ ਦੇ ਸਮੇਂ ਵਿਚ ਵੀ ਦੋ ਦੋ ਮਿੰਟ ਦਾ ਵਾਧਾ ਕੀਤਾ ਗਿਆ ਹੈ। ਜਿਆਦਾ ਰੂਟਾਂ ਤੇ ਔਰਬਿਟ ਦੇ ਅੱਗੇ ਸਰਕਾਰੀ ਬੱਸਾਂ ਦਾ ਸਮਾਂ ਹੈ। ਇਸੇ ਤਰ੍ਹਾਂ ਫਰੀਦਕੋਟ ਕੋਟਕਪੂਰਾ ਦੇ 176 ਰੂਟਾਂ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ ਜਿਨ੍ਹਾਂ ਵਿਚ 22 ਰੂਟ ਡਬਵਾਲੀ ਅਤੇ ਔਰਬਿਟ ਟਰਾਂਸਪੋਰਟ ਦੇ ਹਨ ਜਿਨ੍ਹਾਂ ਨੂੰ ਬਾਕੀਆਂ ਨਾਲੋਂ ਵਧੇਰੇ ਸਮਾਂ ਦਿੱਤਾ ਗਿਆ ਹੈ। ਫ਼ਰੀਦਕੋਟ ਕੋਟਕਪੂਰਾ ਦੀ ਨਵੀਂ ਸਮਾਂ ਸੂਚੀ ਦੇ ਲੜੀ ਨੰਬਰ 42 ਵਿਚ ਡਬਵਾਲੀ ਟਰਾਂਸਪੋਰਟ ਨੂੰ 5 ਮਿੰਟ ਮਿਲੇ ਹਨ ਜਦੋਂ ਕਿ ਉਸ ਤੋਂ ਪਹਿਲਾਂ ਚੱਲਣ ਵਾਲੀ ਪੰਜਾਬ ਰੋਡਵੇਜ਼ ਦੀ ਬੱਸ ਨੂੰ ਤਿੰਨ ਮਿੰਟ ਦਿੱਤੇ ਗਏ ਹਨ। ਬਹੁਤੇ ਰੂਟਾਂ ਤੇ ਏਦਾ ਹੀ ਹੋਇਆ ਹੈ।

ਪੰਜਾਬ ਰੋਡਵੇਜ਼ ਇੰਪਲਾਈਜ਼ ਯੂਨੀਅਨ (ਅਜ਼ਾਦ) ਦੇ ਜਨਰਲ ਸਕੱਤਰ ਨਛੱਤਰ ਸਿੰਘ ਦਾ ਕਹਿਣਾ ਸੀ ਕਿ ਕੈਪਟਨ ਸਰਕਾਰ ਨੇ ਨਵੇਂ ਟਾਈਮ ਟੇਬਲਾਂ ਵਿਚ ਔਰਬਿਟ ਨੂੰ ਹੀ ਵੱਧ ਸਮਾਂ ਦਿੱਤਾ ਹੈ ਅਤੇ ਸਰਕਾਰੀ ਬੱਸਾਂ ਨੂੰ ਨਵੇਂ ਟਾਈਮ ਟੇਬਲਾਂ ਵਿਚ ਨੁਕਸਾਨ ਹੋਇਆ ਹੈ। ਹਕੂਮਤ ਬਦਲਣ ਮਗਰੋਂ ਵੀ ਕੋਈ ਫਰਕ ਨਹੀਂ ਪਿਆ ਹੈ ਅਤੇ ਇਹ ਟਾਈਮ ਟੇਬਲ ਵੱਡੇ ਘਰਾਂ ਦੀ ਸਹਿਮਤੀ ਨਾਲ ਤਿਆਰ ਹੋਏ ਹਨ। ਦੱਸਣਯੋਗ ਹੈ ਕਿ ਗਠਜੋੜ ਸਰਕਾਰ ਸਮੇਂ ਵੀ ਔਰਬਿਟ ਬੱਸਾਂ ਨੂੰ ਖੁੱਲ੍ਹਾ ਸਮਾਂ ਮਿਲਿਆ ਸੀ ਜਿਸ ਦਾ ਰੌਲਾ ਪੈਂਦਾ ਰਿਹਾ ਹੈ। ਪੰਜਾਬ ਚੋਣਾਂ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਨ ਤੇ ਸਮਾਂ ਸੂਚੀ ਮੈਰਿਟ ਦੇ ਅਧਾਰ ਤੇ ਬਣਾਏ ਜਾਣ ਦੀ ਗੱਲ ਆਖੀ ਸੀ। ਪ੍ਰਾਈਵੇਟ ਟਰਾਂਸਪੋਰਟਰ ਵੀ ਔਖੇ ਹਨ ਜਿਨ੍ਹਾਂ ਨੂੰ ਨਵੇਂ ਟਾਈਮ ਟੇਬਲਾਂ ਵਿਚ ਵੀ ਰਾਹਤ ਨਹੀਂ ਮਿਲੀ ਹੈ। ਰਿਜ਼ਨਲ ਟਰਾਂਸਪੋਰਟ ਅਥਾਰਟੀ ਫਿਰੋਜ਼ਪੁਰ ਦੇ ਸਕੱਤਰ ਸ੍ਰ.ਹਰਦੀਪ ਸਿੰਘ ਨੇ ਆਖਿਆ ਕਿ ਸਰਕਾਰ ਦੀਆਂ ਹਦਾਇਤਾਂ ਤੇ ਕੁਝ ਰੂਟਾਂ ਦਾ ਨਵਾਂ ਟਾਈਮ ਟੇਬਲ ਬਣਾਇਆ ਗਿਆ ਹੈ ਜਿਸ ਵਿਚ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਟਰਾਂਸਪੋਰਟਰਾਂ ਦੀ ਸਹਿਮਤੀ ਲੈ ਕੇ ਸਮਾਂ ਸੂਚੀ ਤਿਆਰ ਕੀਤੀ ਗਈ ਹੈ। ਟਾਈਮ ਟੇਬਲ ਨਿਰੋਲ ਮੈਰਿਟ ਦੇ ਅਧਾਰ ਤੇ ਤਿਆਰ ਹੋਏ ਹਨ ਅਤੇ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਅਗਰ ਕਿਸੇ ਨੂੰ ਘੱਟ ਵੱਧ ਸਮੇਂ ਦਾ ਇਤਰਾਜ਼ ਸੀ ਤਾਂ ਟਰਾਂਸਪੋਰਟਰ ਮੌਕੇ ਤੇ ਕਰਦੇ। ਉਨ੍ਹਾਂ ਆਖਿਆ ਕਿ ਲਿਖਤੀ ਤੌਰ ਤੇ ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ।

## ਜੀ.ਐਸ.ਟੀ. ਕਾਰਨ ਖੁਸੇ ਰੁਜ਼ਗਾਰ ਤੋਂ ਪ੍ਰੇਸ਼ਾਨ ਦੁਕਾਨਦਾਰ ਵੱਲੋਂ ਖੁਦਕੁਸ਼ੀ

**ਕੋਟਕਪੂਰਾ/ਬਿਊਰੋ ਨਿਊਜ਼ :** ਇਥੇ ਵਸਤਾਂ ਅਤੇ ਸਰਵਿਸ ਟੈਕਸ ਪ੍ਰਣਾਲੀ (ਜੀ.ਐਸ.ਟੀ.) ਤੋਂ ਪਰੇਸ਼ਾਨ ਵਿਪਨ ਕੁਮਾਰ ਨਾਂ ਦੇ ਦੁਕਾਨਦਾਰ ਨੇ ਖ਼ੁਦਕੁਸ਼ੀ ਕਰ ਲਈ। ਉਸ ਨੇ ਲੰਘੇ ਐਤਵਾਰ ਸਰਹਿੰਦ ਫੀਡਰ ਨਹਿਰ ਵਿਚ ਛਾਲ ਮਾਰ ਦਿੱਤੀ। ਪਰਿਵਾਰ ਨੇ ਗੋਤਾਖੋਰਾਂ ਦੀ ਮਦਦ ਨਾਲ ਲਾਸ਼ ਨਹਿਰ ਵਿਚੋਂ ਕੁਝ ਦੂਰੀ ਤੋਂ ਬਰਾਮਦ ਕਰ ਲਈ। ਮ੍ਰਿਤਕ ਦਾ ਸ੍ਰੀ ਰਾਮਬਾਗ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਉਹ ਸਥਾਨਕ ਡਾ. ਚੰਦਾ ਸਿੰਘ ਮਰਵਾਹ ਸੀਨੀਅਰ ਸੈਕੰਡਰੀ ਸਕੂਲ ਦੇ ਨਜ਼ਦੀਕ ਦਵਾਈਆਂ ਵੇਚਣ ਦਾ ਕਾਰੋਬਾਰ ਕਰਦਾ ਸੀ। ਉਹ ਕੰਪਨੀਆਂ ਤੋਂ ਦਵਾਈਆਂ ਮੰਗਵਾ ਕੇ ਪਿੰਡਾਂ ਵਿਚ ਆਰ.ਐਮ.ਪੀ. ਪ੍ਰੈਕਟੀਸ਼ਨਰਾਂ ਨੂੰ ਵੇਚ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਸੀ ਪ੍ਰੰਤੂ ਹੁਣ ਨਵੀਂ ਟੈਕਸ ਪ੍ਰਣਾਲੀ ਦੇ ਲਾਗੂ ਹੋਣ ਪਿੱਛੋਂ ਕੰਪਨੀਆਂ ਨੇ ਜੀ.ਐਸ.ਟੀ. ਨੰਬਰ ਤੋਂ ਬਿਨਾਂ ਉਸ ਨੂੰ ਸਾਮਾਨ ਦੇਣਾ ਬੰਦ ਕਰ ਦਿੱਤਾ, ਜਿਸ ਨਾਲ ਉਸ ਦਾ ਕਾਰੋਬਾਰ ਕਾਫੀ ਪ੍ਰਭਾਵਤ ਹੋ ਗਿਆ ਤੇ ਉਹ ਪ੍ਰੇਸ਼ਾਨ ਰਹਿਣ ਲੱਗਾ। ਰੁਜ਼ਗਾਰ ਖੁਸ ਜਾਣ ਕਾਰਨ ਉਸ ਨੇ ਇਹ ਕਦਮ ਚੁੱਕਿਆ।

## 9 ਸਾਲ ਪੁਰਾਣੇ ਮਾਮਲੇ 'ਚ ਸਾਬਕਾ ਅਕਾਲੀ ਮੰਤਰੀ ਸੇਖਵਾਂ ਤੇ ਆਈਜੀ ਸਣੇ 21 ਜਣੇ ਤਲਬ

**ਗੁਰਦਾਸਪੁਰ/ਬਿਊਰੋ ਨਿਊਜ਼ :** ਜ਼ਿਲ੍ਹਾ ਗੁਰਦਾਸਪੁਰ ਦੇ ਪੁਰਾਣੇ ਵਿਧਾਨ ਸਭਾ ਹਲਕਾ ਕਾਹਨੂੰਵਾਨ ਨਾਲ ਸਬੰਧਤ ਸਾਬਕਾ ਅਕਾਲੀ ਤੇ ਮੌਜੂਦਾ ਭਾਜਪਾ ਆਗੂ ਯਾਦਵਿੰਦਰ ਸਿੰਘ ਬੁੱਟਰ 'ਤੇ ਕਰੀਬ 9 ਸਾਲ ਪਹਿਲਾਂ ਹੋਏ ਜਾਨਲੇਵਾ ਹਮਲੇ ਦੇ ਕੇਸ ਦੀ ਸੁਣਵਾਈ ਕਰਦਿਆਂ ਗੁਰਦਾਸਪੁਰ ਦੀ ਅਦਾਲਤ ਨੇ ਸਾਬਕਾ ਅਕਾਲੀ ਮੰਤਰੀ ਸੇਵਾ ਸਿੰਘ ਸੇਖਵਾਂ, ਪੁਲੀਸ ਦੇ ਆਈ. ਜੀ. ਲੋਕ ਨਾਥ ਆਂਗਰਾ ਸਮੇਤ 21 ਜਣਿਆਂ ਨੂੰ ਤਲਬ ਕੀਤਾ ਹੈ। ਗੌਰਤਲਬ ਹੈ ਕਿ 2008 ਵਿੱਚ ਯਾਦਵਿੰਦਰ ਸਿੰਘ ਬੁੱਟਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ। ਉਦੋਂ ਉਨ੍ਹਾਂ 'ਤੇ ਜਾਨਲੇਵਾ ਹਮਲਾ ਹੋਇਆ ਸੀ। ਸ੍ਰੀ ਬੁੱਟਰ ਨੇ ਜਾਨਲੇਵਾ ਹਮਲਾ ਕਰਨ ਲਈ ਅਕਾਲੀ ਆਗੂ ਸੇਵਾ ਸਿੰਘ ਸੇਖਵਾਂ ਵੱਲੋਂ ਆਪਣੇ ਸਮਰੱਥਕਾਂ ਨੂੰ ਭੜਕਾ ਕੇ ਹਮਲਾ ਕਰਨ ਦਾ ਦੋਸ਼ ਲਗਾਇਆ ਸੀ ਪੁਲੀਸ ਕਾਰਵਾਈ ਤੋਂ ਅਸੰਤੁਸ਼ਟ ਹੁੰਦਿਆਂ ਸ੍ਰੀ ਬੁੱਟਰ ਨੇ ਸੇਵਾ ਸਿੰਘ ਸੇਖਵਾਂ ਅਤੇ ਲੋਕ ਨਾਥ ਆਂਗਰਾ ਨੂੰ ਮਾਮਲੇ ਵਿੱਚ ਨਾਮਜ਼ਦ ਨਾ ਕੀਤੇ ਜਾਣ ਕਾਰਨ ਮੁੜ ਗੁਰਦਾਸਪੁਰ ਦੀ ਅਦਾਲਤ ਵਿੱਚ 24 ਜਣਿਆਂ ਖ਼ਿਲਾਫ਼ ਇਰਾਦਾ ਕਤਲ ਸਮੇਤ ਵੱਖ-ਵੱਖ ਧਰਾਵਾਂ ਤਹਿਤ ਇਸਤਗਾਸਾ ਦਾਇਰ ਕਰ ਦਿੱਤਾ ਗਿਆ ਸੀ। ਵਧੀਕ ਸੈਸ਼ਨ ਜੱਜ ਰਾਜ ਕੁਮਾਰ ਨੇ ਅਕਾਲੀ ਆਗੂ ਸੇਵਾ ਸਿੰਘ ਸੇਖਵਾਂ, ਆਈ.ਜੀ ਲੋਕ ਨਾਥ ਆਂਗਰਾ ਸਮੇਤ 21 ਹੋਰਨਾਂ ਨੂੰ ਪੰਜ ਅਗਸਤ ਨੂੰ ਪੇਸ਼ ਹੋਣ ਦੇ ਹੁਕਮ ਕੀਤੇ ਹਨ। ਇਸ ਤੋਂ ਇਲਾਵਾ ਹੇਠਲੀ ਅਦਾਲਤ ਦਾ ਰਿਕਾਰਡ ਵੀ ਮੰਗ ਲਿਆ ਹੈ।

## ਵਿਸ਼ੇਸ਼ ਜਾਂਚ ਟੀਮ ਵੱਲੋਂ '84 ਦੇ ਕਤਲੇਆਮ ਦਾ ਕੇਸ ਬੰਦ ਕਰਨ ਦਾ ਫੈਸਲਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਸ਼ੇਸ਼ ਜਾਂਚ ਟੀਮ ਨੇ 1984 ਦੰਗਿਆਂ ਦਾ ਕੇਸ ਬੰਦ ਕਰਨ ਦਾ ਫੈਸਲਾ ਕੀਤਾ ਹੈ। ਕਿਉਂਕਿ ਇਸ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਵਿੱਚ ਸਬੂਤ ਇਕੱਠੇ ਨਹੀਂ ਕੀਤੇ ਜਾ ਸਕੇ। ਕੇਂਦਰੀ ਦਿੱਲੀ ਵਿੱਚ ਭੀੜ ਨੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਪੁਲੀਸ ਨੇ ਮੈਟਰੋਪਾਲਿਟਨ ਮੈਜਿਸਟਰੇਟ ਅਭਿਲਾਸ਼ ਮਲਹੋਤਰਾ ਨੂੰ ਦੱਸਿਆ ਕਿ ਵਿਸ਼ੇਸ਼ ਜਾਂਚ ਟੀਮ ਦੇ ਗਠਨ ਤੋਂ ਬਾਅਦ ਖੋਲ੍ਹੇ ਗਏ ਇਸ ਕੇਸ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ 2015 ਵਿੱਚ ਇਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਅਦਾਲਤ ਨੇ ਦੰਗਿਆਂ ਦੌਰਾਨ ਭੀੜ ਵੱਲੋਂ ਮਾਰੇ ਗਏ ਸਿੱਖਾਂ ਦੇ ਪਰਿਵਾਰ ਵਾਲਿਆਂ ਨੂੰ ਨੋਟਿਸ ਵੀ ਜਾਰੀ ਕੀਤਾ ਸੀ। ਅਦਾਲਤ ਨੂੰ ਸੌਂਪੀ 16 ਸਫਿਆਂ ਦੀ ਰਿਪੋਰਟ ਵਿੱਚ ਪੁਲੀਸ ਨੇ ਕਿਹਾ ਹੈ ਕਿ ਇਸ ਮਾਮਲੇ ਵਿੱਚ ਕਿਸੇ ਵਿਅਕਤੀ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਬਾਅਦ ਕੇਸ ਨੂੰ ਬੰਦ ਕਰ ਦਿੱਤਾ ਗਿਆ ਹੈ। ਪੁਲੀਸ ਨੇ ਰਿਪੋਰਟ ਵਿੱਚ ਕਿਹਾ ਹੈ ਕਿ ਕਈ ਰਸਾਲਿਆਂ ਵਿੱਚ ਪਬਲਿਕ ਨੋਟਿਸ ਵੀ ਛਪਵਾਏ ਗਏ ਸੀ ਤੇ ਲੋਕਾਂ ਤੋਂ ਸਬੂਤ ਦੇਣ ਲਈ ਕਿਹਾ ਗਿਆ ਸੀ ਪਰ ਵਿਸ਼ੇਸ਼ ਜਾਂਚ ਟੀਮ ਕੋਲ ਕੋਈ ਨਹੀਂ ਆਇਆ।

## ਜ਼ਮਾਨਤ ਰੱਦ ਕਰਨ ਦੀ ਮੰਗ ਵਾਲੀ ਅਪੀਲ 'ਤੇ ਸੱਜਣ ਕੁਮਾਰ ਨੂੰ ਨੋਟਿਸ

**ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ 1984 ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸੱਜਣ ਕੁਮਾਰ ਨੂੰ ਦਿੱਤੀ ਅੰਤਰਿਮ ਜ਼ਮਾਨਤ ਰੱਦ ਕਰਨ ਦੀ ਮੰਗ ਕਰਦੀ ਅਪੀਲ 'ਤੇ ਕਾਂਗਰਸੀ ਆਗੂ ਨੂੰ ਨੋਟਿਸ ਜਾਰੀ ਕੀਤਾ ਹੈ। ਜਸਟਿਸ ਆਈ.ਐਸ.ਮਹਿਤਾ ਨੇ ਕੁਮਾਰ ਨੂੰ ਇਹ ਨੋਟਿਸ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਅਪੀਲ 'ਤੇ ਭੇਜਿਆ ਹੈ। ਸਿੱਟ ਨੇ ਪਿਛਲੇ ਸਾਲ 21 ਦਸੰਬਰ ਨੂੰ ਟਰਾਇਲ ਕੋਰਟ



ਵੱਲੋਂ ਕੁਮਾਰ ਨੂੰ ਦਿੱਤੀ ਅੰਤਰਿਮ ਜ਼ਮਾਨਤ 'ਤੇ ਉਜ਼ਰ ਦਰਜ ਕਰਾਉਂਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਕੇਸ ਦੀ ਅਗਲੀ ਸੁਣਵਾਈ 10 ਨਵੰਬਰ ਨੂੰ ਹੋਵੇਗੀ। ਇਸ ਤੋਂ ਪਹਿਲਾਂ ਹਾਈ ਕੋਰਟ ਦੇ ਦੋ ਜੱਜ ਕੇਸ ਦੀ ਸੁਣਵਾਈ ਤੋਂ ਖ਼ੁਦ ਨੂੰ ਵੱਖ ਕਰ ਚੁੱਕੇ ਹਨ। ਇਸ ਦੌਰਾਨ ਗ੍ਰਹਿ ਰਾਜ ਮੰਤਰੀ ਹੰਸਰਾਜ ਅਹੀਰ ਨੇ ਰਾਜ ਸਭਾ ਵਿੱਚ ਦੱਸਿਆ ਕਿ ਸਿੱਟ ਵੱਲੋਂ 1984 ਸਿੱਖ ਕਤਲੇਆਮ ਮਾਮਲੇ ਵਿਚ ਹੁਣ ਤਕ ਹਜ਼ਾਰ ਤੋਂ ਵੱਧ ਗਵਾਹਾਂ ਤੋਂ ਪੁੱਛ ਪੜਤਾਲ ਅਤੇ ਚਾਰ ਮਾਮਲਿਆਂ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ। ਕੇਂਦਰ ਸਰਕਾਰ ਵੱਲੋਂ ਗਠਤ ਸਿੱਟ ਵੱਲੋਂ ਹੁਣ ਤਕ 293 ਕੇਸਾਂ ਦੇ ਰਿਕਾਰਡ ਨੂੰ ਖੰਗਾਲਿਆ ਤੋਂ ਬਾਅਦ ਕੁੱਲ 60 ਕੇਸਾਂ ਨੂੰ ਮੁੜ ਖੋਲ੍ਹਿਆ ਗਿਆ ਹੈ।

## ਜੀਐਸਟੀ ਤੋਂ ਛੋਟ ਦੀ ਅਪੀਲ 'ਤੇ ਸ਼੍ਰੋਮਣੀ ਕਮੇਟੀ ਨੂੰ ਨਾ ਮਿਲਿਆ ਹੁੰਗਾਰਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਗੁਰਦੁਆਰਿਆਂ ਦੇ ਲੰਗਰ ਵਾਸਤੇ ਲੋੜੀਂਦੀ ਰਸਦ ਅਤੇ ਭਲਾਈ ਕਾਰਜਾਂ 'ਤੇ ਜੀਐਸਟੀ ਤੋਂ ਛੋਟ ਦੇਣ ਦੀ ਅਪੀਲ ਬਾਰੇ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਾ ਮਿਲਣ ਕਾਰਨ ਕਮੇਟੀ ਨੂੰ ਨਿਰਾਸ਼ਾ ਹੋਈ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਪੱਤਰ ਭੇਜੇ ਗਏ ਹਨ ਅਤੇ ਛੇਤੀ ਹੀ ਸਾਰੇ ਰਾਜਾਂ ਦੇ ਵਿੱਤ ਮੰਤਰੀਆਂ ਨੂੰ ਇਸ ਸਬੰਧੀ ਪੱਤਰ ਭੇਜਣ ਦੀ ਯੋਜਨਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਜੀਐਸਟੀ ਨੰਬਰ ਲੈਣ ਦੇ ਮਾਮਲੇ ਵਿੱਚ ਵੀ ਪੈਰ ਪਿੱਛੇ ਖਿੱਚ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਜੀਐਸਟੀ ਤੋਂ ਛੋਟ ਲਈ ਕੇਂਦਰੀ ਵਿੱਤ ਮੰਤਰੀ, ਜੀਐਸਟੀ ਕੌਂਸਲ ਤੇ ਸੂਬਾ ਪੱਧਰ 'ਤੇ ਮੁੱਖ ਮੰਤਰੀ ਨੂੰ ਪੱਤਰ ਭੇਜੇ ਗਏ ਸਨ ਪਰ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਜੀਐਸਟੀ ਨੰਬਰ ਲੈਣ ਦੇ ਮਾਮਲੇ ਵਿੱਚ ਪੈਰ ਪਿੱਛੇ ਖਿੱਚ ਲਏ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਇਹ ਨੰਬਰ ਲੈਣ ਲਈ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਇਸ ਸਬੰਧੀ ਛਪ ਰਹੀਆਂ ਖ਼ਬਰਾਂ ਨੂੰ ਬੇਬੁਨਿਆਦ ਆਖਿਆ ਹੈ, ਜਦੋਂਕਿ ਕੁਝ ਦਿਨ ਪਹਿਲਾਂ ਕ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਸਿੱਖ ਸੰਸਥਾ ਨੂੰ ਖ਼ਰੀਦੋ-ਫਰੋਖ਼ਤ ਲਈ ਇਸ ਨੰਬਰ ਦੀ ਲੋੜ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਲੰਗਰ ਦਾ ਸਮਾਂ ਘਟਾਉਣ ਸਬੰਧੀ ਛਪੀ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਕਿ ਪ੍ਰੋ. ਬਡੂੰਗਰ ਵੱਲੋਂ ਲੰਗਰ ਦਾ ਸਮਾਂ ਘੱਟ ਕਰਨ ਬਾਰੇ ਕੋਈ ਬਿਆਨ ਨਹੀਂ ਦਿੱਤਾ ਗਿਆ।

## ਨਸ਼ਾ ਤਸਕਰੀ ਦੇ ਦੋਸ਼ 'ਚ ਅਮਰੀਕਾ ਜੇਲ੍ਹ ਕੱਟਣ ਵਾਲੇ ਦੋ ਮੁਲਜ਼ਮ ਹੁਣ ਚੰਡੀਗੜ੍ਹ 'ਚ ਪੰਜ ਕਿਲੋ ਹੈਰੋਇਨ ਸਮੇਤ ਕਾਬੂ

**ਲੁਧਿਆਣਾ/ਬਿਊਰੋ ਨਿਊਜ਼ :** ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਭਾਰਤ ਦੇ ਕਈ ਹਿੱਸਿਆਂ ਵਿੱਚ ਸਪਲਾਈ ਕਰਨ ਵਾਲੇ ਦੋ ਤਸਕਰਾਂ ਨੂੰ ਐਸਟੀਐਫ਼ ਦੀ ਟੀਮ ਨੇ ਨਾਕੇ ਦੌਰਾਨ ਚੰਡੀਗੜ੍ਹ ਰੋਡ ਸਥਿਤ ਸੈਕਟਰ 39 ਨੇੜਿਓਂ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਪੰਜ ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਅਮਰੀਕਾ ਰਹਿ ਚੁੱਕੇ ਹਨ ਤੇ ਉੱਥੇ ਵੀ ਨਸ਼ਾ ਤਸਕਰੀ ਦੇ ਦੋਸ਼ ਹੇਠ ਸਜ਼ਾ ਕੱਟ ਚੁੱਕੇ ਹਨ। ਦੋਵੇਂ ਮੁਲਜ਼ਮ ਉੱਥੋਂ ਡਿਪੋਰਟ ਕਰ ਕੇ ਵਾਪਸ ਭਾਰਤ ਭੇਜ ਦਿੱਤੇ ਗਏ ਸਨ। ਇਹ ਦੋਵੇਂ ਕਪੂਰਥਲਾ ਜੇਲ੍ਹ ਵਿੱਚ ਬੰਦ ਰਾਜਾ ਕੰਦੋਲਾ ਦੇ ਸਾਥੀ ਹਨ, ਜੋ ਜੇਲ੍ਹ ਵਿਚੋਂ ਹੀ ਨਸ਼ਾ ਤਸਕਰੀ ਦਾ ਧੰਦਾ ਚਲਾ ਰਿਹਾ ਸੀ। ਪੁਲੀਸ ਨੇ ਇਸ ਮਾਮਲੇ ਵਿੱਚ ਗੋਰਾਇਆ ਦੇ ਪਿੰਡ ਮਨਸੂਰਪੁਰ ਵਾਸੀ ਪਲਵਿੰਦਰ ਸਿੰਘ ਸਿੱਧੂ ਉਰਫ਼ ਪਿੰਦਾ ਉਰਫ਼ ਪਾਲਾ, ਪਿੰਡ ਬਡਾਲਾ ਵਾਸੀ ਰਵਿੰਦਰ ਸਿੰਘ ਉਰਫ਼ ਰਵੀ ਤੇ ਸ਼ਹੀਦ ਭਗਤ ਸਿੰਘ ਨਗਰ ਸਥਿਤ ਪਿੰਡ ਹੱਪੋਵਾਲ ਦੇ ਰਹਿਣ ਵਾਲੇ ਕਪੂਰਥਲਾ ਜੇਲ੍ਹ ਵਿੱਚ ਬੰਦ ਰਣਜੀਤ ਸਿੰਘ ਉਰਫ਼ ਰਾਜਾ ਕੰਦੋਲਾ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

### ਕੱਪੜੇ ਦੀ ਬਣਾਈ ਬੈਲਟ ਵਿੱਚ ਲੁਕਾਈ ਹੋਈ ਸੀ ਹੈਰੋਇਨ

ਪੁਲੀਸ ਨੂੰ ਚਕਮਾ ਦੇਣ ਲਈ ਮੁਲਜ਼ਮਾਂ ਨੇ ਇੱਕ ਕੱਪੜੇ ਦੀ ਬੈਲਟ ਬਣਵਾ ਕੇ ਉਸੇ ਵਿਚ ਹੈਰੋਇਨ ਰੱਖੀ ਹੋਈ ਸੀ ਤੇ ਉਸ ਨੂੰ ਆਪਣੀ ਪੈਂਟ ਨਾਲ ਬੰਨ੍ਹਿਆ ਹੋਇਆ ਸੀ। ਦੋਵਾਂ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਢਾਈ-ਢਾਈ ਕਿਲੋ ਹੈਰੋਇਨ ਬਰਾਮਦ ਕੀਤੀ ਗਈ।



ਪੁਲੀਸ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮ ਪਾਲਾ ਅਤੇ ਰਵੀ ਨੂੰ ਵੀਰਵਾਰ ਅਦਾਲਤ ਵਿਚ ਪੇਸ਼ ਕੀਤਾ, ਜਿੱਥੋਂ ਦੋਵਾਂ ਨੂੰ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਪੁਲੀਸ ਵੱਲੋਂ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲੀਸ ਮੁਲਜ਼ਮ ਰਾਜਾ ਕੰਦੋਲਾ ਨੂੰ ਵੀ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਦੀ ਤਿਆਰੀ ਕਰ ਰਹੀ ਹੈ ਪੱਤਰਕਾਰ ਮਿਲਣੀ ਕਰਦਿਆਂ ਐਸਟੀਐਫ਼ ਦੇ ਏਆਈਜੀ ਸਨੇਹਦੀਪ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਸੈਕਟਰ 39 ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਸੂਚਨਾ ਮਿਲੀ ਕਿ ਮੁਲਜ਼ਮ ਇੱਕ ਸਵਿਫ਼ਟ ਕਾਰ ਵਿੱਚ ਸਵਾਰ ਹੋ ਕੇ ਜਾ ਰਹੇ ਹਨ, ਜਿਨ੍ਹਾਂ ਕੋਲ ਵੱਡੀ ਮਾਤਰਾ ਵਿੱਚ ਨਸ਼ੀਲਾ ਪਦਾਰਥ ਹੈ। ਦੋਵੇਂ ਮੁਲਜ਼ਮ ਨਸ਼ੀਲਾ ਪਦਾਰਥ ਸਪਲਾਈ ਕਰਨ ਜਾ ਰਹੇ ਹਨ, ਜਿਸ ਤੋਂ ਬਾਅਦ ਪੁਲੀਸ ਨੇ ਮੁਲਜ਼ਮਾਂ ਨੂੰ ਨਾਕਾਬੰਦੀ ਦੌਰਾਨ ਗ੍ਰਿਫ਼ਤਾਰ ਕਰ ਲਿਆ।

### ਭਾਰਤ ਆ ਕੇ ਦੋਵੇਂ ਮੁਲਜ਼ਮ ਕੰਦੋਲਾ ਦੇ ਸੰਪਰਕ 'ਚ ਆਏ

ਏਆਈਜੀ ਸਨੇਹਦੀਪ ਸ਼ਰਮਾ ਨੇ ਕਿਹਾ ਕਿ ਦੋਵੇਂ ਮੁਲਜ਼ਮ ਭਾਰਤ ਆਉਣ ਤੋਂ ਬਾਅਦ ਸੰਪਰਕ ਵਿਚ ਆਏ ਤੇ ਚੰਗੇ ਦੋਸਤ ਬਣ ਗਏ। ਮੁਲਜ਼ਮਾਂ ਨੇ ਨਸ਼ਾ ਤਸਕਰੀ ਦਾ ਧੰਦਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਮੁਲਾਕਾਤ ਰਾਜਾ ਕੰਦੋਲਾ ਨਾਲ ਹੋਈ। ਉਸ ਤੋਂ ਬਾਅਦ ਤਿੰਨੇ ਮੁਲਜ਼ਮ ਵੱਡੇ ਪੱਧਰ 'ਤੇ ਨਸ਼ਾ ਤਸਕਰੀ ਕਰਨ ਲੱਗੇ।

# ਰਾਮ ਨਾਥ ਕੋਵਿੰਦ ਬਣੇ ਮੁਲਕ ਦੇ 14ਵੇਂ ਰਾਸ਼ਟਰਪਤੀ

## ਕੋਵਿੰਦ ਨੂੰ 9 ਸਾਬਕਾ ਰਾਸ਼ਟਰਪਤੀਆਂ ਤੋਂ ਘੱਟ ਵੋਟ ਸ਼ੇਅਰ ਮਿਲਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਵਕੀਲ ਤੋਂ ਸਿਆਸਤਦਾਨ ਬਣੇ ਭਾਜਪਾ ਆਗੂ ਰਾਮ ਨਾਥ ਕੋਵਿੰਦ ਦੇਸ਼ ਦੇ 14ਵੇਂ ਰਾਸ਼ਟਰਪਤੀ ਚੁਣੇ ਗਏ। ਪਰ ਉਨ੍ਹਾਂ ਨੂੰ ਸਿਰਫ਼ 65.65% ਵੋਟ ਹੀ ਮਿਲੇ। ਇਹ 44 ਸਾਲ ਵਿਚ ਕਿਸੇ ਰਾਸ਼ਟਰਪਤੀ ਨੂੰ ਮਿਲਿਆ ਸਭ ਤੋਂ ਘੱਟ ਵੋਟ ਸ਼ੇਅਰ ਹੈ। ਇਸ ਤੋਂ ਪਹਿਲਾਂ 1974 ਵਿਚ ਕਾਂਗਰਸ ਦੇ ਫਖ਼ਰੁਦੀਨ ਅਲੀ ਅਹਿਮਦ ਨੂੰ 56.23% ਵੋਟ ਮਿਲੇ ਸਨ। ਹਾਕਮ ਐਨਡੀਏ ਦੇ ਉਮੀਦਵਾਰ ਸ੍ਰੀ ਕੋਵਿੰਦ (71) ਸਿੱਧੇ ਤੌਰ 'ਤੇ ਭਾਜਪਾ ਨਾਲ ਸਬੰਧਤ ਪਹਿਲੇ ਰਾਸ਼ਟਰਪਤੀ ਤੇ ਦੇਸ਼ ਦਾ ਪ੍ਰਥਮ ਨਾਗਰਿਕ ਬਣਨ ਵਾਲੇ ਦੂਜੇ ਦਲਿਤ ਆਗੂ ਹਨ। ਉਨ੍ਹਾਂ ਵਿਰੋਧੀ ਧਿਰ ਦੀ ਉਮੀਦਵਾਰ ਤੇ ਲੋਕ ਸਭਾ ਦੀ ਸਾਬਕਾ ਸਪੀਕਰ ਮੀਰਾ ਕੁਮਾਰ ਨੂੰ ਵੱਡੇ ਫ਼ਰਕ ਨਾਲ ਹਰਾਇਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਚੋਣ ਮੰਡਲ ਦੀ ਮਿਲੀ 'ਵਿਆਪਕ' ਹਮਾਇਤ ਉਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ, "ਸ੍ਰੀ ਰਾਮ ਨਾਥ ਕੋਵਿੰਦ ਜੀ ਨੂੰ ਭਾਰਤ ਦਾ ਰਾਸ਼ਟਰਪਤੀ ਚੁਣੇ ਜਾਣ 'ਤੇ ਵਧਾਈ! ਫਲਦਾਈ ਤੇ ਪ੍ਰੇਰਨਾਦਾਈ ਕਾਰਜਕਾਲ ਲਈ ਸ਼ੁਭ ਕਾਮਨਾਵਾਂ।"

ਰਿਟਰਨਿੰਗ ਅਫ਼ਸਰ ਅਨੂਪ ਮਿਸ਼ਰਾ ਨੇ ਨਤੀਜੇ ਦਾ ਐਲਾਨ ਕਰਦਿਆਂ ਕਿਹਾ ਕਿ ਸ੍ਰੀ ਕੋਵਿੰਦ ਨੂੰ ਕੁੱਲ ਮਿਲਾ ਕੇ 2930 ਕਾਨੂੰਨਸਾਜ਼ਾਂ (ਸੰਸਦ ਮੈਂਬਰਾਂ ਤੇ ਵਿਧਾਇਕਾਂ) ਨੇ ਵੋਟਾਂ ਪਾਈਆਂ, ਜਿਨ੍ਹਾਂ ਦੀ ਕੀਮਤ 702044 ਬਣਦੀ ਹੈ। ਬੀਬੀ ਕੁਮਾਰ ਨੂੰ 367314 ਕੀਮਤ ਵਾਲੀਆਂ 1844 ਵੋਟਾਂ ਮਿਲੀਆਂ। ਉਂਜ ਸ੍ਰੀ ਕੋਵਿੰਦ ਦੀ ਜਿੱਤ ਦਾ ਫ਼ਰਕ ਭਾਜਪਾ ਦੇ ਦਾਅਵਿਆਂ ਤੱਕ ਨਹੀਂ ਪੁੱਜ ਸਕਿਆ, ਜਿਸ ਨੇ ਸ੍ਰੀ ਕੋਵਿੰਦ ਨੂੰ 70 ਫ਼ੀਸਦੀ ਵੋਟਾਂ ਪੈਣ ਦੀ ਪੇਸ਼ੀਨਗੋਈ ਕੀਤੀ ਸੀ। ਆਪਣੀ ਜਿੱਤ ਦੇ ਐਲਾਨ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਸ੍ਰੀ ਕੋਵਿੰਦ ਨੇ ਕਿਹਾ, "ਮੈਂ ਕਦੇ ਰਾਸ਼ਟਰਪਤੀ ਬਣਨ ਬਾਰੇ ਨਹੀਂ ਸੋਚਿਆ ਸੀ। ਮੇਰੀ ਜਿੱਤ ਉਨ੍ਹਾਂ ਲੋਕਾਂ ਲਈ ਸੁਨੇਹਾ ਹੈ ਜੋ ਆਪਣੇ ਫ਼ਰਜ਼ ਦਿਆਨਤਦਾਰੀ ਨਾਲ ਨਿਭਾਉਂਦੇ ਹਨ। ਰਾਸ਼ਟਰਪਤੀ ਵਜੋਂ ਮੇਰੀ ਚੋਣ ਭਾਰਤੀ ਲੋਕਤੰਤਰ ਦੀ ਮਹਾਨਤਾ ਦਾ ਸਬੂਤ ਹੈ।" ਉਨ੍ਹਾਂ ਕਿਹਾ, "ਮੈਂ ਭਾਵੁਕ ਮਹਿਸੂਸ ਕਰ ਰਿਹਾ ਹਾਂ।" ਰਾਸ਼ਟਰਪਤੀ ਬਣਨ ਵਾਲੇ ਸ੍ਰੀ ਕੋਵਿੰਦ ਪਹਿਲੇ ਭਾਜਪਾ ਮੈਂਬਰ ਹਨ। ਉਹ ਅਹੁਦੇ ਦੀ ਪੰਜ ਸਾਲਾ ਮਿਆਦ ਲਈ 25 ਜੁਲਾਈ ਨੂੰ ਸਹੁੰ ਚੁੱਕਣਗੇ। ਰਾਸ਼ਟਰਪਤੀ ਭਵਨ ਵਿੱਚ ਪੁੱਜਣ ਵਾਲੇ ਉਹ ਦੂਜੇ ਦਲਿਤ ਆਗੂ ਹਨ। ਸ੍ਰੀ ਕੇ.ਆਰ. ਨਰਾਇਣਨ ਪਹਿਲੇ ਦਲਿਤ ਰਾਸ਼ਟਰਪਤੀ ਸਨ।

ਚੋਣ ਦਾ ਐਲਾਨ ਹੁੰਦਿਆਂ ਹੀ ਸ੍ਰੀ ਕੋਵਿੰਦ ਦੇ ਜੱਦੀ ਪਿੰਡ ਕਲਿਆਣਪੁਰ, ਜ਼ਿਲ੍ਹਾ ਕਾਨਪੁਰ ਦੇਹਾਤ, ਯੂਪੀ ਵਿੱਚ ਮੇਲੇ ਵਰਗਾ ਮਾਹੌਲ ਬਣ ਗਿਆ ਦੇ ਲੋਕ ਆਤਿਸ਼ਬਾਜ਼ੀ ਚਲਾਉਂਦੇ ਹੋਏ ਖ਼ੁਸ਼ੀ ਵਿੱਚ ਝੂਮਣ ਲੱਗ ਪਏ। ਸ੍ਰੀ ਕੋਵਿੰਦ ਦੀ ਜਿੱਤ ਵਿੱਚ ਉਨ੍ਹਾਂ ਦੇ ਜੱਦੀ ਸੂਬੇ ਯੂਪੀ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਮਿਲੀ ਵੱਡੀ ਜਿੱਤ ਦਾ ਵੀ ਅਹਿਮ ਹਿੱਸਾ ਹੈ। ਉਂਜ ਯੂਪੀ ਦੀ ਜਿੱਤ ਤੇ ਬਾਵਜੂਦ ਭਾਜਪਾ ਦੀ ਅਗਵਾਈ ਵਾਲੇ ਹਾਕਮ ਐਨਡੀਏ ਦੀਆਂ ਵੋਟਾਂ ਬਹੁਮਤ ਤੋਂ ਘਟ ਰਹੀਆਂ ਸਨ। ਇਸ ਕਾਰਨ ਜਿੱਤ ਲਈ ਉਨ੍ਹਾਂ ਨੂੰ ਗ਼ੈਰ ਐਨਡੀਏ ਪਾਰਟੀਆਂ ਜਿਵੇਂ ਤਿਲੰਗਾਨਾ ਦੀ ਟੀਆਰਐਸ, ਤਾਮਿਲ ਨਾਡੂ ਦੀ ਅੰਨਾਡੀਐਮਕੇ ਦੇ ਧੜਿਆਂ ਤੇ ਡੀਐਮਕੇ, ਬਿਹਾਰ ਦੇ ਜਨਤਾ ਦਲ (ਯੂ) ਤੇ ਉੜੀਸਾ ਦੇ ਬੀਜੂ ਜਨਤਾ ਦਲ ਦਾ ਸਹਾਰਾ ਲੈਣਾ ਪਿਆ।

ਉਂਜ ਭਾਜਪਾ ਨੇ ਇਕ ਦਲਿਤ ਨੂੰ ਉਮੀਦਵਾਰ ਬਣਾ ਕੇ ਬੜੀ ਸਿਰੇ ਦੀ ਚਾਲ ਚੱਲੀ ਸੀ। ਇਸ ਨਾਲ ਪਾਰਟੀ ਨੇ ਨਾ ਸਿਰਫ਼ ਦਲਿਤ ਤੇ ਪਛੜੇ ਵਰਗਾਂ ਵਿੱਚ ਆਪਣੀ ਪਹੁੰਚ ਵਧਾਉਣ ਦੀ ਕੋਸ਼ਿਸ਼ ਕੀਤੀ ਹੈ, ਸਗੋਂ ਵੱਖ-ਵੱਖ ਪਾਰਟੀਆਂ ਲਈ ਵੀ ਵਿਰੋਧ ਵਿੱਚ ਖੜ੍ਹਾ ਹੋਣਾ ਮੁਸ਼ਕਲ ਬਣਾ ਦਿੱਤਾ। ਇਸੇ ਕਾਰਨ ਵਿਰੋਧੀ ਧਿਰ ਨੂੰ ਵੀ ਬੀਬੀ ਕੁਮਾਰ ਦੇ ਰੂਪ ਵਿੱਚ ਇਕ ਦਲਿਤ ਨੂੰ ਉਮੀਦਵਾਰ ਬਣਾਉਣਾ ਪਿਆ। ਬੀਬੀ ਕੁਮਾਰ ਨੇ ਉਨ੍ਹਾਂ ਨੂੰ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਸੰਵਿਧਾਨ ਦੀ ਪਾਲਣਾ ਦੀ ਜ਼ਿੰਮੇਵਾਰੀ ਹੁਣ ਉਨ੍ਹਾਂ ਦੇ ਸਿਰ ਹੈ। ਸ੍ਰੀ ਮੋਦੀ ਨੇ ਵੀ ਵਧੀਆ ਚੋਣ ਮੁਹਿੰਮ ਲਈ ਬੀਬੀ ਕੁਮਾਰ ਨੂੰ ਮੁਬਾਰਕਬਾਦ ਦਿੱਤੀ। ਸ੍ਰੀ ਕੋਵਿੰਦ ਨੂੰ ਵਧਾਈ ਦੇਣ ਵਾਲਿਆਂ ਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਤੇ ਵੱਖ-ਵੱਖ ਮੁੱਖ ਮੰਤਰੀ ਤੇ ਹੋਰ ਆਗੂ ਸ਼ਾਮਲ ਹਨ। ਬੀਬੀ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਸ਼ੁਭ ਇੱਛਾਵਾਂ ਦਿੰਦਿਆਂ ਕਿਹਾ ਕਿ ਰਾਸ਼ਟਰਪਤੀ ਨੇ ਸੰਵਿਧਾਨ ਅਤੇ ਜਮਹੂਰੀ ਰੀਤਾਂ ਦੇ ਰਾਖੇ ਵਜੋਂ ਅਹਿਮ ਜ਼ਿੰਮੇਵਰੀ ਨਿਭਾਉਣੀ ਹੁੰਦੀ ਹੈ।

**ਕੋਵਿੰਦ ਨੂੰ ਕਰਾਸ ਵੋਟਿੰਗ ਦਾ ਲਾਭ**

ਅਹਿਮਦਾਬਾਦ : ਰਾਸ਼ਟਰਪਤੀ ਚੋਣ ਲਈ ਇਥੇ ਪਈਆਂ ਵੋਟਾਂ ਵਿੱਚ ਵਿਰੋਧੀ ਕਾਂਗਰਸ ਦੇ ਅੱਠ ਵਿਧਾਇਕਾਂ ਨੇ ਐਨਡੀਏ ਦੇ ਜੇਤੂ ਰਹੇ ਉਮੀਦਵਾਰ ਰਾਮ ਨਾਥ ਕੋਵਿੰਦ ਨੂੰ ਵੋਟਾਂ ਪਾਈਆਂ। ਨਤੀਜਿਆਂ ਮੁਤਾਬਕ ਸ੍ਰੀ ਕੋਵਿੰਦ ਨੂੰ 132 ਵਿਧਾਇਕਾਂ ਨੇ ਵੋਟ ਪਾਈ ਤੇ ਯੂਪੀਏ ਉਮੀਦਵਾਰ ਮੀਰਾ ਕੁਮਾਰ ਨੂੰ 49 ਵੋਟਾਂ ਮਿਲੀਆਂ। ਵਿਧਾਨ ਸਭਾ ਦੇ ਕੁੱਲ 182 ਮੈਂਬਰਾਂ ਵਿਚੋਂ ਕਾਂਗਰਸ ਦੇ 57, ਭਾਜਪਾ ਦੇ 121, ਐਨਸੀਪੀ ਦੇ ਦੋ ਅਤੇ ਜੇਡੀ(ਯੂ) ਅਤੇ ਗੁਜਰਾਤ ਪਰਿਵਰਤਨ ਪਾਰਟੀ ਦਾ ਇਕ-ਇਕ ਵਿਧਾਇਕ ਹੈ।

**ਸਭ ਵੱਧ ਹੁੰਗਾਰਾ ਯੂਪੀ ਵਿਚੋਂ** : ਨਵੀਂ ਦਿੱਲੀ: ਰਾਸ਼ਟਰਪਤੀ ਲਈ ਭਾਜਪਾ ਉਮੀਦਵਾਰ ਰਾਮ ਨਾਥ ਕੋਵਿੰਦ ਨੂੰ ਸਭ ਤੋਂ ਵੱਧ ਵੋਟਾਂ ਉੱਤਰ ਪ੍ਰਦੇਸ਼ ਤੋਂ ਪਈਆਂ ਜਦਕਿ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਹੇਠਲੇ ਪੱਛਮੀ ਬੰਗਾਲ ਵਿਚ ਕਾਂਗਰਸ ਉਮੀਦਵਾਰ ਮੀਰਾ ਕੁਮਾਰ ਸਭ ਤੋਂ ਵੱਧ ਵੋਟਾਂ ਲੈਣ 'ਚ ਕਾਮਯਾਬ ਰਹੀ। ਅੰਕੜਿਆਂ ਅਨੁਸਾਰ ਨਾਗਾਲੈਂਡ ਵਿਚ ਕੋਵਿੰਦ ਨੇ 56 ਵੋਟਾਂ ਹਾਸਲ ਕੀਤੀਆਂ ਜਦਕਿ ਮੀਰਾ ਕੁਮਾਰ ਨੂੰ ਸਿਰਫ਼ ਇੱਕ ਵੋਟ ਮਿਲੀ ਹੈ। ਯੂਪੀ ਵਿਚੋਂ ਸ੍ਰੀ ਕੋਵਿੰਦ ਨੂੰ 335 ਤੇ ਮੀਰਾ ਕੁਮਾਰ ਨੂੰ 65 ਵੋਟਾਂ ਮਿਲੀਆਂ। ਟੀਡੀਪੀ-ਭਾਜਪਾ ਦੀ ਸਾਂਝੀ ਅਗਵਾਈ ਵਾਲੇ ਆਂਧਰਾ ਪ੍ਰਦੇਸ਼ ਵਿਚੋਂ ਸਾਰੀਆਂ 171 ਵੋਟਾਂ ਸ੍ਰੀ ਕੋਵਿੰਦ ਦੇ ਨਾਂ ਰਹੀਆਂ। ਮਹਾਰਾਸ਼ਟਰ ਦੀਆਂ 285 ਵਿਚੋਂ 208 ਵੋਟਾਂ ਸ੍ਰੀ ਕੋਵਿੰਦ ਨੂੰ ਪਈਆਂ। ਬਿਹਾਰ ਤੋਂ ਸ੍ਰੀ ਕੋਵਿੰਦ ਨੂੰ 130 ਤੇ ਮੀਰਾ ਕੁਮਾਰ ਨੂੰ 109 ਵੋਟਾਂ ਮਿਲੀਆਂ। ਪੱਛਮੀ ਬੰਗਾਲ 'ਚ ਮੀਰਾ ਨੂੰ 273 ਜਦਕਿ ਕੋਵਿੰਦ ਨੂੰ 11 ਅਤੇ ਕੇਰਲ ਵਿਚ 139 ਵਿਚੋਂ 138 ਵੋਟਾਂ ਮੀਰਾ ਕੁਮਾਰ ਨੂੰ ਮਿਲੀਆਂ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਵਿਚ ਦੇਸ਼ ਦੇ 14ਵੇਂ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਮੁਬਾਰਕਬਾਦ ਦਿੰਦੇ ਹੋਏ।

### ਬਾਦਲਾਂ ਨੇ ਦਿੱਤੀ ਵਧਾਈ :

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਾਮ ਨਾਥ ਕੋਵਿੰਦ ਨੂੰ ਦੇਸ਼ ਦੇ 14ਵੇਂ ਰਾਸ਼ਟਰਪਤੀ ਚੁਣੇ ਜਾਣ ਉੱਤੇ ਵਧਾਈ ਦਿੱਤੀ ਹੈ। ਉਨ੍ਹਾਂ ਇੱਕ ਕਿਸਾਨ ਦੇ ਪੁੱਤਰ ਨੂੰ ਰਾਸ਼ਟਰਪਤੀ ਭਵਨ ਵਾਸਤੇ ਨਾਮਜ਼ਦ ਕਰਨ ਵਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕੀਤੀ ਹੈ। ਬਾਦਲਾਂ ਨੇ ਕਿਹਾ ਕਿ ਸ੍ਰੀ ਕੋਵਿੰਦ ਦੀ ਜਿੱਤ ਉਨ੍ਹਾਂ ਸਾਰੀਆਂ ਤਰਕਸੰਗਤ ਤਾਕਤਾਂ ਦੀ ਜਿੱਤ ਹੈ, ਜਿਹੜੀਆਂ ਦੇਸ਼ ਨੂੰ ਤਰੱਕੀ ਦੇ ਰਾਹਾਂ ਉੱਤੇ ਲੈ ਕੇ ਜਾਣਾ ਚਾਹੁੰਦੀਆਂ ਹਨ।

## ਦੀਦਾਰ ਸਿੰਘ ਨਲਵੀ ਨੇ ਬਣਾਇਆ ਨਵਾਂ ਸਿੱਖ ਸੰਗਠਨ

**ਕੁਰੁਕਸ਼ੇਤਰ/ਬਿਊਰੋ ਨਿਊਜ਼ :** ਕੰਬੋਜ ਧਰਮਸ਼ਾਲਾ ਵਿਚ ਹੋਈ ਸੂਬਾ ਪੱਧਰੀ ਸਿੱਖ ਕਾਨਫ਼ਰੰਸ ਵਿਚ ਹਰਿਆਣਾ ਦੇ ਸਿੱਖਾਂ ਦੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਅਧਿਕਾਰਾਂ ਦੀ ਰੱਖਿਆ ਲਈ ਨਵਾਂ ਸਿੱਖ ਸੰਗਠਨ ਬਣਾਉਣ ਦਾ ਫ਼ੈਸਲਾ ਲਿਆ ਗਿਆ। ਇੰਨਾ ਹੀ ਨਹੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਨੂੰ ਇਸ ਦਾ ਕਾਰਜਕਾਰੀ ਪ੍ਰਧਾਨ ਤੇ ਮੋਹਨਜੀਤ ਸਿੰਘ ਪਾਣੀਪਤ ਨੂੰ ਸੂਬਾਈ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਕਾਨਫ਼ਰੰਸ ਵਿਚ ਸੂਬੇ ਭਰ ਤੋਂ ਆਏ ਸਿੱਖ ਡੇਲੀਗੇਟਾਂ ਨੇ ਇਨ੍ਹਾਂ ਦੋਵੇਂ ਆਗੂਆਂ ਨੂੰ ਨਵੇਂ ਸੰਗਠਨ ਦਾ ਨਾਂਅ ਰੱਖਣ, ਸੰਵਿਧਾਨ ਬਣਾਉਣ ਤੇ ਰਜਿਸਟ੍ਰੇਸ਼ਨ ਕਰਵਾਉਣ ਤੋਂ ਇਲਾਵਾ 11 ਮੈਂਬਰੀ ਕਾਰਜਕਾਰਨੀ ਦਾ ਗਠਨ ਕਰਨ ਦੇ ਅਧਿਕਾਰ ਵੀ ਸੌਂਪ ਦਿੱਤੇ ਹਨ। ਨਿਯੁਕਤੀ ਤੋਂ ਫੌਰਨ ਬਾਅਦ ਦੀਦਾਰ ਸਿੰਘ ਨਲਵੀ ਨੇ ਐਲਾਨ ਕੀਤਾ ਕਿ ਉਹ 2 ਹਫ਼ਤੇ ਅੰਦਰ ਹੀ ਨਵੇਂ ਸੰਗਠਨ ਦੇ ਨਾਂਅ ਅਤੇ ਸੰਵਿਧਾਨ ਦਾ ਐਲਾਨ ਕਰ ਦੇਣਗੇ। ਦੀਦਾਰ ਸਿੰਘ ਨਲਵੀ ਨੇ ਦੱਸਿਆ ਕਿ ਇਹ ਸੰਗਠਨ ਪੂਰੀ ਤਰ੍ਹਾਂ ਗੈਰ-ਰਾਜਨੀਤਕ ਹੋਵੇਗਾ ਅਤੇ ਕੇਵਲ ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੰਭਾਲੇਗਾ। ਉਨ੍ਹਾਂ ਦੱਸਿਆ ਕਿ ਨਵਾਂ ਸੰਗਠਨ ਸੂਬੇ ਭਰ ਦੇ ਸਿੱਖਾਂ ਦੀ ਅਗਵਾਈ ਕਰੇਗਾ ਅਤੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਚੋਣ ਵਿਚ ਉਮੀਦਵਾਰ ਖੜ੍ਹੇ ਕਰੇਗਾ। ਇਸ ਨਾਲ ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਨੂੰ ਰਾਜਨੀਤਕ ਆਗੂਆਂ ਤੋਂ ਆਜ਼ਾਦੀ ਮਿਲੇਗੀ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਕਾਰਜਕਾਰਨੀ ਮੈਂਬਰ ਸਮੇਤ ਹੋਰ ਸਮਰਥਕ ਵੀ ਇਸ ਸਿੱਖ ਕਾਨਫ਼ਰੰਸ ਵਿਚ ਸ਼ਾਮਿਲ ਹੋਏ। ਐਚ.ਐਸ.ਜੀ.ਐਮ.ਸੀ. ਦੇ ਸੀਨੀਅਰ ਮੀਤ ਪ੍ਰਧਾਨ ਦੀਦਾਰ ਸਿੰਘ ਨਲਵੀ ਦੀ ਅਗਵਾਈ ਵਿਚ ਇੱਥੇ ਪੁੱਜੇ ਕਾਰਜਕਾਰਨੀ ਮੈਂਬਰ ਮੋਹਨਜੀਤ ਸਿੰਘ ਪਾਣੀਪਤ ਅਤੇ ਬਲਦੇਵ ਸਿੰਘ ਬੱਲੀ ਤੋਂ ਇਲਾਵਾ ਹਰਭਜਨ ਸਿੰਘ ਰਾਠੌਰ ਰੋਹਤਕ ਤੇ ਅਜਮੇਰ ਸਿੰਘ ਨੇ ਸੰਗਠਨ ਨੂੰ ਤਨ-ਮਨ-ਧਨ ਨਾਲ ਸਹਿਯੋਗ ਕਰਨ ਦਾ ਐਲਾਨ ਵੀ ਕੀਤਾ।

## ਪ੍ਰਣਬ ਵਲੋਂ ਜਨਤਾ ਨੂੰ 'ਜਿਸਮਾਨੀ ਤੇ ਜ਼ੁਬਾਨੀ' ਹਿੰਸਾ ਵਾਲੇ ਮਾਹੌਲ ਤੋਂ ਆਜ਼ਾਦ ਕਰਾਉਣ ਦੀ ਵਕਾਲਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜਨਤਾ ਨੂੰ 'ਜਿਸਮਾਨੀ ਤੇ ਜ਼ੁਬਾਨੀ' ਹਿੰਸਾ ਵਾਲੇ ਮਾਹੌਲ ਤੋਂ ਆਜ਼ਾਦ ਕਰਾਉਣ ਦੀ ਵਕਾਲਤ ਕਰਦਿਆਂ ਕਿਹਾ ਕਿ ਮੁਲਕ ਸਹਿਣਸ਼ੀਲਤਾ ਤੋਂ ਤਾਕਤ ਗ੍ਰਹਿਣ ਕਰਦਾ ਹੈ। ਰਾਸ਼ਟਰਪਤੀ ਵਜੋਂ ਦੇਸ਼ ਨੂੰ ਆਖ਼ਰੀ ਵਾਰ ਸੰਬੋਧਨ ਕਰਦਿਆਂ ਉਨ੍ਹਾਂ ਨੇ 'ਬਹੁਲਵਾਦ ਤੇ ਸਹਿਣਸ਼ੀਲਤਾ' ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਮੁਲਕ ਦੀ ਸਭਿਅਤਾ ਦੀ 'ਅਸਲ ਨੀਂਹ' ਹਮਦਰਦੀ ਤੇ ਰਹਿਮਦਿਲੀ ਹੈ। ਸ੍ਰੀ ਮੁਖਰਜੀ, ਜੋ ਭਲਕੇ ਅਹੁਦਾ ਛੱਡਣਗੇ, ਨੇ ਕਿਹਾ, 'ਅਸੀਂ ਰੋਜ਼ਾਨਾ ਆਪਣੇ ਆਸ ਪਾਸ ਹਿੰਸਾ ਵਧ ਰਹੀ ਦੇਖਦੇ ਹਾਂ। ਇਸ ਹਿੰਸਾ ਦੇ ਧੁਰ ਅੰਦਰ ਹਨੇਰਾ, ਡਰ ਤੇ ਬੇਵਿਸਾਹੀ ਹੈ। ਸਾਨੂੰ ਆਪਣੀ ਜਨਤਾ ਦੇ ਦਿਲ ਦਿਮਾਗ ਨੂੰ ਹਰ ਤਰ੍ਹਾਂ ਦੀ ਹਿੰਸਾ 'ਸਰੀਰਕ ਤੇ ਜ਼ੁਬਾਨੀ' ਤੋਂ ਆਜ਼ਾਦ ਕਰਾਉਣਾ ਚਾਹੀਦਾ ਹੈ।

## ਅਧਿਆਪਕਾਂ ਨੂੰ ਦਲੀਆ ਪਕਾਉਣ 'ਤੇ ਲਾਇਆ : ਭਗਵੰਤ ਮਾਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਪੰਜਾਬ) ਦੇ ਪ੍ਰਧਾਨ ਭਗਵੰਤ ਮਾਨ ਨੇ ਸਿੱਖਿਆ ਪ੍ਰਬੰਧ 'ਤੇ ਚੋਟ ਕਰਦਿਆਂ ਸੰਸਦ ਵਿੱਚ ਕਿਹਾ ਕਿ ਪੰਜਾਬ ਦੇ ਸਕੂਲਾਂ ਵਿਚ ਇਹ ਹਾਲ ਹੈ ਕਿ ਵਿਦਿਆਰਥੀ ਘਰੋਂ ਕਿਤਾਬਾਂ ਲਿਆਉਣੀਆਂ ਭੁੱਲ ਜਾਵੇ ਤਾਂ ਕੋਈ ਸਮੱਸਿਆ ਨਹੀਂ ਪਰ ਉਹ ਭਾਂਡੇ ਨਾ ਭੁੱਲ ਕੇ ਆਵੇ, ਜਿਨ੍ਹਾਂ ਵਿੱਚ ਉਸ ਨੂੰ ਮਿਡ-ਡੇਅ ਮੀਲ ਮਿਲਣੀ ਹੁੰਦੀ ਹੈ। ਸ੍ਰੀ ਮਾਨ ਨੇ ਕਿਹਾ ਕਿ ਇੱਕ ਪਾਸੇ ਉੱਚ ਸਿੱਖਿਆ ਪ੍ਰਾਪਤ ਬੇਰੁਜ਼ਗਾਰ ਅਧਿਆਪਕ ਟੈਂਕੀਆਂ ਉਪਰ ਚੜ੍ਹ ਕੇ ਨੌਕਰੀਆਂ ਦੀ ਮੰਗ ਕਰ ਰਹੇ ਹਨ ਤੇ ਦੂਜੇ ਪਾਸੇ ਸਕੂਲਾਂ ਵਿੱਚ 14 ਹਜ਼ਾਰ ਆਸਾਮੀਆਂ ਖਾਲੀ ਪਈਆਂ ਹਨ। ਉਨ੍ਹਾਂ ਕਿਹਾ ਕਿ ਜਿਹੜੇ ਅਧਿਆਪਕ ਸਕੂਲਾਂ ਵਿੱਚ ਕੰਮ ਕਰ ਵੀ ਰਹੇ ਹਨ, ਉਨ੍ਹਾਂ ਨੂੰ ਦਲੀਆ ਬਣਾਉਣ ਦਾ ਹੀ ਫਿਕਰ ਪਿਆ ਰਹਿੰਦਾ ਹੈ।

# ਕੇਂਦਰੀ ਸਿੱਖ ਅਜਾਇਬ ਘਰ ਵਿਚ ਨਵਾਬ ਰਾਇ ਕੱਲ੍ਹਾ ਦਾ ਚਿੱਤਰ ਸਥਾਪਤ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਧਾ ਭਾਵਨਾ ਨਾਲ ਸੇਵਾ ਕਰਕੇ ਗੁਰੂ ਸਾਹਿਬ ਤੋਂ ਗੰਗਾ ਸਾਗਰ ਦੀ ਬਖਸ਼ਿਸ਼ ਪ੍ਰਾਪਤ ਕਰਨ ਵਾਲੇ ਗੁਰੂ ਘਰ ਦੇ ਮੁਸਲਮਾਨ ਸ਼ਰਧਾਲੂ ਤੇ ਰਾਏਕੋਟ ਦੇ ਨਵਾਬ ਰਾਇ ਕੱਲ੍ਹਾ ਦਾ ਵੱਡ ਅਕਾਰੀ ਚਿੱਤਰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਵਿਚ ਸਥਾਪਤ ਕੀਤਾ ਗਿਆ, ਜਿਸ ਤੋਂ ਪਰਦਾ ਹਟਾਉਣ ਦੀ ਰਸਮ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਅਦਾ ਕੀਤੀ। ਭਾਈ ਸੁਖਜਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਗਾਇਣ ਕੀਤੇ ਜਾਣ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਅਨੇਕਾਂ ਹਿੰਦੂ ਅਤੇ ਮੁਸਲਮਾਨ ਧਰਮ ਨਾਲ ਸਬੰਧਿਤ ਸਤਿਕਾਰਤ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਸਿੱਖ ਪੰਥ ਪ੍ਰਤੀ ਬਹੁਤ ਵੱਡੀਆਂ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਕਿਹਾ ਕਿ ਰਾਇ ਕੱਲ੍ਹਾ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵੱਡੀ ਸੇਵਾ ਕੀਤੀ। ਉਨ੍ਹਾਂ ਦੀ ਸੇਵਾ ਤੋਂ ਪ੍ਰਭਾਵਿਤ ਗੁਰੂ ਸਾਹਿਬ ਵੱਲੋਂ ਰਾਇ ਪਰਿਵਾਰ ਨੂੰ ਗੰਗਾ ਸਾਗਰ ਨਾਂਅ ਦਾ ਇਕ ਬਰਤਨ, ਕਿਰਪਾਨ ਅਤੇ ਹੋਰ ਵਸਤਾਂ ਦੇ ਕੇ ਨਿਵਾਜਿਆ ਗਿਆ ਸੀ। ਉਨ੍ਹਾਂ ਰਾਏ ਕੱਲ੍ਹਾ ਦੀ ਤਸਵੀਰ ਅਜਾਇਬ ਘਰ ਵਿਚ ਲਗਾਉਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਵੇਂ ਸਿੱਖ ਤਸਵੀਰ ਦਾ ਪੁਜਾਰੀ ਨਹੀਂ ਪਰ ਮਹਾਨ ਸ਼ਹੀਦਾਂ, ਯੋਧਿਆਂ ਤੇ ਹੋਰਨਾਂ ਧਰਮਾਂ ਨਾਲ ਸਬੰਧਿਤ ਗੁਰੂ ਘਰ ਦੇ ਮਹਾਨ ਸੇਵਕਾਂ ਦੀਆਂ ਤਸਵੀਰਾਂ ਅਜਾਇਬ ਘਰਾਂ ਵਿਚ ਲਗਾਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲਦੀ ਹੈ। ਇਸ ਮੌਕੇ ਰਾਇ ਅਜ਼ੀਜ਼ ਉੱਲਾ ਖਾਨ ਵੱਲੋਂ ਉਚੇਚੇ ਤੌਰ 'ਤੇ ਪੁੱਜੇ ਹਿੰਦ ਪਾਕਿ ਦੋਸਤੀ ਮੰਚ ਦੇ ਆਗੂ ਤੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਔਰੰਗਜ਼ੇਬ ਦੀ ਹਕੂਮਤ ਦੇਸ਼ ਵਿਚ ਜ਼ਬਰ ਤੇ ਜ਼ੁਲਮ ਕਰ ਰਹੀ ਸੀ ਉਸ ਵੇਲੇ ਰਾਇ ਕੱਲ੍ਹਾ ਗੁਰੂ ਸਾਹਿਬ ਨਾਲ ਖੜ੍ਹੇ ਹੋਏ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦਾ ਇਸ ਗੱਲ ਨਾਲ ਕੱਦ ਤੇ ਮਾਣ ਉਚਾ ਹੁੰਦਾ ਹੈ ਕਿ ਸਿੱਖ ਧਰਮ, ਧਰਮਾਂ ਤੇ ਜਾਤਾਂ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਦੀ ਗੱਲ ਕਰਦਾ ਹੈ। ਇਸ ਮੌਕੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਗਜੀਤ ਸਿੰਘ ਤਲਵੰਡੀ ਨੇ ਵੀ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਾਹਿਬਾਨ ਨੇ ਸਤਨਾਮ ਸਿੰਘ ਮਾਣਕ ਤੋਂ ਇਲਾਵਾ ਰਾਏਕੋਟ ਹਲਕੇ ਵਿਚੋਂ ਉਚੇਚੇ ਤੌਰ 'ਤੇ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਰਾਮ ਸਿੰਘ, ਗੁਰਚਰਨ ਸਿੰਘ ਗਰੇਵਾਲ, ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਜਗਜੀਤ ਸਿੰਘ ਤਲਵੰਡੀ, ਸੁਖਦੇਵ ਸਿੰਘ ਭੂਰਾ ਕੋਹਨਾ, ਸੁਲੱਖਣ ਸਿੰਘ ਭੰਗਾਲੀ, ਮਲਕੀਤ ਸਿੰਘ ਬਹਿੜਵਾਲ, ਲਖਬੀਰ ਸਿੰਘ, ਸੁਖਰਾਜ ਸਿੰਘ, ਇਕਬਾਲ ਸਿੰਘ ਮੁਖੀ, ਪ੍ਰੋ. ਨਿਰਮਲ ਸਿੰਘ ਜੌੜਾ, ਰਮੇਸ਼ ਯਾਦਵ, ਗੁਰਦੇਵ ਸਿੰਘ ਮਹਿਲਾਂਵਾਲਾ, ਰਮੇਸ਼ ਕੌੜਾ ਤੇ ਗੁਰਚਰਨ ਸਿੰਘ ਲੁਧਿਆਣਾ ਆਦਿ ਵੀ ਹਾਜ਼ਰ ਸਨ।



## ਮਹਾਰਾਜਾ ਦਲੀਪ ਸਿੰਘ ਯਾਦਗਾਰ ਦੀ ਸਾਂਭ-ਸੰਭਾਲ ਲਈ ਪੰਜਾਬ ਸਰਕਾਰ ਨੇ 15 ਲੱਖ ਰੁਪਏ ਜਾਰੀ ਕੀਤੇ

**ਲੁਧਿਆਣਾ/ਬਿਊਰੋ ਨਿਊਜ਼ :**
ਪੰਜਾਬ ਦੇ ਆਖ਼ਰੀ ਸਿੱਖ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਫ਼ਿਲਮ 'ਦੀ ਬਲੈਕ ਪ੍ਰਿੰਸ' ਜਿਵੇਂ ਹੀ ਸ਼ੁੱਕਰਵਾਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਈ, ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਉਸ ਨੇ ਰਾਏਕੋਟ ਸਥਿਤ ਬੱਸੀਆਂ ਕੋਠੀ ਵਿਖੇ ਮਹਾਰਾਜਾ ਦਲੀਪ ਸਿੰਘ ਯਾਦਗਾਰ ਦੀ ਸਾਂਭ-ਸੰਭਾਲ ਲਈ 15 ਲੱਖ ਰੁਪਏ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਵੀਰਵਾਰ ਨੂੰ 'ਇੰਡੀਅਨ ਐਕਸਪ੍ਰੈੱਸ' ਵਿਚ ਰਿਪੋਰਟ ਛਪੀ ਸੀ ਕਿ ਇਤਿਹਾਸਕ ਯਾਦਗਾਰਾਂ ਪੰਜਾਬ ਸਰਕਾਰ ਦੀ ਅਣਦੇਖੀ ਕਾਰਨ ਰੁਲ ਰਹੀਆਂ ਹਨ। ਇਨ੍ਹਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਫੰਡ ਨਹੀਂ। ਇਨ੍ਹਾਂ ਦੀ ਮੁਰੰਮਤ, ਬਿਜਲੀ ਬਿਲ ਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇਣ ਲਈ ਪੈਸੇ ਨਹੀਂ ਹਨ।

ਸ਼ੁੱਕਰਵਾਰ ਨੂੰ ਪ੍ਰੈੱਸ ਬਿਆਨ ਜਾਰੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਅਮੀਰ ਸਭਿਆਚਾਰਕ ਵਿਰਸੇ ਦੇ ਰੱਖ-ਰਖਾਅ ਲਈ 42 ਕਰੋੜ ਰੁਪਏ ਰੱਖੇ ਹਨ ਤੇ ਇਸ ਤੋਂ ਇਲਾਵਾ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਦੀ ਸੰਭਾਲ ਲਈ ਵੀ 15 ਲੱਖ ਰੁਪਏ ਜਾਰੀ ਕੀਤੇ ਹਨ। ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਸੂਬੇ ਦੇ ਸੈਰਸਪਾਟਾ ਡਾਇਰੈਕਟਰ ਸ਼ਿਵ ਦੁਲਾਰ ਸਿੰਘ ਢਿੱਲੋਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਹਨ ਕਿ ਸੂਬੇ ਵਿਚਲੀਆਂ ਸਾਰੀਆਂ ਵਿਰਾਸਤੀ ਥਾਵਾਂ, ਖ਼ਾਸ ਤੌਰ 'ਤੇ ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਜਾਵੇ।

ਢਿੱਲੋਂ ਅਨੁਸਾਰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮੈਨੇਜਮੈਂਟ ਕਮੇਟੀ ਬਣਾਈ ਗਈ ਹੈ। ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਇਨ੍ਹਾਂ ਇਤਿਹਾਸਕ ਯਾਦਗਾਰਾਂ ਲਈ ਫੰਡ ਨਿਯਮਤ ਕੀਤੇ ਜਾਣਗੇ।

# 'ਦ ਬਲੈਕ ਪ੍ਰਿੰਸ' ਫਿਲਮ ਨੇ ਮਸਲਾ ਮੁੜ ਭਖਾਇਆ

## *ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਨੂੰ ਪੰਜਾਬ ਲਿਜਾ ਕੇ ਸਿੱਖ ਮਰਿਯਾਦਾ ਅਨੁਸਾਰ ਸਸਕਾਰ ਦੀ ਮੰਗ ਜ਼ੋਰ ਫੜਣ ਲੱਗੀ*

**ਲੰਡਨ/ਬਿਊਰੋ ਨਿਊਜ਼:** ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਿਤ ਬਣੀ ਫਿਲਮ ਦ ਬਲੈਕ ਪ੍ਰਿੰਸ' ਦੀ ਚਰਚਾ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਅਤੇ ਸਿੱਖ ਮਰਿਆਦਾ ਅਨੁਸਾਰ ਉਹਨਾਂ ਦਾ ਅੰਤਿਮ ਸੰਸਕਾਰ ਕਰਨ ਦਾ ਮਾਮਲਾ ਇਕ ਵਾਰ ਫਿਰ ਚਰਚਾ 'ਚ ਆ ਗਿਆ ਹੈ। ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇੰਗਲੈਂਡ 'ਚ ਬੀਤਿਆ ਅਤੇ ਉਹਨਾਂ ਨੂੰ ਬਚਪਨ 'ਚ ਵਰਗਲਾ ਨੇ ਇਸਾਈ ਬਣਾ ਲਿਆ ਗਿਆ ਸੀ। ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੇ ਮੌਤ ਤੋਂ ਪਹਿਲਾਂ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ। ਉਨ੍ਹਾਂ ਨੇ ਆਪਣਾ ਰਾਜ ਭਾਗ ਵਾਪਸ ਲੈਣ ਲਈ ਰੂਸ, ਅਮਰੀਕਾ ਤੇ ਆਇਰਲੈਂਡ ਨਾਲ ਮਿਲ ਕੇ ਕਾਫੀ ਕੋਸ਼ਿਸ਼ਾਂ ਕੀਤੀਆਂ ਪ੍ਰੰਤੂ ਕਾਮਯਾਬੀ ਨਾ ਮਿਲੀ। ਮਹਾਰਾਜਾ ਦਲੀਪ ਸਿੰਘ ਦੀ ਮੌਤ ਫਰਾਂਸ ਦੇ ਇਕ ਹੋਟਲ 'ਚ ਹੋਈ ਸੀ, ਜਿੱਥੋਂ ਉਹਨਾਂ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੀ ਸਭ ਤੋਂ ਵੱਧ ਮਨਪਸੰਦ ਜਗ੍ਹਾ ਐਲਵੀਡਨ ਮਹੱਲ ਕੋਲ ਚਰਚ ਵਾਲੀ ਜਗ੍ਹਾ 'ਚ ਦਫਨਾ ਦਿੱਤਾ ਗਿਆ ਸੀ। ਜਿੱਥੇ ਉਹਨਾਂ ਦੀ ਕਬਰ ਅੱਜ ਵੀ ਮੌਜੂਦ ਹੈ। ਲਾਰਡ ਦਲਜੀਤ ਸਿੰਘ ਰਾਣਾ ਮੈਂਬਰ ਆਫ ਹਾਊਸ ਆਫ ਲਾਰਡ ਦਾ ਕਹਿਣਾ ਹੈ ਕਿ ਉਹ ਮਹਾਰਾਜਾ ਦਲੀਪ ਸਿੰਘ ਦੀਆਂ ਅੰਤਮ ਰਸਮਾਂ ਪੰਜਾਬ 'ਚ ਕਰਨ ਲਈ ਮਦਦ ਕਰਨਗੇ। ਉਹਨਾਂ ਦੀਆਂ ਅੰਤਿਮ ਰਸਮਾਂ ਸਿੱਖ ਅਤੇ ਹਿੰਦੂ ਮਰਿਆਦਾ ਅਨੁਸਾਰ ਪੰਜਾਬ 'ਚ ਹੋਣੀਆਂ ਚਾਹੀਦੀਆਂ ਹਨ, ਜਿਸ ਤਰ੍ਹਾਂ ਉਹ ਆਖਰੀ ਦਮ ਤੱਕ ਪੰਜਾਬ ਵਾਪਿਸ ਜਾਣਾ ਚਾਹੁੰਦੇ ਸਨ। ਇਸ ਸਬੰਧ 'ਚ ਐੱਮ.ਪੀ. ਵਰਿੰਦਰ ਸ਼ਰਮਾ ਨੇ ਕਿਹਾ ਹੈ ਕਿ ਮੈਂ ਇਹ ਮਾਮਲਾ ਸਾਥੀਆਂ ਪਾਰਲੀਮੈਂਟ ਮੈਂਬਰਾਂ ਅਤੇ ਬਰਤਾਨਵੀ ਸਰਕਾਰ ਕੋਲ ਉਠਾਵਾਂਗਾ ਤੇ ਭਾਰਤੀ ਹਾਈ ਕਮਿਸ਼ਨ ਨੂੰ ਵੀ ਕਹਾਂਗਾ ਕਿ ਇਸ ਸਬੰਧੀ ਕੋਈ ਹੱਲ ਕੱਢੇ। ਜੇ ਭਾਰਤ ਸਰਕਾਰ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਵਾਪਸ ਭਾਰਤ ਲਿਜਾਣ ਬਾਰੇ ਕਹੇ ਤਾਂ ਬਰਤਾਨਵੀ ਸਰਕਾਰ ਇਸ ਬਾਰੇ ਜ਼ਰੂਰ ਬਿਆਨ ਦੇਵੇਗੀ। ਪ੍ਰੰਤੂ ਦੂਜੇ ਪਾਸੇ ਯੂ.ਕੇ. ਪੰਜਾਬ ਹੈਰੀਟੇਜ ਐਸੋਸੀਏਸ਼ਨ ਦੇ ਅਮਨਦੀਪ ਸਿੰਘ ਮਾਦਰਾ ਨੇ ਇਸ ਦਾ ਵਿਰੋਧ ਕੀਤਾ ਹੈ। ਉਹਨਾਂ ਦਲੀਪ ਸਿੰਘ ਦੀ ਮੌਤ ਤੋਂ ਇਕ ਮਹੀਨਾ ਪਹਿਲਾਂ ਲਿਖੀ ਆਖਰੀ ਵਸੀਅਤ ਸਬੂਤ ਵਜੋਂ ਪੇਸ਼ ਕਰਦਿਆਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦੀ ਆਖਰੀ ਇੱਛਾ ਸੀ ਕਿ ਉਸ ਨੂੰ ਉੱਥੇ ਹੀ ਦਫਨਾਇਆ ਜਾਵੇ ਜਿੱਥੇ ਉਸ ਦੀ ਮੌਤ ਹੋਵੇ। ਮਾਦਰਾ ਵੱਲੋਂ ਅੰਗਰੇਜ਼ੀ 'ਚ ਲਿਖੀ ਵਸੀਅਤ ਵਿਚਲੇ ਬਰੀ (Bury) ਸ਼ਬਦ ਦਾ ਤਰਜ਼ਮਾ ਦਫ਼ਨਾਇਆ ਕਰ ਰਹੇ ਹਨ। ਸਿੱਖ ਇਤਿਹਾਸਕਾਰ ਪੀਟਰ ਬੈਂਸ ਦਾ ਮੱਤ ਹੈ ਕਿ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਅੰਗਰੇਜ਼ੀ ਤੌਰ ਤਰੀਕਿਆਂ ਵਾਲਾ ਰਿਹਾ, ਉਸ ਦੀ ਬੋਲੀ, ਸੱਭਿਆਚਾਰ, ਧਰਮ ਉਸ ਤੋਂ ਵੱਖ ਹੋ ਗਏ ਸਨ ਉਹ ਬਰਤਾਨਵੀ ਬਣ ਚੁੱਕਾ ਸੀ। ਸਰਕਾਰੀ ਰਿਕਾਰਡਾਂ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਣੀ ਵਿਕਟੋਰੀਆ ਮਾਈ ਬਲੈਕ ਪ੍ਰਿੰਸ' (ਮੇਰਾ ਕਾਲਾ ਰਾਜਕੁਮਾਰ') ਕਹਿ ਕੇ ਬੁਲਾਇਆ ਕਰਦੀ ਸੀ। ਜਦ ਕਿ ਭਾਈਚਾਰੇ ਦੇ ਬੁੱਧੀਜੀਵੀਆਂ, ਧਾਰਮਿਕ ਤੇ ਰਾਜਸੀ ਆਗੂਆਂ ਅਤੇ ਭਾਰੀ ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਬਰੀ (Bury) ਸ਼ਬਦ ਦਾ ਮਤਲਬ ਆਖਰੀ ਰਸਮਾਂ ਹੈ। ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੇ ਆਖਰੀ ਸਮੇਂ ਮੁੜ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ, ਉਸ ਨੇ ਮਹਾਰਾਣੀ ਜਿੰਦਾਂ ਦਾ ਸਸਕਾਰ ਆਪਣੇ ਹੱਥੀਂ ਸਿੱਖ ਮਰਿਆਦਾ ਅਨੁਸਾਰ ਕੀਤਾ ਸੀ, ਇਸ ਕਰਕੇ ਉਹ ਅੰਤਿਮ ਰਸਮਾਂ ਬਾਰੇ ਭਲੀਭਾਂਤ ਜਾਣਦਾ ਸੀ।



ਮਹਾਰਾਜਾ ਦਲੀਪ ਸਿੰਘ ਦੀਆਂ ਅਸਲ ਤਸਵੀਰਾਂ ਅਤੇ ਸਮਾਧ।

# ਭਾਰਤੀ ਸਿੱਖ ਭਾਈਚਾਰੇ ਦੀ ਮੰਗ 'ਤੇ 178 ਸਾਲਾਂ ਬਾਅਦ ਸ਼ੇਰ-ਏ-ਪੰਜਾਬ ਦੀ ਸਮਾਧ ਲਾਗਿਓਂ ਹਟਾਈਆਂ ਸਮਾਧਾਂ

## ਸਮਾਧਾਂ ਨੂੰ ਲਾਹੌਰ ਸ਼ਾਹੀ ਕਿਲ੍ਹੇ ਵਿਚ ਮੌਜੂਦ ਸਿੱਖ ਗੈਲਰੀ ਵਿਚ ਪ੍ਰਦਰਸ਼ਨੀ ਹਿਤ ਸ਼ਾਮਲ ਕੀਤਾ ਜਾਵੇਗਾ

**ਲਾਹੌਰ/ਬਿਊਰੋ ਨਿਊਜ਼ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਤੀ ਹੋਣ ਵਾਲੀਆਂ ਰਾਣੀਆਂ ਦਾਸੀਆਂ, ਕਬੂਤਰਾਂ ਦੇ ਜੋੜੇ ਦੀਆਂ ਸਮਾਧਾਂ 178 ਸਾਲ ਪੁਰਾਣੀ ਥਾਂ ਤੋਂ ਹਟਾ ਦਿੱਤੀਆਂ ਗਈਆਂ ਹਨ। ਇਹ ਸਮਾਧਾਂ ਹੁਣ ਪ੍ਰਦਰਸ਼ਨੀ ਲਈ ਲਾਹੌਰ ਸ਼ਾਹੀ ਕਿਲੇ ਦੀ ਸਿੱਖ ਗੈਲਰੀ ਵਿਚ ਰੱਖ ਦਿੱਤੀਆਂ ਜਾਣਗੀਆਂ। ਦਾ ਲੰਬੀ ਚੱਲੀ ਬਿਮਾਰੀ ਦੇ ਬਾਅਦ ਦਿਹਾਂਤ ਹੋਣ 'ਤੇ ਅਗਲੇ ਦਿਨ ਉਨ੍ਹਾਂ ਦਾ ਸਸਕਾਰ ਲਾਹੌਰ ਸ਼ਾਹੀ ਕਿਲ੍ਹੇ ਦੇ ਸਾਹਮਣੇ ਮੌਜੂਦ ਗੁਰਦੁਆਰਾ ਡੇਹਰਾ ਸਾਹਿਬ ਨੇੜੇ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਮਹਾਰਾਜਾ ਦਾ ਸੋਨੇ ਦਾ ਬਣਿਆ ਬਿਬਾਣ ਬੜੀ ਸ਼ਾਨੋ-ਸ਼ੌਕਤ ਨਾਲ ਸ਼ਾਹੀ ਕਿਲ੍ਹੇ ਦੇ ਸਾਹਮਣੇ ਮੌਜੂਦ ਹਜ਼ੂਰੀ ਬਾਗ਼ ਦੇ ਪੱਛਮੀ ਦਰਵਾਜ਼ੇ ਰਾਹੀਂ ਦਰਿਆ ਰਾਵੀ ਦੇ ਕੰਢੇ ਮੌਜੂਦਾ ਸਮਾਧ ਵਾਲੇ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਚੰਦਨ ਦੀ ਚਿਤਾ 'ਤੇ ਮਹਾਰਾਜਾ ਦੀ ਦੇਹ ਦੇ ਸਿਰਹਾਣੇ ਰਾਣੀ ਹਰਦਈ (ਰਾਣੀ ਗੁੱਡਾ), ਰਾਣੀ ਰਾਜ ਦੇਵੀ, ਰਾਣੀ ਦੇਵਨੂ ਤੇ ਰਾਣੀ ਮਹਿਤਾਬ ਦੇਵੀ ਸਹਿਤ ਸੱਤ ਦਾਸੀਆਂ, ਰੇਣ ਚੰਨੋ ਜਮਾਦਾਰਨੀ, ਬਦਾਮੋ, ਸੂਬੀ, ਚੰਨੋ, ਜੋਵਾਹਰੋ, ਨਾਮੋ ਕਾਲੀ ਅਤੇ ਭਾਨੀ ਬੈਠ ਗਈਆਂ। ਸਹਿਜ਼ਾਦਾ ਖੜਕ ਸਿੰਘ ਵਲੋਂ ਲਾਂਬੂ ਲਾਏ ਜਾਣ 'ਤੇ ਜਦੋਂ ਚਿਤਾ ਉੱਪਰ ਘਿਓ, ਸੁਗੰਧੀਆਂ, ਇਤਰ ਫੁਲੇਲ ਛਿੜਕੇ ਗਏ ਤਾਂ ਉਸ ਨਾਲ ਅੱਗ ਦੇ ਲਾਂਬੂ ਅਸਮਾਨ ਨੂੰ ਛੂਹਣ ਲੱਗੇ। ਲਾਂਬੂ ਇੰਨੇ ਉੱਚੇ ਸਨ ਕਿ ਇਕ ਉੱਡਦਾ ਹੋਇਆ ਕਬੂਤਰਾਂ ਦਾ ਜੋੜਾ ਵੀ ਉਸ ਦੀ ਲਪੇਟ ਵਿਚ ਆ ਗਿਆ ਅਤੇ ਮਹਾਰਾਜਾ ਦੀ ਚਿਤਾ ਦੀ ਅੱਗ ਵਿਚ ਭਸਮ ਹੋ ਗਿਆ। ਸਹਿਜ਼ਾਦਾ ਖੜਕ ਸਿੰਘ ਨੇ ਮਹਾਰਾਜਾ ਬਣਨ ਤੋਂ ਬਾਅਦ ਉਪਰੋਕਤ ਸਸਕਾਰ ਵਾਲੇ ਸਥਾਨ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਸਹਿਤ ਉਨ੍ਹਾਂ ਨਾਲ ਸਤੀ ਹੋਣ ਵਾਲੀਆਂ ਰਾਣੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਪਰ ਖੜਕ ਸਿੰਘ ਦਾ ਜਲਦੀ ਬਾਅਦ ਦਿਹਾਂਤ ਹੋਣ 'ਤੇ ਉਸਾਰੀ ਦਾ ਬਾਕੀ ਰਹਿੰਦਾ ਕੁਝ ਕੰਮ ਮਹਾਰਾਜਾ ਸ਼ੇਰ ਸਿੰਘ ਤੇ ਬਾਕੀ ਅੰਗਰੇਜ਼ੀ ਸ਼ਾਸਨ ਦੇ ਸਮੇਂ ਮੁਕੰਮਲ ਕਰਵਾਇਆ ਗਿਆ। ਉਪਰੋਕਤ ਰਾਣੀਆਂ ਦੀਆਂ ਸਮਾਧਾਂ ਕਮਲ ਦੇ ਫੁੱਲ ਦੇ ਡਿਜ਼ਾਈਨ ਵਾਲੀਆਂ ਤੇ ਦਾਸੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧ ਸਫ਼ੈਦ ਸੰਗਮਰਮਰ ਨਾਲ ਗੁਲਾਈ ਵਿਚ ਬਣਾਈਆਂ ਗਈਆਂ ਹਨ। ਸ਼ਾਹੀ ਕਿਲ੍ਹੇ ਦੇ ਰੌਸ਼ਨਾਈ ਦਰਵਾਜ਼ੇ ਦੇ ਬਾਹਰ ਬਾਦਸ਼ਾਹੀ ਮਸੀਤ ਦੀ ਪੂਰਬੀ ਕੰਧ ਵਲ ਹਿੰਦੂ ਮੁਸਲਿਮ ਆਰਕੀਟੈਕਚਰ ਦੀ ਸੁਮੇਲ ਮਹਾਰਾਜਾ ਰਣਜੀਤ ਸਿੰਘ ਦੀ ਉਪਰੋਕਤ ਦੋ ਮੰਜ਼ਿਲਾਂ ਸਮਾਧ ਦੇ ਪਾਸ ਹੀ ਮਹਾਰਾਜਾ ਦੇ ਨਾਲ ਸਤੀ ਹੋਣ ਵਾਲੀਆਂ ਰਾਣੀਆਂ, ਦਾਸੀਆਂ ਤੇ ਕਬੂਤਰਾਂ ਦੇ ਜੋੜੇ ਦੀ ਸਮਾਧਾਂ ਕਰੀਬ 178 ਵਰ੍ਹੇ ਤਕ ਪੁਰਾਣੀ ਹਾਲਤ ਵਿਚ ਕਾਇਮ ਰਹੀਆਂ ਪਰ ਹੁਣ ਇਹ ਸਮਾਧਾਂ ਉੱਥੋਂ ਉਖਾੜ ਕੇ ਸਮਾਧ ਦੇ ਹੇਠਾਂ ਬਣੇ ਸਟੋਰ ਵਿਚ ਰੱਖ ਦਿੱਤੀਆਂ ਗਈਆਂ ਹਨ। ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਪਰੋਕਤ ਸਮਾਧਾਂ ਦੇ ਪਾਸ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਾਲੇ ਸਥਾਨ 'ਤੇ ਮਹਾਰਾਜੇ ਦੀ ਬਰਸੀ ਮੌਕੇ ਰੱਖੇ ਜਾਣ ਵਾਲੇ ਸ੍ਰੀ ਅਖੰਡ ਪਾਠ ਸਾਹਿਬ 'ਤੇ ਭਾਰਤੀ ਸਿੱਖ ਸੰਗਤ ਵੱਲੋਂ ਇਤਰਾਜ਼ ਜ਼ਾਹਰ ਕਰਦਿਆਂ ਉਪਰੋਕਤ ਸਮਾਧਾਂ ਨੂੰ ਉੱਥੋਂ ਹਟਾਉਣ ਦੀ ਮੰਗ ਕੀਤੀ ਜਾਂਦੀ ਰਹੀ ਹੈ ਜਿਸ ਕਾਰਨ ਉਪਰੋਕਤ ਸਮਾਧਾਂ ਨੂੰ ਉੱਥੋਂ ਹਟਾਇਆ ਗਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਹੁਣ ਉਪਰੋਕਤ ਸਮਾਧਾਂ ਨੂੰ ਲਾਹੌਰ ਸ਼ਾਹੀ ਕਿਲ੍ਹੇ ਵਿਚ ਮੌਜੂਦ ਸਿੱਖ ਗੈਲਰੀ ਵਿਚ ਪ੍ਰਦਰਸ਼ਨੀ ਹਿਤ ਸ਼ਾਮਲ ਕੀਤਾ ਜਾਵੇਗਾ।



1) ਮਹਾਰਾਜਾ ਰਣਜੀਤ ਸਿੰਘ ਲਾਹੌਰ ਸਥਿਤ ਸਮਾਧ ਦਾ ਮੁੱਖ ਦਰਵਾਜ਼ਾ। (2) ਸ਼ੇਰ-ਏ-ਪੰਜਾਬ ਦੀ ਸਮਾਧ ਦੇ ਨਾਲੋਂ ਹਟਾਈਆਂ ਗਈਆਂ ਰਾਣੀਆਂ ਤੇ ਦਾਸੀਆਂ ਦੀਆਂ ਸਮਾਧਾਂ। (3) ਸਮਾਧ ਦੀਆਂ ਅੰਦਰੂਨੀ ਦੀਵਾਰਾਂ 'ਤੇ ਬਣੇ ਕੰਧ ਚਿੱਤਰਾਂ ਦੀਆਂ ਤਸਵੀਰਾਂ।

### *ਸ਼ੇਰ-ਏ-ਪੰਜਾਬ ਦੀ ਸਮਾਧ 'ਤੇ ਬਣੇ ਕੰਧ ਚਿੱਤਰ ਅੱਜ ਵੀ ਮੌਜੂਦ*

*ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਮੁੱਖ ਦਰਵਾਜ਼ੇ 'ਤੇ ਗਣੇਸ਼ ਜੀ, ਲਕਸ਼ਮੀ ਜੀ ਤੇ ਦੇਵੀ ਸਰਸਵਤੀ ਦੀਆਂ ਮੂਰਤੀਆਂ ਉੱਕਰੀਆਂ ਹੋਈਆ ਹਨ ਅਤੇ ਅੰਦਰ ਦੀਵਾਰਾਂ 'ਤੇ ਸ਼ੀਸ਼ੇ ਦੀ ਖ਼ੂਬਸੂਰਤ ਮੀਨਾਕਾਰੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸਮਾਧ ਦੀ ਉਪਰੀ ਮੰਜ਼ਿਲ ਵਿਚ ਦੀਵਾਰਾਂ 'ਤੇ ਬਣੇ 24 ਤੇਲ ਚਿੱਤਰਾਂ ਵਿਚੋਂ 16 ਕ੍ਰਿਸ਼ਨ ਲੀਲ੍ਹਾ ਦੇ, ਦੋ ਰਾਮ ਦਰਬਾਰ, ਪੰਜ ਮੁਗ਼ਲ ਦਰਬਾਰ ਦੇ ਅਤੇ ਇਕ ਵੈਸ਼ਨੋ ਦੇਵੀ ਦਾ ਅੱਜ ਵੀ ਮੌਜੂਦ ਹਨ ਤੇ ਪਾਕਿ ਪੁਰਾਤਤਵ ਵਿਭਾਗ ਵੱਲੋਂ ਉਨ੍ਹਾਂ ਦੀ ਮੁਰੰਮਤ ਕਰਵਾਈ ਗਈ ਹੈ, ਜਦੋਂ ਕਿ ਸਮਾਧ ਦੀ ਹੇਠਲੀ ਮੰਜ਼ਿਲ ਵਿਚ ਇਕ-ਦੋ ਚਿੱਤਰ ਹੀ ਸਾਬਤ ਬਚੇ ਹਨ।*

# ਸਿੱਖ ਇਤਿਹਾਸ ਨਾਲ ਗੂੜ੍ਹੀ ਤਰ੍ਹਾਂ ਜੋੜਦੀ ਹੈ 'ਦ ਬਲੈਕ ਪ੍ਰਿੰਸ'

## *ਹਾਲੀਵੁੱਡ ਦੀ ਫਿਲਮ 'ਚ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ ਦਾ ਮਾਰਮਿਕ ਚਿੱਤਰਣ*

**ਜਲੰਧਰ/ਬਿਊਰੋ ਨਿਊਜ਼:** ਦੁਨੀਆ ਭਰ ਵਿਚ ਸ਼ੁਕਰਵਾਰ 21 ਜੁਲਾਈ ਨੂੰ ਅਗਰੇਜ਼ੀ ਅਤੇ ਪੰਜਾਬੀ 'ਚ ਰਿਲੀਜ਼ ਹੋਈ ਭਾਰਤੀ ਮੂਲ ਦੇ ਬ੍ਰਿਟਿਸ਼ ਲੇਖਕ ਅਤੇ ਨਿਰਦੇਸ਼ਕ ਕਵੀ ਰਾਜ ਵੱਲੋਂ ਨਿਰਦੇਸ਼ਤ ਫ਼ਿਲਮ ਦ ਬਲੈਕ ਪ੍ਰਿੰਸ' ਇਕ ਇਤਿਹਾਸਕ ਦਸਤਾਵੇਜ਼ ਬਣ ਗਈ ਹੈ। ਜੋ ਸਿੱਖ ਸਾਮਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਅਧਾਰਿਤ ਹੈ, ਜਿਸ ਵਿਚ ਮੁਖ ਭੂਮਿਕਾ ਗਾਇਕ ਤੋਂ ਅਦਾਕਾਰ ਬਣੇ ਸਤਿੰਦਰ ਸਰਤਾਜ ਮਹਾਰਾਜਾ ਦਲੀਪ ਸਿੰਘ, ਸ਼ਬਾਨਾ ਆਜ਼ਮੀ ਮਹਾਰਾਣੀ ਜਿੰਦਾਂ. ਅਮਾਂਡਾ ਰੂਟ ਮਹਾਰਾਣੀ ਵਿਕਟੋਰੀਆ ਤੇ ਰੱਪ ਮੈਗਾਨ ਨੇ ਅਰੂੜ ਸਿੰਘ ਦੀ ਭੂਮਿਕਾ ਨਿਭਾਈ ਹੈ। ਇਨ੍ਹਾਂ ਕਲਾਕਾਰਾਂ ਨੇ ਅਪਣੀ ਦਮਦਾਰ ਅਦਾਕਾਰੀ ਅਤੇ ਨਿਰਦੇਸ਼ਕ ਕਵੀ ਰਾਜ ਦੀ ਨਿਰਦੇਸ਼ਨਾ ਨਾਲ ਫ਼ਿਲਮ ਨੂੰ ਯਾਦਗਾਰੀ ਬਣਾ ਦਿੱਤਾ ਹੈ। ਫ਼ਿਲਮ ਦੋ ਸੱਭਿਆਤਾਵਾਂ ਨੂੰ ਆਪਸ ਭਿੜਾਉਣ ਅਤੇ ਗੋਰਿਆਂ ਦੀ ਦੋਗਲੀ ਨੀਤੀ ਦੀ ਗਵਾਹੀ ਭਰਦੀ ਹੈ। ਫ਼ਿਲਮ 'ਚ ਦਿਖਾਇਆ ਗਿਆ ਹੈ ਕਿ ਕਿਵੇਂ ਗੋਰਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬ 'ਤੇ ਕਬਜ਼ਾ ਕੀਤਾ ਅਤੇ 5 ਸਾਲ ਦੇ ਦਲੀਪ ਸਿੰਘ ਨੂੰ ਆਪਣੀ ਮਾਂ ਤੋਂ ਜੁਦਾ ਕਰ ਦਿੱਤਾ ਅਤੇ ਆਪਣੇ ਨਾਲ ਇੰਗਲੈਂਡ ਲੈ ਗਏ। ਉਥੇ ਉਸ ਦਾ ਪਾਲਣ ਪੋਸ਼ਣ ਕ੍ਰਿਸਚੀਅਨ ਸੱਭਿਅਤਾ ਮੁਤਾਬਿਕ ਹੋਇਆ। ਪਰ ਜਦੋਂ ਉਸ ਨੂੰ ਆਪਣੇ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਫ਼ਿਲਮ 'ਚ ਦਿਖਾਇਆ ਗਿਆ ਹੈ ਕਿ ਮਹਾਰਾਜਾ ਦਲੀਪ ਸਿੰਘ ਦੋ ਵਾਰ ਹਿੰਦੋਸਤਾਨ ਆਏ। ਇਕ ਵਾਰ ਆਪਣੀ ਮਾਂ ਮਹਾਰਾਣੀ ਜਿੰਦਾਂ ਨੂੰ ਮਿਲਣ ਲਈ ਕਲਕੱਤੇ ਆਏ ਤੇ ਉਸ ਨੂੰ ਨਾਲ ਹੀ ਇੰਗਲੈਂਡ ਲੈ ਗਏ ਅਤੇ ਇਕ ਵਾਰ ਆਪਣੀ ਮਾਂ ਦਾ ਸਸਕਾਰ ਕਰਨ ਲਈ ਬੰਬੇ ਆਏ, ਜਿਸ ਦੀ ਮੌਤ ਇੰਗਲੈਂਡ ਵਿਖੇ ਹੋਈ ਸੀ। ਪਰ ਦੋਨੋਂ ਵਾਰੀ ਉਹ ਪੰਜਾਬ ਨਹੀਂ ਆ ਸਕੇ। ਪਰ ਜਦੋਂ ਉਨ੍ਹਾਂ ਜ਼ਿੰਦਗੀ 'ਚ ਆਪਣੀ ਪਹਿਚਾਣ ਮਹਾਰਾਜੇ ਦੇ ਰੂਪ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਬ੍ਰਿਟਿਸ਼ ਹਕੂਮਤ ਨੂੰ ਪਸੰਦ ਨਹੀਂ ਆਈ ਅਤੇ ਮਹਾਰਾਜਾ ਦਲੀਪ ਸਿੰਘ ਨੇ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਇਸ ਬਗ਼ਾਵਤ ਦੌਰਾਨ ਆਪਣਿਆਂ ਨੇ ਹੀ ਮਹਾਰਾਜਾ ਨਾਲ ਗ਼ਦਾਰੀ ਕਰਕੇ ਦੁਬਾਰਾ ਸਿੱਖ ਰਾਜ ਸਥਾਪਤ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ। ਫ਼ਿਲਮ 'ਚ ਦਿਖਾਇਆ ਗਿਆ ਹੈ ਕਿ ਮਹਾਰਾਜਾ ਦਲੀਪ ਸਿੰਘ ਦੇ ਸਪੁੱਤਰ ਵਿਕਟਰ ਨੇ ਆਪਣੇ ਪਿਤਾ ਨੂੰ ਮਹਾਰਾਣੀ ਵਿਕਟੋਰੀਆ ਅੱਗੇ ਆਤਮ ਸਮਰਪਣ ਦੀ ਸਲਾਹ ਦਿੱਤੀ, ਜੋ ਉਸ ਨੇ ਨਾਮਨਜ਼ੂਰ ਕਰ ਦਿੱਤੀ। ਆਖ਼ਰ ਸੰਨ 1893 'ਚ ਪੈਰਿਸ ਵਿਖੇ ਮਹਾਰਾਜਾ ਦਲੀਪ ਸਿੰਘ ਨੇ ਦਮ ਤੋੜ ਦਿੱਤਾ। ਫ਼ਿਲਮ 'ਚ ਕਲਾਕਾਰਾਂ ਦੀ ਚੋਣ ਇਸ ਨੂੰ ਹੋਰ ਵੀ ਪ੍ਰਭਾਵੀ ਬਣਾਉਂਦੀ ਹੈ। ਫ਼ਿਲਮ ਦੇ ਗੀਤਾਂ ਨੂੰ ਦਰਸ਼ਕਾਂ ਵੱਲੋਂ ਬਹੁਤ ਸਰਾਹਿਆ ਗਿਆ। ਫ਼ਿਲਮ ਇਤਿਹਾਸਕ ਹੋਣ ਕਰਕੇ ਇਸ ਵਿਚ ਫ਼ਿਲਮੀ ਮਸਾਲਾ ਨਹੀਂ ਹੈ।

# 'ਦਾ ਬਲੈਕ ਪ੍ਰਿੰਸ' ਤੇ ਸਿੱਖ ਇਤਿਹਾਸ

## ਤੋੜੇ ਮਰੋੜੇ ਤੱਥਾਂ ਪਿਛਲੀ ਸੱਚਾਈ ਨੂੰ ਲੱਭਣ ਤੇ ਪੇਸ਼ ਕਰਨ ਤੱਕ ਦਾ ਸਫ਼ਰ

**ਜਸਜੀਤ ਸਿੰਘ**

ਲੰਬੇ ਸਮੇਂ ਤੋਂ ਸਿੱਖਾਂ ਦੀ ਇਹ ਸ਼ਿਕਾਇਤ ਰਹੀ ਹੈ ਕਿ ਬਰਤਾਨੀਆ ਨੇ ਸਾਡੇ ਇਤਿਹਾਸ ਨੂੰ ਤੋੜਿਆ-ਮਰੋੜਿਆ ਤੇ ਗ਼ਲਤ ਢੰਗ ਨਾਲ ਪੇਸ਼ ਕੀਤਾ ਹੈ। ਸਿੱਖ ਰਾਜ ਨਾਲ ਸਬੰਧਤ ਸਾਡੇ ਇਤਿਹਾਸ ਦਾ ਦੌਰ, ਇਸ ਦਾ ਪਤਨ ਅਤੇ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਕਾਲ ਅੰਗਰੇਜ਼ੀ ਹਕੂਮਤ ਦੀ ਬੇਰੁਖ਼ੀ ਦੀਆਂ ਬਿਹਤਰੀਨ ਮਿਸਾਲਾਂ ਹਨ। ਦੀ ਬਲੈਕ ਪ੍ਰਿੰਸ' ਬਣਾਉਣ ਪਿਛੇ ਮਕਸਦ ਸਿਰਫ਼ ਤੇ ਸਿਰਫ਼ ਉਨ੍ਹਾਂ ਦੀ ਦੁਖਾਂਤਕ ਜ਼ਿੰਦਗੀ ਦੇ ਪੱਖਾਂ ਨੂੰ ਦੁਨੀਆ ਸਾਹਮਣੇ ਪੇਸ਼ ਕਰਨਾ ਸੀ। ਬਰਤਾਨਵੀ ਹਕੂਮਤ ਵਲੋਂ ਬਾਕਾਇਦਗੀ ਨਾਲ ਮਿੱਥ ਕੇ ਖ਼ਤਮ ਕੀਤੇ ਸਿੱਖ ਰਾਜ ਤੇ ਮਹਾਰਾਜਾ ਦਲੀਪ ਸਿੰਘ 'ਤੇ ਪਏ ਅਸਰ ਦੇ ਗਹਿਰ-ਗੰਭੀਰ ਅਧਿਐਨ ਮਗਰੋਂ ਹੀ ਇਸ ਨੂੰ ਫ਼ਿਲਮੀ ਰੂਪ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਬਾਰੇ ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜੀਆਂ ਗਈਆਂ, ਜਿਨ੍ਹਾਂ ਨੂੰ ਬਰਤਾਨਵੀ ਫ਼ੌਜਾਂ ਦੇ ਅਸਲ ਮਕਸਦ ਨੂੰ ਸਮਝੇ ਬਿਨਾਂ ਜਾਣਿਆ ਨਹੀਂ ਜਾ ਸਕਦਾ।

ਜਿਵੇਂ ਕਿ ਭਾਰਤ ਦੇ ਕੁਝ ਨਸਲਵਾਦੀਆਂ ਨੇ ਵੀ ਬਾਂਬਾ ਮਿਊਲਰ ਦੀ ਕਾਸਟਿੰਗ ਨੂੰ ਲੈ ਕੇ ਬੇਤੁਕੇ ਇਲਜ਼ਾਮ ਲਾਏ ਹਨ, ਤਾਂ ਉਨ੍ਹਾਂ ਲਈ ਜਵਾਬ ਇਹੋ ਹੈ ਕਿ ਕਾਸਟਿੰਗ ਡਾਇਰੈਕਟਰ ਨਿੱਕੀ ਟੌਪਿੰਗ ਨੇ ਇਹ ਚੋਣ ਬਾਕਾਇਦਾ ਖੋਜ ਕਰਕੇ ਅਤੇ ਅਸਲ ਤਸਵੀਰਾਂ ਦੇ ਆਧਾਰ 'ਤੇ ਕੀਤੀ ਸੀ। ਹੇਠਾਂ ਦਿੱਤੀਆਂ ਗਈਆਂ ਤਸਵੀਰਾਂ ਦੀਆਂ ਅੱਖਾਂ, ਬੁੱਲ੍ਹ, ਮੱਥਾ ਅਤੇ ਨੱਕ ਸਮਾਨਤਾ ਨੂੰ ਦਰਸਾਉਂਦੀਆਂ ਹਨ। ਖ਼ੈਰ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਮਿਸ਼ਰਤ ਨਸਲ ਦੇ ਮਾਪਿਆਂ ਦੀ ਔਲਾਦ ਸੀ ਅਤੇ ਜ਼ਾਹਰਾ ਤੌਰ 'ਤੇ ਉਸ ਦੇ ਪਿਤਾ ਦਾ ਰੰਗ ਜ਼ਿਆਦਾ ਪ੍ਰਭਾਵਤ ਕਰਦਾ ਦਿਖਾਈ ਦਿੰਦਾ ਹੈ, ਜੋ ਕਿ ਜਰਮਨ ਸੀ।

ਇਹ ਫ਼ਿਲਮ ਇਸ ਵਿਸ਼ੇ 'ਤੇ ਕੋਈ ਆਖ਼ਰੀ ਫ਼ਤਵਾ ਜਾਰੀ ਕਰਨ ਦਾ ਦਾਅਵਾ ਨਹੀਂ ਕਰਦੀ ਕਿਉਂਕਿ ਅਜਿਹੀਆਂ ਧਾਰਨਾਵਾਂ ਨੂੰ ਅਸਰ-ਅੰਦਾਜ਼ ਕਰਨ ਦੇ ਇਰਾਦੇ ਨਿਰਾ ਬਕਵਾਸ ਹਨ। ਇਹ ਕੁਝ ਲੋਕਾਂ ਦੇ ਆਪਣੇ ਖ਼ੁਦ ਦੇ ਵਿਚਾਰਾਂ ਅਤੇ ਇਛਾਵਾਂ ਦਾ ਪ੍ਰਗਟਾਵਾ ਮਾਤਰ ਹੈ ਜੋ ਪੰਜਾਬ ਦੇ ਆਖ਼ਰੀ ਸ਼ਾਸ਼ਕ ਦੀ ਬੇਹੱਦ ਦੁਖਾਂਤਕ ਜ਼ਿੰਦਗੀ ਨੂੰ ਆਪਣੇ ਮੁਤਾਬਕ ਦੇਖਣਾ ਚਾਹੁੰਦੇ ਹਨ। ਕੀ ਇਹ ਸੁਝਾਅ ਦਿੱਤਾ ਜਾ ਰਿਹਾ ਹੈ, ਕਿਉਂਕਿ ਉਹ ਕਾਬਲ ਨਹੀਂ ਸੀ, ਇਸ ਲਈ ਸਾਨੂੰ ਉਸ ਨੂੰ ਸਵੀਕਾਰਨਾ ਨਹੀਂ ਚਾਹੀਦਾ? ਅਜਿਹੀਆਂ ਕਿਹੜੀਆਂ ਸਥਿਤੀਆਂ ਰਹੀਆਂ ਹੋਣਗੀਆਂ, ਜਿਨ੍ਹਾਂ ਤਹਿਤ ਉਸ ਨੇ ਆਪਣੀ ਆਖ਼ਰੀ ਇੱਛਾ ਬਿਆਨ ਕੀਤੀ? ਕੀ ਉਸ ਨੂੰ ਪਤਾ ਸੀ ਕਿ ਉਸ ਦੀ ਮੌਤ ਕਿੱਥੇ ਹੋਵੇਗੀ? ਕੀ ਉਸ ਦੇ ਪੁੱਤਰ ਮਹਾਰਾਣੀ ਵਿਕਟੋਰੀਆ ਨਾਲ ਸਾਂਝ ਨਹੀਂ ਸੀ ਪਾਉਣਾ ਚਾਹੁੰਦੇ ਤਾਂ ਜੋ ਉਹ ਉਸ ਦਾ ਖ਼ਿਤਾਬ ਅਤੇ ਜੋ ਕੁਝ ਵੀ ਵਿਰਾਸਤ ਸੀ, ਹਾਸਲ ਕਰ ਸਕਣ? ਅਸੀਂ ਉਸ ਦੇ ਅਰੂੜ ਸਿੰਘ ਨਾਲ ਆਖ਼ਰੀ ਪੱਤਰ-ਵਿਹਾਰ ਨੂੰ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹਨ, ਜਿਸ ਵਿਚ ਦਲੀਪ ਨੇ ਬਿਆਨ ਕੀਤਾ ਸੀ ਕਿ ਉਸ ਨੂੰ ਮੌਤ ਤੋਂ ਬਾਅਦ ਵੀ ਪੰਜਾਬ ਨਹੀਂ ਜਾਣ ਦਿੱਤਾ ਜਾਵੇਗਾ? ਇਸੇ ਤਰ੍ਹਾਂ ਦੇ ਪੱਤਰ-ਵਿਹਾਰ ਵਿਚ ਉਹ ਕਹਿੰਦਾ ਹੈ ਕਿ ਉਸ ਨੂੰ ਉਥੇ ਹੀ ਦਫ਼ਨਾਇਆ ਜਾਵੇ, ਜਿੱਥੇ ਉਸ ਦੀ ਮੌਤ ਹੋਵੇ, ਇਸ ਲਈ ਨਹੀਂ ਕਿ ਉਹ ਪੈਰਿਸ ਵਿਚ ਮਰਨਾ ਚਾਹੁੰਦਾ ਸੀ ਪਰ ਕਿਉਂਕਿ ਉਹ ਜਾਣਦਾ ਸੀ ਕਿ ਬਰਤਾਨਵੀ ਉਸ ਨੂੰ ਆਪਣੇ ਪੁਰਖ਼ਿਆਂ ਦੀ ਸਰਜ਼ਮੀਨ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਦੇਣਗੇ। ਉਸ ਨੇ ਆਤਮਸਮਰਪਣ ਨਹੀਂ ਸੀ ਕੀਤਾ, ਸਗੋਂ ਲਾਚਾਰ ਸਥਿਤੀਆਂ ਨੂੰ ਉਸ ਨੇ ਸਵੀਕਾਰ ਕਰ ਲਿਆ ਸੀ। ਕੀ ਅਸੀਂ ਨਹੀਂ ਜਾਣਦੇ ਕਿ ਉਸ ਵੇਲੇ ਯੂਰਪ ਵਿਚ ਅੰਤਿਮ ਸੰਸਕਾਰ ਕਰਨ ਦੀ ਆਗਿਆ ਨਹੀਂ ਸੀ?




ਇਹ ਸਾਰੇ ਅਜਿਹੇ ਸਵਾਲ ਹਨ, ਜੋ ਖ਼ਾਸ ਧਿਆਨ ਦੀ ਮੰਗ ਕਰਦੇ ਹਨ। ਉਸ ਦੇ ਸਿੱਖ ਧਰਮ-ਪਰਿਵਰਤਣ ਦੀ ਕਮਜ਼ੋਰੀ ਅਤੇ ਦਲੀਪ ਦੇ ਨਿੱਜੀ ਹਿਤਾਂ ਦਾ ਮਕਸਦ, ਜਿਸ 'ਤੇ ਉਸ ਨੇ ਸਵਾਲ ਉਠਾਏ, ਵਰਗੇ ਦੋਸ਼ਾਂ ਤੋਂ ਸਾਨੂੰ ਪਾਰ ਜਾ ਕੇ ਦੇਖਣ ਦੀ ਲੋੜ ਹੈ। ਬਜਾਏ ਇਸ ਦੇ, ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਦਲੀਪ ਨੂੰ ਪੰਜਾਬ ਤੋਂ ਬੇਦਖ਼ਲ ਕਿਉਂ ਕੀਤਾ ਗਿਆ, ਧਰਮ ਬਦਲਿਆ ਗਿਆ ਅਤੇ ਉਸ ਨੂੰ ਆਪਣੇ ਵਤਨ ਵਾਪਸ ਆਉਣ ਤੇ ਉਥੇ ਹੀ ਵੱਸਣ ਤੋਂ ਕਿਉਂ ਰੋਕਿਆ ਗਿਆ? ਇਹ ਇਸ ਲਈ ਕਿਉਂਕਿ, ਭਾਵੇਂ ਉਹ ਇਕੱਲੇ ਤੌਰ 'ਤੇ ਵੀ ਉਨ੍ਹਾਂ ਲਈ ਪ੍ਰੇਸ਼ਾਨੀ ਸੀ ਪਰ ਬਰਤਾਨਵੀ ਹਕੂਮਤ ਨੇ ਉਸ ਦੇ ਸਿੱਖੀ ਪ੍ਰਤੀ ਵਿਸ਼ਵਾਸ ਨੂੰ ਆਪਣੀ ਹਕੂਮਤ ਦੀ ਸਥਾਪਤੀ ਲਈ ਖ਼ਤਰਾ ਸਮਝਿਆ।

ਪੈਰਿਸ ਵਿਚ ਰਹਿੰਦਿਆਂ ਕੜਾਹ-ਪ੍ਰਸ਼ਾਦ' ਲਈ ਦਰਬਾਰ ਸਾਹਿਬ ਅਤੇ ਹਜ਼ੂਰ ਸਾਹਿਬ, ਨੰਦੇੜ ਵਾਸਤੇ ਗੁਪਤ ਢੰਗ ਨਾਲ ਪੈਸੇ ਭੇਜਣਾ ਅਤੇ ਦੇਸ਼ ਨਿਕਾਲੇ' ਦਾ ਐਲਾਨ ਕਰਨਾ ਕੀ ਸਿੱਖ ਭਾਵਨਾਵਾਂ ਜਾਂ ਰਵਾਇਤਾਂ ਦੀ ਕਿਸੇ ਵਿਅਕਤੀ ਨੂੰ ਸਮਝ ਨਾ ਹੋਣ ਦਾ ਸੰਕੇਤ ਹਨ?

ਪੰਜਾਬ ਦੀ ਮਿੱਟੀ ਵਿਚ ਆਪਣੇ ਫੁੱਲ (ਅਸਥੀਆਂ) ਭੇਜਣ ਦੀ ਇੱਛਾ ਨਵੀਂ ਨਹੀਂ। ਸਿੱਖਿਆਵਾਦੀਆਂ ਅਤੇ ਸਿਆਸੀ ਵਿਸ਼ਲੇਸ਼ਕਾਂ ਦੇ ਨਾਲ ਨਾਲ ਸਾਧਾਰਨ ਬੰਦਾ ਵੀ ਇਹ ਜਾਣਦਾ ਹੈ। ਜੇਕਰ ਬਹਾਦਰ ਸ਼ਾਹ ਜ਼ਫ਼ਰ ਦੇ ਵਾਰਸ ਰੰਗੂਨ, ਜਿੱਥੇ ਉਹ ਮਰਿਆ ਸੀ, (ਬਰਤਾਨਵੀ ਹਕੂਮਤ ਵਲੋਂ ਜਬਰੀ ਦੇਸ਼ ਨਿਕਾਲਾ ਦਿੱਤਾ ਗਿਆ ਸੀ) ਤੋਂ ਉਸ ਦੇ ਫੁੱਲ (ਅਸਥੀਆਂ) ਮੰਗ ਸਕਦੇ ਹਨ ਤਾਂ ਸਿੱਖਾਂ ਨੂੰ ਆਪਣੇ ਆਖ਼ਰੀ ਸ਼ਾਸਕ ਲਈ ਨਿਆਂ ਦੇਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ?

ਵੱਡੀ ਤਾਦਾਦ ਵਿਚ ਮਿਲੇ ਤੁਹਾਡੇ ਪਿਆਰ ਤੇ ਸਮਰਥਨ ਲਈ ਬਹੁਤ ਬਹੁਤ ਸ਼ੁਕਰੀਆ ਅਤੇ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਫ਼ਿਲਮ ਨੂੰ ਪੂਰੀ ਦੁਨੀਆ ਵਿਚ ਸਫਲ ਬਣਾਉਗੇ।

# ਅਸੀਂ ਸਾਰੇ ਦਲੀਪ ਸਿੰਘ ਹਾਂ... ਤੇ ਸਾਡੇ ਵਿੱਚ ਹੀ ਕਿੰਨੇ ਹੀ ਵਿਕਟਰ ਨੇ...

**ਹਰਪਾਲ ਸਿੰਘ**

*(ਇਹ ਕੋਈ ਰੀਵਿਊ ਨਹੀਂ ਹੈ...ਮੈਨੂੰ ਫਿਲਮ ਦੇਖ ਕੇ ਜੋ ਮਹਿਸੂਸ ਹੋਇਆ.. ਓਹੀ ਲਿਖਣ ਲਗਾ ਹਾਂ...ਅੱਜ ਦੀ ਇਹ ਫ਼ਿਲਮ ਮੈਂ ਆਪਣੇ ਫੇਸਬੁੱਕੀ ਮਿੱਤਰ ਜਸਵਿੰਦਰ ਸਿੰਘ ਜਸ ਨਾਲ ਦੇਖੀ....)*

ਵਿਕਟਰ...ਦਲੀਪ ਸਿੰਘ ਦਾ ਪੁੱਤਰ ਹੈ...ਜੋ ਇਕ ਦ੍ਰਿਸ ਵਿਚ ਆਪਣੇ ਬਾਪ ਨੂੰ ਬੋਲਦਾ ਹੈ ਕਿ ਇੰਗਲੈਂਡ ਦੀ ਰਾਣੀ ਕੋਲੋ ਮਾਫ਼ੀ ਮੰਗ ਲਵੋ ਚਿੱਠੀ ਲਿਖ ਕੇ....ਓਹ ਤੁਹਾਨੂੰ ਪੈਨਸ਼ਨ ਲਗਵਾ ਦਵੇਗੀ....ਸਾਡੇ ਸਾਰੇ ਕਰਜ਼ੇ ਮੁੱਕ ਜਾਣਗੇ ਤੇ ਅਸੀਂ ਜ਼ਿੰਦਗੀ ਨੂੰ ਅਰਾਮ ਨਾਲ ਬਿਤਾਵਾਂਗੇ....

ਇਸ ਦ੍ਰਿਸ ਵਿਚ ਦਲੀਪ ਸਿੰਘ ਅਸੀਂ ਹਾਂ......ਜੋ ਖਾਲਸਾ ਰਾਜ ਨਾ ਮਿਲਣ ਦਾ ਦੁੱਖ ਨਾਲ ਲੈ ਕੇ ਜਿਉਂਦੇ ਨੇ....ਜਾਂ ਸਾਡੇ ਬਜ਼ੁਰਗ ਨੇ ਜੋ ਆਪਣੇ ਰਾਜ ਦੇ ਗਵਾਚ ਜਾਣ ਦਾ ਦੁੱਖ ਨਾਲ ਹੀ ਲੈ ਕੇ ਇਸ ਜਹਾਨੋਂ ਤੁਰ ਗਏ ਨੇ...

ਤੇ ਵਿਕਟਰ...ਸਾਡੀ ਨਵੀਂ ਪੀੜੀ ਵਿਕਟਰ ਹੀ ਹੈ.....ਜਿਨਾਂ ਨੂੰ ਬਸ ਸੋਹਣਾ ਜੀਵਨ ਚਾਹੀਦਾ ਹੈ...ਐਸ਼ੋ ਅਰਾਮ ਲਈ ਪੈਸੇ ਮਿਲ ਜਾਂਦੇ ਰਹਿਣ ਬਸ...ਕੋਈ ਰਾਜ ਭਾਗ ਹੈ ਸੀ ਤੇ ਹੁਣ ਕਿਉਂ ਨਹੀਂ ਹੈ...ਇਸ ਸਭ ਨਾਲ ਏਨਾ ਨੂੰ ਕੁਛ ਨਹੀਂ ਲੈਣਾ.....

ਦਲੀਪ ਸਿੰਘ ਹਮੇਸ਼ਾਂ ਉਸ ਰਾਜ ਨੂੰ ਵਾਪਸ ਲੈਣ ਲਈ ਤੜਫਦਾ ਰਿਹਾ ਜੋ ਉਸ ਕੋਲੋਂ ਧੋਖੇ ਨਾਲ ਅੰਗਰੇਜ਼ਾਂ ਨੇ ਖੋਹ ਲਿਆ ....

ਦਲੀਪ ਸਿੰਘ ਨੂੰ ਅੰਗਰੇਜ਼ ਈਸਾਈ ਬਣਾਉਣ ਲਈ ਪੂਰਾ ਜ਼ੋਰ ਲਗਾਉਂਦੇ ਰਹੇ....ਉਸਨੂੰ ਮੋਟੀ ਤਨਖਾਹ ਤੇ ਵਧੀਆ ਜੀਵਨ ਦੇਣ ਦੀ ਗਾਰੰਟੀ ਦਿਤੀ ਗਈ....ਉਸਨੂੰ ਬਚਪਨ ਤੋਂ ਬਾਲਗ ਹੋਣ ਤੱਕ ਇੱਸਾ ਇੱਸਾ ਰਟਾਇਆ ਗਿਆ... ਬਾਈਬਲ ਪੜ੍ਹਨ ਨੂੰ ਦਈਂ ਰੱਖੀ ਗਈ.....ਓਹ ਆਪਣੀ ਜ਼ਿੰਦਗੀ ਵਿਚ ਕਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾ ਲਈ ਨਾ ਆ ਸਕਿਆ..... ਪਰ ਆਪਣੀ ਮਾਂ ਨਾਲ ਹੋਈ ਇਕ ਮੁਲਾਕਾਤ ਨੇ ਹੀ ਉਸਨੂੰ ਝੰਜੋੜ ਦਿੱਤਾ... ਉਸਦੀ ਰੂਹ ਨੂੰ ਤੜਫਾ ਕੇ ਰਖਤਾ...ਤੇ ਓਹ ਬਿਨਾਂ ਕਿਸੇ ਬੁਰੇ ਭਵਿੱਖ ਦੀ ਫਿਕਰ ਦੇ ਸਿੱਖ ਸਜ ਗਿਆ....ਉਸਨੇ ਈਸਾਈ ਬਣ ਕੇ ਅਮੀਰੀ ਭਰੀ ਜ਼ਿੰਦਗੀ ਦੀ ਬਜਾਏ...ਸਿੱਖ ਬਣ ਕੇ ਤਸੀਹੇ ਵਰਗੀ ਜ਼ਿੰਦਗੀ ਚੁਣੀ....ਜਦੋ ਕਿ ਅਸੀਂ ਵਿਚੋਂ ਬੜੇ ਜਾਣੇ ਸਿਰਫ ਇਸ ਕਰਕੇ ਈਸਾਈ ਹੋ ਜਾਂਦੇ ਨੇ...ਕਿਸੀ ਡੇਰੇ ਨਾਲ ਜੁੜ ਜਾਂਦੇ ਨੇ ਕਿਉਂਕਿ ਇਹ ਲੋਕ ਏਨਾ ਦੀ ਮਾਲੀ ਹਾਲਤ ਸੁਧਾਰਨ ਦਾ ਜਿੰਮਾ ਚੁੱਕਦੇ ਨੇ....ਤੇ ਆਪਣੇ ਹੀ ਸਾਡੇ ਸਿੱਖ ...ਧਰਮ ਨੂੰ ਉਲਾਂਭਾ ਦਈਂ ਜਾਣਗੇ ਕਿ ਏਹਨਾਂ ਨੇ ਕਿਸੀ ਦੀ ਸਾਰ ਕਿਉ ਨਾ ਲਈ...


ਮਹਾਰਾਜਾ ਦਲੀਪ ਸਿੰਘ


ਵਿਕਟਰ ਦਲੀਪ ਸਿੰਘ

ਸਾਡੇ ਹੱਥੋਂ ਕੋਈ 5 ਰੁਪਏ ਖੋਹ ਕੇ ਲੈ ਜਾਵੇ...ਤਾਂ ਨਹੀ ਭੁੱਲਿਆ ਜਾਂਦਾ...ਫੇਰ ਇਹ ਤਾਂ ਪੂਰੀ ਇਕ ਖਾਲਸੇ ਦੀ ਰਿਆਸਤ ਸੀ......ਕਿਵੇ ਦਲੀਪ ਸਿੰਘ ਤੇ ਅਸੀਂ ਇਹ ਯਾਦ ਕਰਕੇ ਚੈਨ ਨਾਲ ਰਹਿ ਸਕਦੇ ਹਾਂ...??

ਕੋਈ ਵੀ ਜੰਗ ਜੋ ਸਿੱਖ ਹਾਰੇ....ਓ ਬੰਦੂਕਾਂ ਜਾਂ ਗੋਲੀਆਂ ਨਾਲ ਨਹੀਂ ਹਾਰੇ...

ਗੱਦਾਰ ਲੋਕਾਂ ਨੇ ਹੀ ਕਦੀ ਸਾਨੂੰ ਜਿੱਤ ਨਹੀਂ ਨਸੀਬ ਹੋਣ ਦਿੱਤੀ.......

ਇਸ ਫ਼ਿਲਮ ਨੂੰ ਦੇਖ ਕੇ ਗੱਦਾਰ ਹੋ ਗਏ ਲੋਕਾਂ ਲਈ ਮਨ ਏਨਾ ਗੁੱਸੇ ਨਾਲ ਭਰ ਗਿਆ ਹੈ ਕਿ ਰੋਣਾ ਵੀ ਆਇਆ... ਕਿ ਕਿਵੇਂ ਕੋਈ ਚੰਦ ਲਾਲਚਾਂ ਕਰਕੇ ਕਿਸੇ ਨੂੰ ਉਸਦੇ ਹੱਕ ਤੋਂ ਵਾਂਝੇ ਰੱਖਣ ਲਈ ਹਰ ਨੀਵਾਂ ਕੰਮ ਕਰਨ ਨੂੰ ਰਾਜੀ ਹੋ ਜਾਂਦਾ ਹੈ...

ਮੈਨੂੰ ਲਗਦਾ ਕਿ ਅਜਾਇਬ ਘਰਾਂ ਵਿੱਚੋਂ ਸਭ ਸ਼ਹੀਦਾਂ ਤੇ ਯੋਧਿਆਂ ਦੀਆਂ ਫੋਟੋਆਂ ਉਤਾਰ ਦੇਣੀਆਂ ਚਾਈਦੀਆਂ ਨੇ... ਕਿਉਂਕਿ ਇਹ ਲੋਕ ਤਾਂ ਸਾਡੇ ਦਿਲ ਵਿੱਚ ਪਹਿਲਾਂ ਹੀ ਵਸਦੇ ਨੇ...ਏਨਾ ਦੀਆਂ ਫੋਟੋਆਂ ਸਾਡੇ ਮਨਾਂ ਵਿਚ ਹਮੇਸ਼ਾਂ ਨੇ...

ਤੇ ਇਸਦੀ ਥਾਂਏਂ ਗੱਦਾਰ ਲੋਕਾਂ ਦੀਆਂ ਤਸਵੀਰਾਂ ਲਗਾ ਦੇਣੀਆਂ ਚਾਹੀਦੀਆਂ ਨੇ...ਤਾਂ ਜੋ ਆਉਣ ਵਾਲੀਆਂ ਪੀੜੀਆਂ ਏਨਾ ਦੇ ਚੇਹਰੇ ਦੇਖ ਸਕਣ ਕੇ ਏਹੀ ਲੋਕ ਸੀ ਜਿਨ੍ਹਾਂ ਕਰਕੇ ਅਸੀਂ ਆਪਣਾ ਰਾਜ ਭਾਗ ਗੁਆਇਆ ਤੇ ਮੁੜ ਹਾਸਲ ਵੀ ਨਾ ਕਰ ਸਕੇ....

ਜੋ ਲੋਕ ਸਿੱਖਾਂ ਦੀ ਖਾਲਿਸਤਾਨ ਦੀ ਮੰਗ ਨੂੰ ਮਜਾਕ ਵਾਂਗ ਉਡਾਉਂਦੇ ਨੇ ਜਾਂ ਵੱਖਵਾਦੀ ਆਖ ਕੇ ਰੱਦ ਕਰਦੇ ਨੇ ਏਹਨਾਂ ਨੂੰ...ਉਹਨਾਂ ਨੂੰ ਦਲੀਪ ਸਿੰਘ ਦੀ ਤੜਫ ਦੇਖ ਕੇ ਮਹਿਸੂਸ ਕਰਨਾ ਚਾਹੀਦਾ ਕਿ ਇਕ ਸਿੱਖ ਕਿਉਂ ਆਪਣੇ ਰਾਜ ਭਾਗ ਲਈ ਅਜੇ ਵੀ ਤੜਫਦਾ ਹੈ...

ਇਹ ਫ਼ਿਲਮ ਤੁਸੀਂ ਪੰਜਾਬੀ ਵਿਚ ਦੇਖੋ ਜਾਂ ਇੰਗਲਿਸ਼ ਵਿੱਚ... ਕੋਈ ਫਰਕ ਨਹੀਂ ਪੈਂਦਾ...ਪਰ ਦੇਖੋ ਜਰੂਰ.....

ਖਾਸ ਕਰਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਇਹ ਫ਼ਿਲਮ ਜਰੂਰ ਦੇਖਣੀ ਚਾਹੀਦੀ ਹੈ.....

ਦਲੀਪ ਸਿੰਘ ਕੋਲ ਕੀ ਕਮੀ ਸੀ....??

ਸਭ ਕੁਛ ਤਾਂ ਸੀ ਉਸ ਕੋਲ....ਪੈਸੇ ਸੀ....ਹੁਸਨ ਵੀ ਹਾਸਲ ਸੀ.....ਘੁੰਮਣ ਫਿਰਨ ਦੀ ਆਜ਼ਾਦੀ ਵੀ....ਪਰ ਆਪਣੀ ਪਹਿਚਾਣ ਨਹੀਂ ਸੀ....ਆਪਣਾ ਇਕ ਆਜ਼ਾਦ ਰਾਹ ਨਹੀਂ ਸੀ ਚਲਣ ਨੂੰ....ਆਪਣਾ ਗੁਆਚਿਆ ਰਾਜ ਭਾਗ ਨਹੀਂ ਸੀ ਹੁਣ ਕੋਲ....

ਇਹ ਸ਼ਖ਼ਸ਼ ਕਦੀ ਪੰਜਾਬ ਨਾ ਆ ਸਕਿਆ... ਪਰ ਫੇਰ ਵੀ ਉਸਨੇ ਇਸ ਧਰਤੀ ਨਾਲ ਰੂਹ ਦਾ ਰਿਸ਼ਤਾ ਨਿਭਾਇਆ....

ਪੈਸੇ ਨੂੰ ਠੁਕਰਾ ਕੇ ਆਪਣੀ ਪਹਿਚਾਣ ਲੱਭਣ ਦਾ ਔਖਾ ਰਾਹ ਚੁਣਿਆ....ਸਿੱਖੀ ਸਰੂਪ ਅਪਣਾਇਆ...

ਪਰ ਸਾਡੇ ਬੱਚਿਆਂ ਨੇ ਪੈਸੇ ਤੇ ਸਟਾਈਲ ਕਰਕੇ ਹੀ ਆਪਣਾ ਰਾਹ ਛਡਿਆ...ਆਪਣੀ ਦਿਖ ਹੀ ਕਾਇਮ ਨਾ ਰੱਖੀ....

ਇਹ ਫ਼ਿਲਮ ਹੌਲੀ ਚਲਦੀ ਹੈ...ਪਰ ਸਭ ਮਹੱਤਵਪੂਰਨ ਪਹਿਲੂ ਅਤੇ ਸੱਚੇ ਤੱਥ ਦੱਸ ਜਾਂਦੀ ਹੈ....

'ਦ ਬਲੈਕ ਪ੍ਰਿੰਸ' ਉਸ ਰਾਜੇ ਦੀ ਕਹਾਣੀ ਹੈ ਜੋ ਕਦੀ ਵੀ ਆਪਣੀ ਧਰਤੀ ਆਪਣੇ ਲੋਕਾਂ ਵਿਚ ਨਾ ਆ ਸਕਿਆ.....

ਸਿੱਖ ਰਾਜ ਦੇ ਗੁਆਚ ਜਾਣ ਦੀ ਇਕ ਕਹਾਣੀ...ਜੋ ਅਜੇ ਮੁਕੀ ਨਹੀਂ.....ਇਸਦਾ ਅੰਤ ਅਜੇ ਸਮੇਂ ਨੇ ਲਿਖਿਆ ਨਹੀਂ ਹੈ....

ਜਦੋ ਤਕ ਇਕ ਵੀ ਸਿੱਖ ਆਪਣੇ ਸਿੱਖ ਰਾਜ ਲਈ ਤੜਫ ਰੱਖ ਕੇ ਜਿਉਂਦਾ ਹੈ...ਇਹ ਕਹਾਣੀ ਚੱਲਦੀ ਰਹੇਗੀ....

ਅਜਿਹੀਆਂ ਚੰਗੀਆਂ ਫ਼ਿਲਮਾਂ ਅਕਸਰ ਪਹਿਲੇ ਹਫ਼ਤੇ ਬਾਅ ਸਿਨਮਿਆਂ ਚੋਂ ਉਤਰ ਜਾਂਦੀ ਹੈ....ਫਿਰ ਕਿਉ ਨਹੀਂ ਸਾਰੇ ਸਿੱਖ ਸਕੂਲ ਆਪਣੇ ਬੱਚਿਆਂ ਨੂੰ ਇਹ ਫ਼ਿਲਮ ਦਿਖਾ ਕੇ ਲੈ ਆਉਣ ਦਾ ਪ੍ਰੋਗਰਾਮ ਬਣਾਉਂਦੇ ..?....ਮੈਨੂੰ ਲਗਦਾ ਹੈ ਸੰਗਤ ਚਾਹੇ ਤਾਂ ਇਹ ਫ਼ਿਲਮ ਹਰ ਸਿੱਖ ਦੇਖ ਸਕਦਾ ਹੈ...

ਬਹੁਤੇ ਛੋਟੇ ਬੱਚਿਆਂ ਨੂੰ ਨਾਲ ਨਾ ਲੈ ਕੇ ਜਾਣਾ... ਕਿਉਂਕਿ ਓਹ ਇਸਨੂੰ ਨਾ ਸਮਝ ਸਕਣਗੇ ਨਾ ਹੀ ਇਨਜੁਆਇ ਕਰ ਸਕਣਗੇ ਉਲਟਾ ਆਸ ਪਾਸ ਵਾਲਿਆਂ ਲਈ ਵੀ ਪ੍ਰੇਸ਼ਾਨੀ ਪੈਦਾ ਕਰਨਗੇ...ਆਪਣੇ ਗੈਰ ਸੰਜੀਦਾ ਦੋਸਤਾਂ ਨੂੰ ਵੀ ਘਰੇ ਹੀ ਰਹਿਣ ਦੇਣਾ...ਕਿਉਂਕਿ ਓਹ ਬੜੇ ਐਸੇ ਦ੍ਰਿਸ਼ਾਂ ਵਿੱਚ ਵੀ ਹੱਸ ਪੈਣਗੇ ਜੋ ਤੁਸੀਂ ਭਾਵੁਕ ਹੋ ਕੇ ਦੇਖ ਰਹੇ ਹੋਵੋਗੇ....

ਇਹ ਫ਼ਿਲਮ ਤੁਹਾਡੀ ਉਸ ਤੜਫ ਨੂੰ ਬਿਆਨ ਕਰਦੀ ਹੈ ਜਿਸਨੂੰ ਬਹੁਤੇ ਲੋਕ ਸਮਝਣ ਨੂੰ ਤਿਆਰ ਹੀ ਨਹੀਂ...

# ਬਹੁਤ ਖ਼ੂਬ ਹੈ ਫ਼ਿਲਮ ਬਲੈਕ ਪ੍ਰਿੰਸ-ਜ਼ਰੂਰ ਦੇਖੋ

### *ਪੰਜਾਬੀਆਂ ਮੂਹੋਂ ਭਾਰੀ ਪ੍ਰਸ਼ੰਸਾ ਸੁਣ ਕੇ ਭਾਵੁਕ ਹੋ ਗਈ ਸ਼ਬਾਨਾ ਆਜ਼ਮੀ*

**ਬਲਜੀਤ ਬੱਲੀ**



ਹੁਣੇ ਹੀ ਸਿੱਖ ਰਾਜ ਬਾਰੇ ਤੇ ਪੰਜਾਬ ਅਤੇ ਮੁਲਕ ਦੇ ਇਤਿਹਾਸਕ ਵਿਰਸੇ ਬਾਰੇ ਬਣੀ ਹੌਲੀਵੁਡ ਫ਼ਿਲਮ ਦਾ ਪ੍ਰੀਮੀਅਰ ਦੇਖ ਕੇ ਆਏ ਹਾਂ । ਫਿਲਮ ਬਹੁਤ ਹੀ ਖ਼ੂਬ ਹੈ । ਕਵੀ ਰਾਜ਼ ਨੇ ਇਤਿਹਾਸ ਦੇ ਪੰਨੇ ਕਮਲ ਨਾਲ ਮੁੜ ਸੁਰਜੀਤ ਕੀਤੇ ਨੇ।

ਸਾਡੇ ਅਜ਼ੀਜ਼ ਸਰਤਾਜ ਨੇ ਪਲੇਠੀ ਫ਼ਿਲਮੀ ਅਦਾਕਾਰੀ ਨਾਲ ਪੂਰਾ ਇਨਸਾਫ਼ ਕੀਤਾ ਹੈ। ਸ਼ਬਾਨਾ ਨੇ ਮਹਾਰਾਣੀ ਜਿੰਦਾਂ ਨੂੰ ਮੁੜ ਜ਼ਿੰਦਾ ਕਰ ਦਿੱਤੈ ਐਕਟਿੰਗ ਦੇ ਮਾਮਲੇ ਵਿਚ ਤਾਂ ਸ਼ਬਾਨਾ ਦਾ ਕੋਈ ਮੁਕਾਬਲਾ ਹੀ ਨਹੀਂ ਪਰ ਜਿੰਨੀ ਖ਼ੂਬਸੂਰਤ ਪੰਜਾਬੀ ਉਸ ਨੇ ਇਸ ਫ਼ਿਲਮ ਵਿਚ ਬੋਲੀ ਹੈ, ਉਸ ਅੱਗੇ ਸਿਰ ਝੁਕਦਾ ਹੈ। ਤੇ ਦਿਲਚਸਪ ਗੱਲ ਇਹ ਵੀ ਹੈ ਪੰਜਾਬੀ ਬੋਲੀ ਵੀ ਮਲਵਈ ਲਹਿਜ਼ੇ ਵਿਚ ਹੈ।

ਸ਼ੁੱਕਰਵਾਰ ਸ਼ਾਮੀ ਜਦੋਂ ਚੰਡੀਗੜ੍ਹ ਵਿਚ ਫਿਲਮ ਦੇ ਪ੍ਰੀਮੀਅਰ ਤੋਂ ਬਾਅਦ ਉਥੇ ਹਾਜ਼ਰ ਪੰਜਾਬੀਆਂ ਨੇ, ਸ਼ਬਾਨਾ ਦੀ ਢੁੱਕਵੀਂ ਭੂਮਿਕਾ ਲਈ ਅਤੇ ਖਾਸ ਕਰਕੇ ਉਨ੍ਹਾਂ ਦੇ ਪੰਜਾਬੀ ਦੇ ਡਾਇਲੌਗ ਦੀ ਵਾਰ-ਵਾਰ ਸ਼ਾਲਘਾ ਹੋਈ ਤਾਂ ਸ਼ਬਾਨਾ ਆਜ਼ਮੀ ਭਾਵੁਕ ਹੋ ਗਈ ਅਤੇ ਉਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ।

ਘਾਟਾਂ -ਵਾਧੇ ਹਰ ਫ਼ਿਲਮ ਵਿਚ ਗਿਣੇ ਜਾ ਸਕਦੇ ਨੇ ਪਰ ਸਮੁੱਚੇ ਤੌਰ ਤੇ ਬਲਾਕ ਪ੍ਰਿੰਸ ਬਹੁਤ ਗੁੰਦਵੀਂ ਅਤੇ ਸੁਚੱਜੀ ਫ਼ਿਲਮ ਹੈ। ਵੈਸੇ ਤਾਂ ਹਰ ਇਕ ਲਈ ਦੇਖਣ ਯੋਗ ਹੈ ਪਰ ਨਵੀਂ ਪੀੜ੍ਹੀ ਨੂੰ ਇਤਿਹਾਸ ਦੇ ਭੁੱਲੇ ਸਫ਼ਿਆਂ ਦੀ ਯਾਦ ਕਰਾਉਣ ਲਈ ਦਿਖਾਉਣੀ ਹੋਰ ਵੀ ਜ਼ਰੂਰੀ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

26 ਜੁਲਾਈ 2017 ਤੋਂ 01 ਅਗਸਤ 2017

## 'ਦੀ ਬਲੈਕ ਪ੍ਰਿੰਸ' ਫਿਲਮ ਦਾ ਇਤਿਹਾਸਕ ਤੇ ਵਰਤਮਾਨ ਪ੍ਰਸੰਗ

**ਮਹਿਮਾਨ ਸੰਪਾਦਕੀ : ਅਜਮੇਰ ਸਿਘ**

ਬਰਤਾਨਵੀ ਸਾਮਰਾਜੀਆਂ ਨੇ 1849 ਈਸਵੀ ਵਿਚ ਸਿੱਖਾਂ ਕੋਲੋਂ ਧੋਖੇ ਤੇ ਮੱਕਾਰੀ ਨਾਲ ਲਾਹੌਰ ਦਾ ਤਖ਼ਤ ਹਥਿਆ ਲੈਣ ਤੋਂ ਬਾਅਦ ਆਪਣੇ ਕੂਟਨੀਤਕ ਉਸਤਾਦ ਮਕਿਆਵਲੀ (ਜਿਸ ਨੂੰ ਠੀਕ ਹੀ ਪੱਛਮ ਦਾ 'ਚਾਣਕਯ' ਕਿਹਾ/ਮੰਨਿਆ ਜਾਂਦਾ ਹੈ) ਦੀ ਉਪਰੋਕਤ ਸਿੱਖਿਆ ਉਤੇ ਅਮਲ ਕਰਨ ਵਿਚ ਆਪਣੇ ਵੱਲੋਂ ਕੋਈ ਉਕਾਈ ਨਹੀਂ ਵਰਤੀ ਸੀ। ਉਨ੍ਹਾਂ ਨੇ ਮੱਕਾਰੀ ਭਰੀਆਂ ਕੂਟਨੀਤਕ ਚਾਲਾਂ ਦੇ ਜ਼ਰੀਏ ਜਿੱਥੇ ਲਾਹੌਰ ਦਰਬਾਰ ਦੇ ਅੰਦਰ ਖ਼ਾਨਾਜੰਗੀ ਭੜਕਾਉਣ ਅਤੇ ਇਸ ਤਰੀਕੇ ਨਾਲ ਸਿੱਖਾਂ ਦੇ ਬਹੁਤ ਸਾਰੇ ਆਗੂਆਂ ਨੂੰ ਇਕ ਦੂਜੇ ਦੇ ਹੱਥੋਂ ਕਤਲ ਕਰਵਾ ਕੇ, ਉਨ੍ਹਾਂ ਨੂੰ ਆਪਣੇ ਰਾਹ ਵਿਚੋਂ ਲਾਂਭੇ ਕਰ ਦੇਣ ਵਿਚ ਪੂਰੀ ਕਾਮਯਾਬੀ ਹਾਸਲ ਕਰ ਲਈ ਸੀ, ਉਥੇ ਇਸ ਬੰਦੇ-ਖਾਣੀ ਖ਼ਖੇਡ ਵਿਚੋਂ ਜਿਉਂਦੇ ਬਚੇ ਸ਼ੇਰ-ਏ-ਪੰਜਾਬ ਦੇ ਇਕੋ-ਇਕ ਸਪੁੱਤਰ ਬਾਲਕ ਦਲੀਪ ਸਿੰਘ ਨੂੰ ਜਾਨੋਂ ਮਾਰਨ ਦਾ ਜ਼ੋਖ਼ਮ ਉਠਾਉਣਾ ਤਾਂ ਠੀਕ ਨਾ ਸਮਝਿਆ, ਕਿਉਂਕਿ ਇਸ ਨਾਲ ਸਿੱਖਾਂ ਅੰਦਰ ਤੁਰੰਤ ਰੋਹ ਭੜਕ ਪੈਣ ਦਾ ਡਰ ਸੀ। ਪਰ ਮਕਿਆਵਲੀ ਦੇ ਯੋਗ ਸ਼ਗਿਰਦਾਂ ਨੇ ਇਸ ਸੰਭਾਵਿਤ ਖ਼ਤਰੇ ਤੋਂ ਸੁਰਖ਼ੁਰੂ ਹੋਣ ਲਈ ਇਕ ਸ਼ਾਤਰ, ਅਤੇ ਪੁੱਜ ਕੇ ਘਿਨਾਉਣੀ, ਕੂਟਨੀਤਕ ਤਰਕੀਬ ਵਰਤੀ। ਉਨ੍ਹਾਂ ਨੇ ਪੰਜਾਂ ਸਾਲਾਂ ਦੇ ਮਾਸੂਮ ਬਾਲਕ ਨੂੰ ਆਪਣੀ ਰੋਂਦੀ ਕੁਰਲਾਉਂਦੀ ਮਾਂ ਦੀ ਗੋਦੀ 'ਚੋਂ ਖੋਹ ਕੇ, ਉਸ ਨੂੰ ਆਪਣੀ ਮਾਂ ਅਤੇ ਆਪਣੇ ਪੁਰਖਿਆਂ ਦੀ ਸਰਜ਼ਮੀਨ ਤੇ ਸ਼ੇਰ-ਏ-ਪੰਜਾਬ ਪ੍ਰਤੀ ਮੁਹੱਬਤ ਦੇ ਜਜ਼ਬੇ ਨਾਲ ਭਰੇ ਆਪਣੇ ਲੋਕਾਂ ਤੋਂ ਸੱਤ ਸਮੁੰਦਰੋਂ ਦੂਰ ਲਿਜਾ ਕੇ, ਉਸ ਦੀ ਪਿਛਲੀ ਯਾਦਾਸ਼ਤ ਭੁਲਾ ਦੇਣ ਅਤੇ ਉਸ ਨੂੰ ਆਪਣੇ ਮਨਚਾਹੇ ਸਾਂਚੇ ਵਿਚ ਢਾਲ ਲੈਣ ਦੀ ਨਿਪੁੰਨ ਚਾਲ ਅਜ਼ਮਾਈ, ਤਾਂ ਜੋ ਉਸ ਅੰਦਰ ਆਪਣਾ ਖੋਹਿਆ ਹੋਇਆ ਰਾਜ ਹਾਸਲ ਕਰਨ ਦੀ ਰੀਝ ਤੇ ਤੜਪ ਹਮੇਸ਼ਾ ਲਈ ਖ਼ਤਮ ਹੋ ਜਾਵੇ।

ਇਨੀਂ ਦਿਨੀਂ ਦੇਸ਼ ਵਿਦੇਸ਼ ਦੇ ਸਿੱਖ ਭਾਈਚਾਰੇ ਤੇ ਦੁਨੀਆਂ ਭਰ ਦੇ ਫ਼ਿਲਮੀ ਹਲਕਿਆਂ ਅੰਦਰ ਤਿੱਖੀ ਦਿਲਚਸਪੀ ਤੇ ਚਰਚਾ ਦਾ ਵਿਸ਼ਾ ਬਣੀ ਫ਼ਿਲਮ 'ਦੀ ਬਲੈਕ ਪ੍ਰਿੰਸ' ਮਹਾਰਾਜਾ ਦਲੀਪ ਸਿੰਘ ਦੇ ਜੀਵਨ ਦੀ ਇਸੇ ਤਰਾਸਦਿਕ ਵਿਥਿਆ ਦਾ ਕਲਾਤਮਿਕ ਵਰਨਣ ਹੈ। ਭਰਪੂਰ ਲਗਨ, ਸ਼ਿੱਦਤ, ਜਜ਼ਬੇ ਤੇ ਕਲਾਤਮਿਕ ਪੁਖ਼ਤਗੀ ਨਾਲ ਬਣਾਈ ਇਹ ਫਿਲਮ ਦਰਸ਼ਕਾਂ ਨੂੰ ਇਤਿਹਾਸ ਦੇ ਉਨ੍ਹਾਂ ਭਾਵਪੂਰਤ ਤੇ ਉਦਾਸ ਪਲਾਂ ਨਾਲ ਜੋੜ ਦਿੰਦੀ ਹੈ, ਜਦੋਂ ਸਿੰਘਾਂ ਦੇ ਸਦੀ ਭਰ ਲੰਮੇ ਲਹੂ-ਵੀਟਵੇਂ ਸੰਘਰਸ਼ ਅਤੇ ਬੇਸ਼ੁਮਾਰ ਕੁਰਬਾਨੀਆਂ ਤੋਂ ਬਾਅਦ ਕਾਇਮ ਕੀਤਾ ਗਿਆ ਖ਼ਾਲਸਾ ਰਾਜ ਤੀਲਾ ਤੀਲਾ ਹੋ ਕੇ ਬਿਖ਼ਰ ਗਿਆ ਸੀ ਅਤੇ ਲਾਹੌਰ ਤਖ਼ਤ ਦਾ ਹੱਕੀ ਵਾਰਸ ਦਲੀਪ ਸਿੰਘ, ਇੰਗਲੈਂਡ ਅੰਦਰ ਦਿਲ-ਫਰੇਬ ਫ਼ਰੰਗੀਆਂ ਦੀਆਂ ਕੂਟ ਚਾਲਾਂ ਵਿਚ ਘਿਰਿਆ ਆਪਣੇ ਧਰਮ, ਸਭਿਆਚਾਰ, ਇਤਿਹਾਸ ਤੇ ਵਿਰਸੇ ਨੂੰ ਪੂਰੀ ਤਰ੍ਹਾਂ ਭੁਲ-ਭੁਲਾ ਚੁੱਕਾ ਸੀ। ਉਹ ਆਪਣੀ ਇਤਿਹਾਸਕ ਜਿੰਮੇਵਾਰੀ ਤੋਂ ਬੇਖ਼ਬਰ, ਇੰਗਲੈਂਡ ਅੰਦਰ ਸਿੱਖ ਰਾਜ ਦੇ ਵੈਰੀਆਂ ਦੀ ਸੰਗਤ ਵਿਚ ਵਿਲਾਸਮਈ ਜੀਵਨ ਬਤੀਤ ਕਰ ਰਿਹਾ ਸੀ।

ਪਰ ਫਿਰ ਵਾਹਿਗੁਰੂ ਦੀ ਕਿਰਪਾ ਨਾਲ ਅਜਿਹੇ ਸਾਧਨ ਬਣੇ ਕਿ ਨੌਜਵਾਨ ਦਲੀਪ ਸਿੰਘ ਦੇ ਚੇਤੇ ਅੰਦਰ ਪੁਰਾਣੀਆਂ ਯਾਦਾਂ ਮੁੜ ਹਰੀਆਂ ਹੋ ਗਈਆਂ। ਉਸ ਦੇ ਹਿਰਦੇ ਅੰਦਰ ਆਪਣੀ ਮਾਂ (ਮਹਾਰਾਣੀ ਜਿੰਦਾਂ) ਨੂੰ ਮਿਲਣ ਦੀ ਅਮੋੜ ਇੱਛਾ ਜਾਗ ਪਈ ਅਤੇ ਫਰੰਗੀਆਂ ਦੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਉਹ ਆਪਣੀ ਮਾਂ ਨੂੰ ਮਿਲਣ ਤੇ ਉਸ ਨੂੰ ਆਪਣੇ ਨਾਲ ਹੀ ਇੰਗਲੈਂਡ ਲੈ ਜਾਣ ਵਿਚ ਸਫ਼ਲ ਹੋ ਗਿਆ, ਭਾਵੇਂ ਕਿ ਦਿਲ-ਕਾਲੇ ਫਰੰਗੀਆਂ ਵੱਲੋਂ ਲਾਈਆਂ ਰੋਕਾਂ ਕਰਕੇ ਉਸ ਨੂੰ ਪੰਜਾਬ ਦੀ ਸਰਜ਼ਮੀਨ ਉਪਰ ਪੈਰ ਪਾਉਣੇ ਨਸੀਬ ਨਾ ਹੋ ਸਕੇ ਅਤੇ 13 ਸਾਲਾਂ ਦੇ ਹੌਣੀਆਂ ਭਰਪੂਰ ਵਕਫ਼ੇ ਤੋਂ ਬਾਅਦ ਮਾਂ ਨਾਲ ਮਿਲਣ ਦੀ ਸਧਰ ਕਲਕੱਤਾ ਵਿਖੇ ਹੀ ਪੂਰੀ ਕਰਨੀ ਪਈ ਸੀ। ਮਾਂ ਨੇ ਉਸ ਨੂੰ ਫਰੰਗੀਆਂ ਦੇ ਝੂਠ, ਫਰੇਬ, ਘਿਨਾਉਣੇ ਜ਼ੁਲਮਾਂ ਤੇ ਕਮੀਨਗੀਆਂ ਦੀ ਸਾਰੀ ਦਾਸਤਾਂ ਸੁਣਾਈ ਅਤੇ ਉਸ ਦੀਆਂ ਰਗਾਂ ਅੰਦਰ ਦੌੜਦੇ ਸ਼ੇਰ-ਏ-ਪੰਜਾਬ ਦੇ ਖ਼ੂਨ ਦੇ ਵਾਸਤੇ ਪਾ ਕੇ, ਉਸ ਨੂੰ ਆਪਣੀ ਇਤਿਹਾਸਕ ਜਿੰਮੇਵਾਰੀ ਦੀ ਪਛਾਣ ਕਰਨ ਲਈ ਉਤੇਜਿਤ ਕੀਤਾ। ਇਸ ਤਰ੍ਹਾਂ ਉਸ ਦੇ ਹਿਰਦੇ ਅੰਦਰ, ਫਰੰਗੀਆਂ ਵੱਲੋਂ ਬਲ ਨਾਲੋਂ ਜ਼ਿਆਦਾ ਛਲ ਨਾਲ ਹਥਿਆਏ ਤੇ ਉਜਾੜੇ ਗਏ ਖ਼ਾਲਸਾ ਰਾਜ ਪ੍ਰਤੀ ਮੋਹ ਜਾਗ ਪਿਆ, ਅਤੇ ਖੋਹੇ ਗਏ ਰਾਜ ਨੂੰ ਮੁੜ ਹਾਸਲ ਕਰਨ ਦੀ ਖ਼ਾਹਸ਼ ਤੇ ਰੀਝ ਅੰਗੜਾਈ ਲੈ ਉਠੀ। ਇਸ ਤਰ੍ਹਾਂ ਵਿਲਾਸਮਈ ਜੀਵਨ ਨੂੰ ਅਲਵਿਦਾ ਕਹਿ ਕੇ, ਸ਼ੇਰ-ਏ-ਪੰਜਾਬ ਦੇ ਸਪੁੱਤਰ ਨੇ ਆਪਣੇ ਪੁਰਖਿਆਂ ਕੋਲੋਂ ਪ੍ਰੇਰਨਾ ਲੈ ਕੇ ਖ਼ਤਰਿਆਂ ਨਾਲ ਖੇਡਣ ਦਾ ਫੈਸਲਾ ਕਰ ਲਿਆ। ਉਸ ਨੇ ਮੁੜ ਰਾਜ ਹਾਸਲ ਕਰਨ ਲਈ ਪੁਖ਼ਤਾ ਰਣਨੀਤੀ ਤਿਆਰ ਕੀਤੀ, ਪੰਜਾਬ ਅੰਦਰ ਸਿੱਖ ਰਾਜ ਦੀ ਆਰਜੂ ਰੱਖਣ ਵਾਲੇ ਪਤਵੰਤਿਆਂ (ਸਿੱਖ ਸਰਦਾਰਾਂ) ਨਾਲ ਗੁਪਤ ਰਾਬਤਾ ਕਾਇਮ ਕੀਤਾ, ਯੂਰਪ ਤੇ ਏਸ਼ੀਆ ਦੇ ਅੰਗਰੇਜ਼ਾਂ ਨਾਲ ਦੁਸ਼ਮਣੀ ਰੱਖਣ ਵਾਲੇ ਹੁਕਮਰਾਨਾਂ ਦੀ ਮੱਦਦ ਲੈਣ ਲਈ ਕੂਟਨੀਤਕ ਚਾਰਾਜ਼ੋਈ ਕੀਤੀ, ਅਤੇ ਦੁਸ਼ਮਣ ਉਤੇ ਢੁਕਵੇਂ ਸਮੇਂ ਕਰਾਰੀ ਸੱਟ ਮਾਰਨ ਲਈ ਜਾਨ-ਹੂਲਵੀਆਂ ਤਿਆਰੀਆਂ ਵਿਚ ਜੁਟ ਗਿਆ। ਪਰ ਉਸ ਦੇ ਭਾਗਾਂ ਵਿਚ ਜਿੱਤ ਨਹੀਂ ਲਿਖੀ ਹੋਈ ਸੀ। ਦੁਸ਼ਮਣ ਦੇ ਚੁਕੰਨੇ ਹੋ ਜਾਣ ਅਤੇ ਕੁੱਝ ਆਪਣਿਆਂ ਦੀਆਂ ਗ਼ਦਾਰੀਆਂ ਕਾਰਨ ਮਹਾਰਾਜਾ ਦਲੀਪ ਸਿੰਘ ਦੇ ਸਾਰੇ ਯਤਨ ਨਾਕਾਮ ਹੋ ਗਏ। ਹਾਰ, ਬੇਉਮੀਦੀ ਤੇ ਬੇਵਸੀ ਨੇ ਦਲੀਪ ਸਿੰਘ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਅਤੇ ਅੰਤ ਵਿਚ ਉਹ ਪੈਰਿਸ ਦੇ ਇਕ ਹੋਟਲ ਵਿਚ ਗਰੀਬੀ ਤੇ ਬੀਮਾਰੀ ਨਾਲ ਜੂਝਦਾ ਹੋਇਆ, ਮਹਾਰਾਜਾ ਬਣਨ ਦੀ ਸਧਰ ਮਨ ਅੰਦਰ ਲੈ ਕੇ ਇਸ ਜਹਾਨ ਨੂੰ ਸਦੀਵੀ ਅਲਵਿਦਾ ਕਹਿ ਗਿਆ। ਇਸ ਨੂੰ ਫ਼ਿਲਮ ਦੀ ਕਾਮਯਾਬੀ ਕਹਿ ਲਓ ਜਾਂ ਖ਼ੂਬਸੂਰਤੀ, ਕਿ ਬਦਨਸੀਬ ਮਹਾਰਾਜੇ ਦੇ ਜੀਵਨ ਤੇ ਫਿਲਮ ਦਾ ਅੰਤ ਏਨਾ ਨਿਰਾਸ਼ਾਜਨਕ ਹੋਣ ਦੇ ਬਾਵਜੂਦ, ਫ਼ਿਲਮ ਦਰਸ਼ਕਾਂ ਦੇ ਮਨਾਂ ਉਤੇ ਜਿੱਥੇ ਉਦਾਸੀ ਦਾ ਹਲਕਾ ਜਿਹਾ ਪਰਭਾਵ ਛੱਡਦੀ ਹੈ, ਉਥੇ ਨਾਲ ਹੀ ਇਹ ਉਨ੍ਹਾਂ ਦੇ ਮਨਾਂ ਅੰਦਰ ਸਿੱਖ ਰਾਜ ਪ੍ਰਤੀ ਮੋਹ ਦਾ ਤੀਬਰ ਵਲਵਲਾ ਵੀ ਪੈਦਾ ਹੁੰਦਾ ਹੈ। ਫਿਲਮ ਨੂੰ ਵੇਖ ਕੇ ਸਿੱਖ ਦਰਸ਼ਕਾਂ ਦੇ ਮਨਾਂ ਅੰਦਰ ਆਪਣੇ ਖੁੱਸੇ ਹੋਏ ਜਾਂ ਖੋਹੇ ਗਏ ਰਾਜ ਦਾ ਹੇਰਵਾ ਅਤੇ ਇਸ ਨੂੰ ਮੁੜ ਹਾਸਲ ਕਰਨ ਦੀ ਅਮੋੜ ਖ਼ਾਹਸ਼ ਪੈਦਾ ਹੁੰਦੀ ਹੈ। ਉਹ ਫਿਲਮ ਨੂੰ ਸਿਰਫ਼ ਇਤਿਹਾਸਕ ਦ੍ਰਿਸ਼ਟੀ ਤੋਂ ਨਹੀਂ ਵੇਖਦੇ, ਸੁਤੇ ਸਿੱਧ ਹੀ ਇਸ ਦੀਆਂ ਤਾਰਾਂ ਵਰਤਮਾਨ ਨਾਲ ਜੁੜ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਇਹ ਸਾਫ਼ ਪਤਾ ਚੱਲ ਜਾਂਦਾ ਹੈ ਕਿ ਦੁਨਿਆਵੀ ਸਰੋਕਾਰਾਂ ਨੂੰ ਮੁੱਖ ਰੱਖਣ ਵਾਲੇ ਸਾਰੇ ਹੁਕਮਰਾਨ ਵਰਗਾਂ ਤੇ ਰਾਜਾਂ ਦਾ ਮੂਲ ਖ਼ਾਸਾ ਇਕੋ ਜਿਹਾ ਹੀ ਹੁੰਦਾ ਹੈ। ਉਹ ਮਕਿਆਵਲੀ ਤੋਂ ਪ੍ਰੇਰਨਾ ਲੈਣ ਭਾਵੇਂ ਚਾਣਕਯ ਕੋਲੋਂ, ਸਦੀ ਉਨ੍ਹੀਵੀਂ ਹੋਵੇ ਜਾਂ ਇਕੀਵੀਂ, ਰਾਜ ਦਾ ਸਰੂਪ ਇੱਕਪੁਰਖਾਸ਼ਾਹੀ (ਮੋਨਾਰਕੀ) ਹੋਵੇ ਜਾਂ ਲੋਕਤੰਤਰੀ, ਉਹ ਮੁੱਖ ਤੌਰ 'ਤੇ ਝੂਠ, ਫਰੇਬ, ਧੋਖਾਧੜੀ ਤੇ ਹਕੂਮਤੀ ਬਲ ਤੇ ਦਹਿਸ਼ਤ ਦੇ ਆਸਰੇ ਰਾਜ ਕਰਦੇ ਹਨ। ਉਹ ਸਾਰੇ ਇੱਕੋ ਜਿੰਨੇ ਕਪਟੀ ਤੇ ਅੱਤਿਆਚਾਰੀ ਹੁੰਦੇ ਹਨ। ਇਸ ਕਰੂਰ ਸਚਾਈ ਨੂੰ ਸਿੱਖ ਕੌਮ ਨੇ ਪੰਜ ਸਦੀਆਂ ਤੋਂ ਆਪਣੇ ਪਿੰਡੇ ਉਤੇ ਹੰਢਾਇਆ ਹੈ। ਹੁਕਮਰਾਨ ਮੁਗ਼ਲ ਹੋਣ, ਬਰਤਾਨਵੀ ਹੋਣ ਤੇ ਭਾਵੇਂ ਹਿੰਦੂ-ਬ੍ਰਾਹਮਣਵਾਦੀ ਹੋਣ, ਸਿੱਖਾਂ ਨਾਲ ਕਿਸੇ ਨੇ ਤੇ ਖੜ੍ਹੇ ਸਾਰੇ ਹੀ ਰਾਜਾਂ ਤੇ ਸਮਾਜਾਂ ਅੰਦਰ ਇਕੋ ਜਿੰਨੀ ਜਲਣ ਤੇ ਭੈਅ ਪੈਦਾ ਕਰਦੀ ਹੈ। ਫਿਲਮ ਕੋਲੋਂ ਦੂਜੀ ਅਹਿਮ ਸਿੱਖਿਆ ਇਹ ਮਿਲਦੀ ਹੈ, ਕਿ ਜਿੰਨਾ ਚਿਰ ਸਿੱਖ ਕੌਮ ਅੰਦਰ ਰੂਹਾਨੀਅਤ ਦਾ ਜਜ਼ਬਾ ਪ੍ਰਫੁਲਤ ਨਹੀਂ ਹੁੰਦਾ, ਅਰਥਾਤ ਜਿੰਨਾ ਚਿਰ ਸਿੱਖਾਂ ਦੇ ਸੰਘਰਸ਼ ਨੂੰ ਗੁਰੂ ਸਾਹਿਬਾਨ ਵੱਲੋਂ ਨਿਰਧਾਰਤ ਕੀਤੇ ਉਚੇਰੇ ਰੂਹਾਨੀ ਆਦਰਸ਼ਾਂ ਦੀ ਪਾਣ ਨਹੀਂ ਚਾੜ੍ਹੀ ਜਾਂਦੀ, ਉਨਾ ਚਿਰ ਕੌਮੀ ਗ਼ਦਾਰੀਆਂ ਦੇ ਨਾਮੁਰਾਦ ਵਰਤਾਰੇ ਤੋਂ ਪੂਰਨ ਨਿਜ਼ਾਤ ਨਹੀਂ ਮਿਲ ਸਕਦੀ। ਪਿਛਲੀ ਅੱਧੀ ਸਦੀ ਦਾ ਅਮਲ ਇਸ ਉਦਾਸ ਤੱਥ ਦੀ ਕਰੂਰ ਪੁਸ਼ਟੀ ਕਰਦਾ ਹੈ। ਕੌਮੀ ਗ਼ਦਾਰੀਆਂ ਤੋਂ ਇਲਾਵਾ, ਸਿੱਖ ਆਗੂਆਂ ਦੀਆਂ ਨਲਾਇਕੀਆਂ ਤੇ ਕਮਜ਼ੋਰੀਆਂ ਵੀ ਕੌਮੀ ਦੁਖਾਂਤ ਪੈਦਾ ਕਰਨ ਵਿਚ ਵੱਡਾ ਹਿੱਸਾ ਪਾਉਂਦੀਆਂ ਹਨ। ਅੱਜ ਸਿੱਖ ਕੌਮ ਦੀ ਜਿੰਨੀ ਦੁਰਦਸ਼ਾ ਹੋ ਰਹੀ ਹੈ, ਉਸ ਦਾ ਇਕ ਵੱਡਾ ਕਾਰਨ ਇਹ ਵੀ ਹੈ। ਇਤਿਹਾਸ ਦੇ ਕੁੱਝ ਮੋੜ ਅਜਿਹੇ ਵੀ ਆਉਂਦੇ ਹਨ ਜਦੋਂ ਆਗੂਆਂ ਦੀ ਨਲਾਇਕੀ ਗ਼ਦਾਰੀ ਜਿੰਨੀ ਹੀ ਤਬਾਹਕੁੰਨ ਹੋ ਨਿਬੜਦੀ ਹੈ। ਇਹ ਅਜੋਕੇ ਸਮੇਂ ਦਾ ਕੌੜਾ ਸੱਚ ਹੈ। ਫਿਲਮ 'ਦੀ ਬਲੈਕ ਪ੍ਰਿੰਸ' ਸਿੱਖਾਂ ਨੂੰ ਜਿੱਥੇ ਆਪਣੇ ਇਤਿਹਾਸ ਬਾਰੇ ਜਾਗਰੂਕ ਕਰਦੀ ਹੈ, ਉਥੇ ਨਾਲੋ-ਨਾਲ ਉਨ੍ਹਾਂ ਨੂੰ ਅੰਤਰੀਵ ਤੌਰ 'ਤੇ ਆਪਣੀ ਸਮਕਾਲੀ ਦੁਰਦਸ਼ਾ ਬਾਰੇ ਵੀ ਝੰਜੋੜਦੀ ਹੈ।

# 'ਦ ਬਲੈਕ ਪ੍ਰਿੰਸ' ਇਸ ਸਦੀ ਦੀ ਸਿੱਖ ਫਿਲਮ

## "ਆਪਣੀ ਤਲਵਾਰ ਉਠਾ ਤੇ ਆਪਣਾ ਰਾਜ ਵਾਪਿਸ ਲੈ"

**ਵਰਲਡ ਸਿੱਖ ਨਿਊਜ ਦੇ ਸੰਪਾਦਕ ਜਗਮੋਹਨ ਸਿੰਘ ਨੇ ਇਤਿਹਾਸਕ ਫਿਲਮ ਦ ਬਲੈਕ ਪ੍ਰਿੰਸ' ਦੇ ਇਸ ਰਿਵਿਊ ਵਿੱਚ ਫਿਲਮ ਦੇ ਉਨ੍ਹਾਂ ਪੱਖਾਂ ਨੂੰ ਉਜਾਗਰ ਕੀਤਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਸਿੱਖ ਅਤੇ ਸਿੱਖਾਂ ਦੇ ਦੋਸਤ ਫਿਲਮ ਦੇਖਣ ਲਈ ਪ੍ਰੇਰਤ ਹੋਣਗੇ ਜੋ ਫਿਲਮ ਦੁਨੀਆਂ ਭਰ ਵਿੱਚ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿੱਚ ਦਿਖਾਈ ਜਾ ਰਹੀ ਹੈ। ਉਨ੍ਹਾਂ ਨੇ ਫਿਲਮ ਨੂੰ ਫਾਈਵ ਸਟਾਰ ਰੇਟਿੰਗ ਦਿੱਤੀ ਹੈ। ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੀ ਗੁਜ਼ਾਰਿਸ਼ ਉੱਤੇ ਉਚੇਚਾ ਪੰਜਾਬੀ ਵਿੱਚ ਲਿਖੀ ਇਸ ਦਿਲਚਸਪ ਅਤੇ ਅਹਿਮ ਲਿਖਤ ਨੂੰ ਪਾਠਕਾਂ ਦੇ ਰੂ ਬ ਰੂ ਕਰਦਿਆਂ ਬੜੀ ਖੁਸ਼ੀ ਤੇ ਤਸੱਲੀ ਹੈ। ਪਾਠਕ ਵਰਲਡ ਸਿੱਖ ਨਿਊਜ਼ ਦੇ ਸੰਪਾਦਕ ਨਾਲ theworldsikhnews@gmail.com 'ਤੇ ਸੰਪਰਕ ਕਰ ਸਕਦੇ ਹਨ- ਸੰਪਾਦਕ)**



**ਜਗਮੋਹਨ ਸਿੰਘ (ਪ੍ਰੋ.)**

ਪਿਛਲੇ ਹਫਤੇ ਸ਼ੁੱਕਰਵਾਰ ਨੂੰ ਮੈਂ 2 ਘੰਟੇ ਮਹਾਰਾਜਾ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਦੇ ਸਾਥ ਵਿੱਚ ਗੁਜਾਰੇ। ਇਸ ਸਾਰੇ ਸਮੇਂ ਦੌਰਾਨ ਮੈਂ ਮਹਾਰਾਜਾ ਦਲੀਪ ਸਿੰਘ ਨਾਲ ਸਿੱਖ ਧਰਮ ਤੋਂ ਜ਼ਬਰੀ ਇਸਾਈ ਧਰਮ ਦੇ ਦਾਖਲੇ ਤੱਕ ਅਤੇ ਫਿਰ ਸਹਿਜੇ-ਸਹਿਜੇ ਸਿੱਖੀ ਵਿੱਚ ਮੁੜ ਵਾਪਸੀ ਦਾ ਸਫਰ ਤਹਿ ਕੀਤਾ। ਬੱਚੇ ਦਲੀਪ ਸਿੰਘ ਨੂੰ ਸਿੱਖ ਰਾਜ ਦੇ ਘਰਾਣੇ 'ਚੋਂ ਮਾਂ ਦੀ ਝੋਲੀ 'ਚੋਂ ਖੋਹ ਕੇ ਇੰਗਲੈਂਡ ਬਕਿੰਗਮ ਪੈਲੇਸ ਦੇ ਰਾਜ ਘਰਾਣੇ ਤੱਕ ਮਹਾਰਾਜਾ ਦਲੀਪ ਸਿੰਘ ਦੀ ਜ਼ਬਰੀ ਯਾਤਰਾ ਦਾ ਵੀ ਮੈਂ ਸਾਥ ਮਾਣਿਆ।



ਇਸ ਫਿਲਮ ਨੂੰ ਦੇਖਣ ਤੋਂ ਬਾਅਦ ਮੈਂ ਹਰ ਅੰਗਰੇਜ਼ ਦੀ ਅੱਖ ਵਿੱਚ ਅੱਖ ਪਾ ਕੇ ਸਿੱਧਾ ਦੇਖ ਸਕਦਾ ਹਾਂ ਅਤੇ ਉਸਨੂੰ ਦੱਸ ਸਕਦਾ ਹਾਂ ਕਿ ਕਿਵੇਂ ਗੋਰਿਆਂ ਨੇ ਸਿੱਖਾਂ ਨਾਲ ਫਰੇਬ ਕਮਾਇਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਫਰਜੰਦ ਕੋਲੋਂ ਸਿੱਖ ਰਾਜ ਖੋਹਿਆ।

ਇੱਕ ਸਿੱਖ ਹੋਣ ਦੇ ਨਾਤੇ ਮੇਰੇ ਹੰਝੂ ਰੁਕ ਨਾ ਸਕੇ ਜਦ ਮੈਂ ਦਲੀਪ ਸਿੰਘ ਨੂੰ ਬਰਤਾਨਵੀ ਰਿਆਸਤੀ ਅਮੀਰੀ ਜਿਸ ਵਿੱਚ ਉਸਨੇ ਆਪਣੀ ਜਵਾਨੀ ਗੁਜ਼ਾਰੀ ਸੀ ਪਰ ਕਿਵੇਂ ਸਭ ਕੁਝ ਤਿਆਗ ਕੇ ਉਹ ਬਰਤਾਨੀਆ ਤੋਂ ਬਾਗੀ ਹੋਇਆ, ਕਿਵੇਂ ਉਸ ਕੋਲੋਂ ਸਭ ਕੁਝ ਖੋਹ ਲਿਆ ਗਿਆ ਅਤੇ ਉਹ ਅੱਤ ਗਰੀਬ ਹਾਲਤ ਵਿੱਚ ਆਪਣੇ ਆਖਰੀ ਸਾਹ ਭਰਣ ਲਈ ਮਜ਼ਬੂਰ ਹੋਇਆ ਪਰ ਇਹ ਕਹਿਣਾ ਪਵੇਗਾ, ਉਸ ਨੇ "ਲੜਾਈ ਪੂਰੀ ਲੜੀ"। ਫਿਲਮ ਦੇ ਵਿੱਚ ਮਾਂ-ਪੁੱਤ ਦੇ ਸੰਵਾਦ ਨੇ ਝੰਜੋੜ ਕੇ ਰੱਖ ਦਿੱਤਾ। ਬੜੇ ਹੀ ਸਹਿਜ ਨਾਲ ਜਦ ਦਹਾਕਿਆਂ ਬਾਅਦ ਮਹਾਰਾਣੀ ਜਿੰਦਾਂ ਆਪਣੇ ਬੱਚੇ ਮਹਾਰਾਜਾ ਦਲੀਪ ਸਿੰਘ ਨੂੰ ਮਿਲਦੀ ਹੈ ਤਾਂ ਬੜੀ ਹੀ ਸਹਿਣਸ਼ੀਲਤਾ ਨਾਲ ਕਹਿੰਦੀ ਹੈ, "ਮੈਂ ਕੇਵਲ ਸਰਕਾਰ ਖਾਲਸਾ ਦਾ ਰਾਜ ਹੀ ਨਹੀਂ ਗਵਾਇਆ, ਮੈਂ ਪੁੱਤਰ ਵੀ ਗਵਾ ਲਿਆ"।

ਮਹਾਰਾਜਾ ਦਲੀਪ ਸਿੰਘ ਦਹਾਕਿਆਂ ਤੋਂ ਵਿਛੜੀ ਮਾਂ ਨੂੰ ਮਿਲਣ ਤੋਂ ਬਾਅਦ ਬੜੇ ਜੋਸ਼ੋ-ਖਰੋਸ਼ ਨਾਲ ਆਪਣੇ ਨੇੜਲੇ ਸਹਿਯੋਗੀ ਰੂੜ ਸਿੰਘ ਨੂੰ ਕਹਿੰਦਾ ਹੈ, "ਮੈਂ ਸ਼ਹਿਜ਼ਾਦਾ ਨਹੀਂ, ਰਾਜਾ ਹਾਂ"। ਇਸ ਬਦਲਾਓ ਨੂੰ ਯੁੱਗ ਪਲਟਾ ਹੀ ਕਿਹਾ ਜਾ ਸਕਦਾ ਹੈ।

ਮੈਨੂੰ ਬਹੁਤ ਮਾਣ ਹੋਇਆ ਜਦ ਮੈਂ ਦੇਖਿਆ ਕਿ ਰਾਜੇ ਤੋਂ ਸ਼ਹਿਜ਼ਾਦਾ, ਸ਼ਹਿਜ਼ਾਦੇ ਤੋਂ ਰਾਜਾ ਅਤੇ ਰਾਜੇ ਤੋਂ ਬਾਗੀ ਬਣਿਆ ਮਹਾਰਾਜਾ ਦਲੀਪ ਸਿੰਘ ਫਰਾਂਸ ਅਤੇ ਰੂਸ ਜਾ ਕੇ ਫਰਾਂਸੀਸੀ ਅਤੇ ਰੂਸੀ ਸਰਕਾਰਾਂ ਦੀ ਇਮਦਾਦ ਨਾਲ ਬਰਤਾਨਵੀ ਰਾਜ ਦਾ ਤਖਤਾ ਪਲਟਣ ਲਈ ਪੁਰਜ਼ੋਰ ਉਪਰਾਲੇ ਕਰਦਾ ਹੈ।

ਫਰਾਂਸ ਦੀ ਧਰਤੀ 'ਤੇ ਅੰਮ੍ਰਿਤ ਸੰਚਾਰ? ਸ਼ਾਇਦ ਆਪਣੇ ਕਿਸਮ ਦਾ ਉਸ ਧਰਤੀ 'ਤੇ ਪਹਿਲੀ ਵਾਰ ਇਹ ਹੋਇਆ ਹੋਣਾ। ਕਿੰਨੀ ਕਮਾਲ ਦੀ ਗੱਲ ਹੈ ਕਿ ਇੱਕ ਨਿੱਜੀ ਅੰਮ੍ਰਿਤ ਸੰਚਾਰ ਸਮਾਗਮ ਕਰਕੇ ਮਹਾਰਾਜਾ ਦਲੀਪ ਸਿੰਘ ਪੱਕੇ ਤੌਰ 'ਤੇ ਸਿੱਖੀ ਨੂੰ ਅਪਣਾ ਲੈਂਦਾ ਹੈ ਕਿਉਂਕਿ ਉਸਦੀ ਦੀ ਮਾਂ ਦੇ ਬਚਨ ਸਨ ਕਿ ਸਿੱਖ ਬਣ ਕੇ ਜਿਉਂਦਾ ਰਹੀਂ ਕਿਉਂਕਿ ਉਸਦੀ ਮਾਂ ਵੀ ਸਿੱਖ ਬਣ ਕੇ ਜਿਉਣਾ ਅਤੇ ਮਰਨਾ ਚਾਹੁੰਦੀ ਹੈ ਅਤੇ ਉਸਨੂੰ ਵੀ ਇਸ ਤਰ੍ਹਾਂ ਹੀ ਪ੍ਰੇਰਿਆ ਸੀ।

ਕੂਕਾ ਸਿੱਖਾਂ (ਅਜੋਕੇ ਸਮੇਂ ਦੇ ਨਾਮਧਾਰੀ ਸਿੱਖ) ਦੇ ਚਿਹਰਿਆਂ 'ਤੇ ਖੁਸ਼ੀ ਦੇਖਦੀ ਹੀ ਬਣਦੀ ਹੈ ਜਦ ਉਨ੍ਹਾਂ ਨੂੰ ਇਤਲਾਹ ਮਿਲਦੀ ਹੈ ਕਿ ਸਿੱਖ ਰਾਜ ਨੂੰ ਮੁੜ ਸੁਰਜੀਤ ਕਰਨ ਦੇ ਲਈ ਮਹਾਰਾਜਾ ਦਲੀਪ ਸਿੰਘ ਆਪਣੀ ਸਰ-ਜ਼ਮੀਨ ਪੰਜਾਬ ਵਾਪਿਸ ਪਹੁੰਚ ਰਿਹਾ ਹੈ।

ਕੀ ਤੁਸੀਂ ਇਹ ਨਹੀਂ ਜਾਨਣਾ ਚਾਹੋਗੇ ਕਿ ਪੰਜਾਬ ਪਰਤ ਰਹੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਵਤਨ ਨਹੀਂ ਆਉਣ ਦਿੱਤਾ ਗਿਆ ਅਤੇ ਉਸ ਨੂੰ ਆਪਣੀ ਮਾਤਾ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਸਰਸਵਤੀ ਨਦੀ ਦੇ ਕੰਢੇ ਨਾਸਿਕ ਮਹਾਰਾਸ਼ਟਰਾ ਵਿਖੇ ਕਰਨਾ ਪਿਆ?

ਕਿੰਨੇ ਸਿੱਖਾਂ ਦੇ ਅਜਿਹੇ ਕਿਰਦਾਰ ਹਨ ਜੋ ਇੰਗਲੈਂਡ ਵਿੱਚ ਅੰਗਰੇਜ਼ੀ ਰਿਆਸਤੀ ਜੀਵਨ ਜੀਅ ਰਹੇ ਹੋਣ ਪਰ ਜਿਨ੍ਹਾਂ ਵਿੱਚ ਅਜਿਹੀ ਹਿੰਮਤ ਹੋਵੇ ਕਿ ਉਹ ਮਲਕਾ ਐਲਜਾਬ੍ਰਥ ਨੂੰ ਸ਼ਰਮਿੰਦਾ ਕਰਨ ਲਈ ਬਰਤਾਨਵੀ ਮੀਡੀਆ ਵਿੱਚ ਆਪਣੇ ਪਿਛੋਕੜ ਬਾਰੇ ਖੁੱਲ ਕੇ ਦੱਸਣ। ਕੀ ਤੁਸੀਂ ਇਹ ਵੀ ਨਹੀਂ ਜਾਨਣਾ ਚਾਹੋਗੇ ਕਿ ਬਰਤਾਨੀਆ ਸਿੱਖਾਂ ਤੋਂ ਕਿੰਨਾ ਡਰਦਾ ਸੀ? ਉਨ੍ਹਾਂ ਨੇ ਫਰਾਂਸੀਸੀ ਕਲੋਨੀ ਪੌਂਡੀਚੇਰੀ ਵਿੱਚ ਠਾਕੁਰ ਸਿੰਘ ਸੰਧਾਵਾਲੀਆ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਤਾਂ ਜੋ ਉਹ ਮਹਾਰਾਜਾ ਦਲੀਪ ਸਿੰਘ ਨਾਲ ਮੁਲਾਕਾਤ ਨਾ ਕਰ ਸਕੇ। ਇਸ ਫਿਲਮ ਤੋਂ ਬਾਅਦ, ਸਿੱਖ ਸ਼ਾਇਦ ਅੰਗਰੇਜ਼ਾਂ ਨੂੰ ਉਨ੍ਹਾਂ ਦੇ ਧੋਖੇ ਲਈ ਕਦੀ ਵੀ ਮੁਆਫ ਨਾ ਕਰ ਸਕਣ। ਪਰ ਨਾਲ ਹੀ ਇਹ ਦੇਖ ਕੇ ਵੀ ਚੰਗਾ ਲੱਗਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਫਾਦਾਰ ਕਰਨਲ ਹਬਰਾਨ ਨੇ ਬੱਚੇ ਮਹਾਰਾਜਾ ਦਲੀਪ ਸਿੰਘ ਦੀ ਜਾਨ ਬਚਾਈ। ਇਹ ਵੀ ਦੇਖ ਕੇ ਚੰਗਾ ਲੱਗਾ ਕਿ ਜਦੋਂ ਮਹਾਰਾਜਾ ਦਲੀਪ ਸਿੰਘ ਦੇ ਆਖਰੀ ਦਿਨਾਂ ਵਿੱਚ ਬਰਤਾਨਵੀ ਮਹਾਰਾਣੀ ਉਸ ਨੂੰ ਮਿਲਣ ਆਈ ਤਾਂ ਉਸ ਨੇ ਪਛਤਾਵੇ ਦੇ ਸ਼ਬਦ ਬੋਲੇ। ਪਰ ਹੁਣ ਸਮਾਂ ਬਹੁਤ ਅੱਗੇ ਲੰਘ ਚੁੱਕਾ ਸੀ।

ਮਹਾਰਾਜਾ ਦਲੀਪ ਸਿੰਘ ਜਦ ਫਿਲਮ ਵਿੱਚ ਥੋੜੀ ਦੇਰ ਲਈ ਆਪਣੀ ਤਲਵਾਰਬਾਜ਼ੀ ਦੇ ਹੁਨਰ ਦਿਖਾਉਂਦੈ ਅਤੇ ਫਰਾਂਸੀਸੀ ਅਤੇ ਰੂਸੀ ਰੂਪੋਸ਼ ਕਾਰਕੁੰਨਾ ਨਾਲ ਬਰਤਾਨਵੀ ਤਖਤ ਪਲਟਣ ਦੀਆਂ ਸਾਜਿਸ਼ਾਂ ਰਚਦੈ ਤਾਂ ਹਰੀ ਸਿੰਘ ਨਲੂਏ ਅਤੇ ਬਾਬਾ ਬਘੇਲ ਸਿੰਘ ਦੀ ਯਾਦ ਆ ਜਾਂਦੀ ਹੈ।

ਫਿਲਮ ਵਿੱਚ ਮਹਾਰਾਣੀ ਜਿੰਦਾਂ ਦੀ ਪੰਜਾਬੀ ਵੀ ਮਨ ਮੋਹ ਲੈਂਦੀ ਹੈ। ਸ਼ਬਾਨੀ ਆਜ਼ਮੀ ਨੇ ਕਰੜੀ ਮੁਸ਼ੱਕਤ ਨਾਲ ਬੋਲੇ ਸੰਵਾਦ ਯਾਦਗਾਰੀ ਬਣ ਗਏ ਹਨ। ਕਿੰਨੇ ਸਹਿਜ ਨਾਲ ਉਹ ਬਰਤਾਨਵੀ ਮਹਾਰਾਣੀ ਨੂੰ ਕਹਿੰਦੀ ਹੈ, "ਇਹ ਪਿਆਲੀਆਂ ਪਹਿਲਾਂ ਕਿਧਰੇ ਦੇਖੀਆਂ ਹਨ। ਇਹ ਉਹੀ ਤਾਂ ਨਹੀਂ ਜੋ ਤੁਸੀਂ ਚੋਰੀ ਕਰਕੇ ਲਿਆਏ ਹੋ"? ਪਿਆਲੀਆਂ ਦੀ ਜ਼ੁਬਾਨੀ ਸਿੱਖ ਰਾਜ ਦੇ ਚੋਰੀ ਕੀਤੇ ਜਾਣ ਦਾ ਇਹ ਜ਼ਿਕਰ ਕਮਾਲ ਦਾ ਹੈ।

ਗੁਲਜ਼ਾਰ ਦੀ ਦਸਤਾਵੇਜੀ ਫਿਲਮ ਮਾਚਿਸ ਦੇਖ ਕੇ ਬੜੇ ਲੰਬੇ ਸਮੇਂ ਤੱਕ ਮੇਰੇ ਲਈ ਤੱਬੂ ਇੱਕ ਸਿੱਖ ਜੁਝਾਰੂ ਦੀ ਭੈਣ ਹੀ ਸੀ, ਇਸੇ ਤਰ੍ਹਾਂ ਹੁਣ ਬੜੇ ਲੰਬੇ ਸਮੇਂ ਤੱਕ ਸਿੱਖ ਸ਼ਬਾਨੀ ਆਜ਼ਮੀ ਨੂੰ ਮਹਾਰਾਣੀ ਜਿੰਦਾਂ ਕਰਕੇ ਹੀ ਜਾਨਣਗੇ।

ਐਂਗਲੋ ਸਿੱਖ ਇਤਿਹਾਸ 'ਤੇ ਬਣੀ ਫਿਲਮ ਦ ਬਲੈਕ ਪ੍ਰਿੰਸ' ਇੱਕ ਇਮਾਨਦਾਰ ਯਤਨ ਹੈ ਇਤਿਹਾਸ ਦੇ ਪੰਨਿਆਂ ਨੂੰ ਫਿਲਮ 'ਤੇ ਉਜਾਗਰ ਕਰਨ ਦਾ। ਫਿਲਮ ਸਿੱਖਾਂ ਨੂੰ ਆਪਣੇ ਵਿਰਸੇ ਦੀ ਨਜ਼ਰਸ਼ਾਨੀ ਕਰਨ ਲਈ ਮਜ਼ਬੂਰ ਕਰਦੀ ਹੈ। ਦੋ ਘੰਟਿਆਂ ਬਾਅਦ ਸਿੱਖੀ ਜਜ਼ਬਾ ਮਹਾਰਾਣੀ ਜਿੰਦਾਂ ਦੇ ਮਹਾਰਾਜਾ ਦਲੀਪ ਸਿੰਘ ਨੂੰ ਬੋਲੇ ਗਏ ਉਹ ਬੋਲ ਭੁਲਾ ਨਹੀਂ ਸਕਦੇ। "ਆਪਣੀ ਤਲਵਾਰ ਉਠਾ ਤੇ ਆਪਣਾ ਰਾਜ ਵਾਪਿਸ ਲੈ"।

ਕੀ ਮਹਾਰਾਣੀ ਜਿੰਦਾਂ ਸਿਰਫ ਮਹਾਰਾਜਾ ਦਲੀਪ ਸਿੰਘ ਨੂੰ ਇਹ ਗੱਲ ਕਹਿ ਰਹੀ ਹੈ? ਨਹੀਂ। ਉਹ ਮੈਨੂੰ ਵੀ ਕਹਿ ਰਹੀ ਹੈ, ਤੁਹਾਨੂੰ ਵੀ ਕਹਿ ਰਹੀ ਹੈ ਤੇ ਹਰ ਸਿੱਖ ਨੂੰ ਕਹਿ ਰਹੀ ਹੈ।

# ਸਿੱਖ ਰਾਜ ਦੇ ਭਰਮ ਭੁਲੇਖੇ ਤੇ 'ਬਲੈਕ ਪ੍ਰਿੰਸ' ਦਲੀਪ ਸਿੰਘ

**ਗੁਲਜ਼ਾਰ ਸਿੰਘ ਸੰਧੂ**

ਮੈਂ ਅੱਜ ਦੀ ਗੱਲ ਆਪਣੇ ਜੱਦੀ ਪੁਸ਼ਤੀ ਖੇਤਰ ਤੋਂ ਸ਼ੁਰੂ ਕਰਦਾ ਹਾਂ। 'ਦ ਬਲੈਕ ਪ੍ਰਿੰਸ' ਫ਼ਿਲਮ ਵਿਚ ਮਹਾਰਾਜਾ ਦਲੀਪ ਸਿੰਘ ਦਾ ਰੋਲ ਨਿਭਾਉਣ ਵਾਲਾ ਸੂਫ਼ੀ ਗਾਇਕ



ਸਤਿੰਦਰ ਸਰਤਾਜ ਮੇਰਾ ਗਰਾਈਂ ਹੈ। ਉਸ ਦਾ ਪਿੰਡ ਬਜਰੌੜ ਤੇ ਮੇਰਾ ਪਿੰਡ ਸੂਨੀ ਚੰਡੀਗੜ੍ਹ-ਹੁਸ਼ਿਆਰਪੁਰ ਸੜਕ 'ਤੇ ਪੈਂਦੇ ਹਨ। ਬਜਰੌੜ ਮਾਹਿਲਪੁਰ ਤੋਂ 8 ਕਿਲੋਮੀਟਰ ਹੁਸ਼ਿਆਰਪੁਰ ਵੱਲ ਨੂੰ ਹੈ ਤੇ ਸੂਨੀ ਏਨੀ ਹੀ ਦੂਰੀ ਉੱਤੇ ਗੜ੍ਹਸ਼ੰਕਰ ਵੱਲ ਨੂੰ। ਸਰਤਾਜ ਚੜ੍ਹਦੀ ਉਮਰੇ 'ਸਾਈਂ ਵੇ ਸਾਈਂ' ਗਾ ਕੇ ਗੀਤ ਸੰਗੀਤ ਦੀ ਦੁਨੀਆਂ ਦਾ ਉਭਰਦਾ ਸਿਤਾਰਾ ਬਣ ਗਿਆ।



ਬਜਰੌੜ ਵਾਲ ਸਰਤਾਜ ਸੈਨਹੋਜ਼ੇ (ਅਮਰੀਕਾ) ਵਿਚ ਸ਼ੋਅ ਕਰਨ ਗਿਆ ਤਾਂ ਮਿੱਡੂ ਖੇੜਾ (ਡੱਬਵਾਲੀ ਨੇੜਲੇ ਪਿੰਡ) ਦੇ ਜੰਮਪਲ ਤੇ ਪ੍ਰਸਿੱਧ ਤੈਰਾਕ ਜਸਜੀਤ ਦੀ ਨਜ਼ਰੀ ਚੜ੍ਹ ਗਿਆ। ਜਸਜੀਤ ਵਾਟਰ ਪੋਲੋ ਖੇਡ ਵਿੱਚ ਸੋਵੀਅਤ ਰੂਸ ਵਿਖੇ ਭਾਰਤ ਦੀ ਪ੍ਰਤੀਨਿਧਤਾ ਕਰ ਚੁੱਕਿਆ ਹੈ। ਉਹ ਵਿਦੇਸ਼ ਜਾਣ ਤੋਂ ਪਹਿਲਾਂ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਪਟਿਆਲਾ ਵਿਚ ਕੋਚ ਰਹਿ ਚੁੱਕਿਆ ਹੈ ਤੇ ਸਰਤਾਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸੰਗੀਤ ਅਧਿਆਪਕ। ਤੈਰਾਕ ਤੇ ਗਾਇਕ ਦੀ ਲੰਮੇ ਪੈਂਡੇ ਮਾਰਨ ਵਾਲੀ ਜੋੜੀ ਦਾ ਕੋਈ ਜਵਾਬ ਨਹੀਂ। ਇਸ ਜੋੜੀ ਦੀ ਕਲਾ ਦੀ ਸਿਖਰ 'ਦ ਬਲੈਕ ਪ੍ਰਿੰਸ' ਨਾਂ ਦੀ ਫ਼ਿਲਮ ਹੈ। ਏਸ ਪੇਸ਼ਕਾਰੀ ਵਿਚ ਸ਼ਬਾਨਾ ਆਜ਼ਮੀ ਤੋਂ ਰਾਣੀ ਜਿੰਦਾ ਦਾ ਰੋਲ ਕਰਵਾਉਣਾ ਸਿਖਰਾਂ ਦੀ ਸਿਖਰ ਛੂਹਣ ਵਾਂਗ ਹੈ। ਸ਼ਬਾਨਾ ਪ੍ਰਸਿੱਧ ਉਰਦੂ ਸ਼ਾਇਰ ਕੈਫ਼ੀ ਆਜ਼ਮੀ ਦੀ ਬੇਟੀ ਹੈ। ਮੈਂ ਸ਼ਬਾਨਾ ਦੀ ਅਦਾਕਾਰੀ ਦਾ ਮੱਦਾਹ ਹਾਂ। ਪੰਜਾਬੀ ਉਸ ਦੀ ਮਾਂ ਬੋਲੀ ਨਹੀਂ। ਉਹ ਨਹੀਂ ਸੀ ਜਾਣਦੀ ਕਿ ਰਾਣੀ ਜਿੰਦਾਂ ਦਾ ਰੋਲ ਕਰਨ ਸਮੇਂ ਉਸ ਨੂੰ ਪੰਜਾਬੀ ਬੋਲਣੀ ਪਵੇਗੀ ? ਪਰ ਉਸ ਨੇ ਆਪਣੀ ਅਦਾਕਾਰੀ ਨਾਲ ਰਾਣੀ ਜਿੰਦਾਂ ਨੂੰ ਮੁੜ ਜਿਉਂਦੀ ਕਰ ਦਿੱਤਾ ਹੈ। ਮੇਰੀ ਨਜ਼ਰ ਵਿਚ 'ਦੀ ਬਲੈਕ ਪ੍ਰਿੰਸ' ਫ਼ਿਲਮ ਦਾ ਨਾਇਕ ਦਲੀਪ ਸਿੰਘ ਉਹ ਸਿਖਰਾਂ ਨਹੀਂ ਛੂੰਹਦਾ ਜੋ ਉਸ ਦੀ ਮਾਂ ਜਿੰਦਾਂ ਛੂੰਹਦੀ ਹੈ। ਇਸ ਲਈ ਵੀ ਕਿ ਸ਼ਬਾਨਾ ਏਸ ਦਨੀਆਂ ਵਿਚ ਪਹਿਲਾਂ ਹੀ ਨਾਮਣਾ ਖੱਟ ਚੁੱਕੀ ਹੈ ਤੇ ਸਰਤਾਜ ਇਸ ਵਿਚ ਨਵਾਂ ਹੈ। ਉਂਝ ਨਵੇਂ ਖਿਲਾੜੀ ਵਜੋਂ ਉਸ ਦਾ ਰੋਲ ਸ਼ਲਾਘਾਯੋਗ ਹੈ, ਖਾਸ ਕਰਕੇ ਪਹਿਲੇ ਅੱਧ ਵਿੱਚ ਮਾਂ ਜਿੰਦਾਂ ਨੂੰ ਮਿਲਣ ਦੀ ਤਾਂਘ ਵਿਚ ਉਦਾਸੀ ਦੇ ਪਲਾਂ ਨੂੰ ਜੀਊਣ ਸਮੇਂ।

ਮੈਂ ਗੀਤ ਸੰਗਤ ਦੀ ਦੁਨੀਆਂ ਦਾ ਬੰਦਾ ਨਹੀਂ। ਫ਼ਿਲਮੀ ਦੁਨੀਆਂ ਦਾ ਉੱਕਾ ਹੀ ਨਹੀਂ। ਮੈਂ ਸ਼ਬਾਨਾ ਦੇ ਪਿਤਾ ਕੈਫੀ ਆਜ਼ਮੀ ਨੂੰ ਮਿਲਿਆ ਸਾਂ। ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਰਿਸਰਚ (ਕਰਿਡ) ਚੰਡੀਗੜ੍ਹ ਦੇ ਇਕ ਫੰਕਸ਼ਨ ਸਮੇਂ। ਕੈਫੀ ਆਜ਼ਮੀ ਨੇ ਆਪਣੀ ਸ਼ਾਇਰੀ ਪੇਸ਼ ਕਰਦੇ ਸਮੇਂ ਮੰਨਿਆ ਸੀ ਕਿ ਧੀ ਦੀ ਚੜ੍ਹਤ ਤੋਂ ਪਿਛੋਂ ਉਸ ਨੂੰ ਉਸ ਦੇ ਮੱਦਾਹ ਸ਼ਾਇਰ ਕੈਫੀ ਆਜ਼ਮੀ ਦੀ ਥਾਂ ਸ਼ਬਾਨਾ ਆਜ਼ਮੀ ਦੇ ਪਿਤਾ ਵਜੋਂ ਵਧੇਰੇ ਵਡਿਆਉਂਦੇ ਹਨ। ਇਹ ਪੰਝੀ ਸਾਲ ਪਹਿਲਾਂ ਦੀ ਗੱਲ ਹੈ।

ਨਿਸਚੇ ਹੀ ਬਲੈਕ ਪ੍ਰਿੰਸ ਦੀ ਸਫ਼ਲਤਾ ਦਾ ਸਿਹਰਾ ਸ਼ਬਾਨਾ ਆਜ਼ਮੀ ਦੇ ਸਿਰ ਬਝਦਾ ਹੈ। ਜਸਜੀਤ ਟੀਮ ਦੀ ਮਾਇਕ ਅਤੇ ਹੋਰ ਸਹਾਇਤਾ ਤੇ ਸਰਤਾਜ ਦੀ ਕਲਾ ਦਾ ਕਮਾਲ ਇਸ ਵਿਚ ਹੈ ਕਿ ਉਹ ਸ਼ਬਾਨਾ ਨੂੰ ਆਪਣੇ ਨਾਲ ਗੰਢਣ ਵਿੱਚ ਸਫ਼ਲ ਹੋ ਗਏ।

ਦਲੀਪ ਸਿੰਘ ਪੰਜਾਬੀਆਂ ਦਾ ਅਜਿਹਾ ਨਾਇਕ ਸੀ ਜਿਹੜਾ ਮਹਾਰਾਣੀ ਵਿਕਟੋਰੀਆ ਦਾ ਪਿਆਰਾ ਪ੍ਰਿੰਸ ਹੋਣ ਦੇ ਬਾਵਜੂਦ ਜ਼ਿੰਦਗੀ ਭਰ ਮਾਨਸਿਕ ਤਣਾਓ ਦਾ ਸ਼ਿਕਾਰ ਰਿਹਾ। ਇਸ ਤਣਾਓ ਨੂੰ ਸਿਰੇ ਤੱਕ ਨਿਭਾਉਣਾ ਕਿਸੇ ਵੀ ਅਭਿਨੇਤਾ ਦੇ ਵੱਸ ਦਾ ਰੋਗ ਨਹੀਂ। ਸਤਿੰਦਰ ਸਰਤਾਜ ਦੋ ਪੁੜਾਂ ਵਿਚ ਠੀਕ ਹੀ ਪਿਸਿਆ। ਇੱਕ ਪਾਸੇ ਪਾਲਣ ਪੋਸਣ ਵਾਲਿਆਂ ਦਾ ਈਸਾਈ ਧਰਮ ਤੇ ਬਰਤਾਨਵੀ ਰਾਜ ਦੀ ਸ਼ਕਤੀ ਹੈ ਤੇ ਦੂਜੇ ਪਾਸੇ ਜੱਦੀ ਪੁਸ਼ਤੀ ਬਾਦਸ਼ਾਹੀ ਅਣਖੀਲਾ ਸਿੱਖ ਧਰਮ। ਉਸ ਦੀ ਪੇਸ਼ਕਾਰੀ ਦੋਨਾਂ ਪੁੜਾਂ ਵਿੱਚ ਪਿਸਣੀ ਹੀ ਸੀ।

ਫਿਲਮ ਗੁੰਝਲਦਾਰ ਜੀਵਨ ਦੀ ਤਸੱਲੀਬਖ਼ਸ਼ ਪੇਸ਼ਕਾਰੀ ਵਿਚ ਸਫ਼ਲ ਹੈ। ਇਸ ਦੀ ਸਫ਼ਲਤਾ ਦਾ ਇਕ ਪੈਮਾਨਾ ਇਹ ਵੀ ਹੈ ਕਿ ਇਸ ਨੇ ਕੁੱਲ ਦੁਨੀਆਂ ਵਿੱਚ ਮਹਾਰਾਜਾ ਦੇ ਜੀਵਨ ਨਾਲ ਸਬੰਧਤ ਵਾਦ ਵਿਵਾਦ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਵਿਚ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਨੂੰ ਪੰਜਾਬ ਲਿਆ ਕੇ ਉਸ ਦਾ ਸਸਕਾਰ ਸਿੱਖੀ ਮਰਿਆਦਾ ਨਾਲ ਕਰਨ ਦੀ ਮੰਗ ਪ੍ਰਮੁੱਖ ਹੈ।

ਜਿਥੋਂ ਤੱਕ ਮੇਰੇ ਨਿੱਜ ਦਾ ਸਬੰਧ ਹੈ ਮੈਨੂੰ ਇਸ ਦੇ ਪ੍ਰੀਮੀਅਰ ਸ਼ੋਅ ਉਤੇ ਚਿਰਾਂ ਦੇ ਮਿਲੇ ਸਾਥੀ ਮੁੜ ਮਿਲੇ। ਕੁਝ ਇਕ ਦੇ ਨਾਂ ਜਿਨ੍ਹਾਂ ਵਿਚ ਬਲਬੀਰ ਸਿੰਘ ਹਾਕ ਓਲੰਪੀਅਨ, ਸਿਆਸਤਦਾਨ ਬੀਰ ਦਵਿੰਦਰ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਚੀਮਾ ਤੇ ਭਾਈ ਅਸ਼ੋਕ ਸਿੰਘ ਬਾਗੜੀਆ, ਸਾਹਿਤਕਾਰਾ ਦਲੀਪ ਕੌਰ ਟਿਵਾਣਾ, ਪੱਤਰਕਾਰਾਂ ਵਿਚੋਂ ਸੁਖਦੇਵ ਭਾਈ, ਜਗਤਾਰ ਸਿੰਘ ਤੇ ਕਰਮਜੀਤ ਸਿੰਘ ਅਤੇ ਅੱਧੀ ਦਰਜਨ ਮੇਰੇ ਪਰਿਵਾਰਕ ਮੈਂਬਰ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਹੁਣ ਕਦੀ ਕਦਾਈ ਹੀ ਮਿਲਦੇ ਹਾਂ। ਮਿਲਾਉਣ ਵਾਲਾ ਮੇਰਾ ਪੱਤਰਕਾਰ ਮਿੱਤਰ ਦਲਜੀਤ ਸਿੰਘ ਤੇ ਉਸ ਦੀ ਜੀਵਨ ਸਾਥਣ ਇੰਦਰਜੀਤ ਹਨ। ਮੈਨੂੰ ਅਫਸੋਸ ਹੈ ਕਿ ਮੈਂ ਉਨ੍ਹਾਂ ਨੂੰ ਆਪਣੇ ਮਿੱਤਰਾਂ ਰਛਪਾਲ ਮਲਹੋਤਰਾ ਤੇ ਠਾਕਰ ਸਿੰਘ ਸੰਧਾਂਵਾਲੀਆਂ ਦੀ ਵੰਸ ਦੇ ਅੰਮ੍ਰਿਤਸਰ ਨਿਵਾਸੀ ਸੁਖਦੇਵ ਸਿੰਘ ਸੰਧਾਂਵਾਲੀਆ ਦੇ ਨਾਂ ਦੇਣੇ ਭੁੱਲ ਗਿਆ। ਨਹੀਂ ਤਾਂ ਉਹ ਵੀ ਹਾਜ਼ਰ ਹੋ ਸਕਦੇ ਸਨ।

'ਦੀ ਬਲੈਕ ਪ੍ਰਿੰਸ' ਦੀ ਪੇਸ਼ਕਾਰੀ ਚੇਤੇ ਰਹੇਗੀ। ਮਿੱਤਰ ਮਿਲਣ ਕਰਕੇ ਹੋਰ ਵੀ। ਹੁਣ ਉਮਰਾਂ ਤੇ ਸਿਹਤ ਦੇ ਤਕਾਜ਼ੇ ਮਿੱਤਰ ਮਿਲਣੀਆਂ ਦੇ ਰਾਹ ਵਿਚ ਰੁਕਾਵਟਾਂ ਪਾਉਂਦੇ ਹਨ। ਫ਼ਿਲਮ ਰਾਜਸੀ ਦਾਇਰਿਆਂ ਤੋਂ ਪਾਰ ਜਾਂਦਿਆਂ ਸਿੱਖ ਰਾਜ ਦੇ ਆਖ਼ਰੀ ਵਾਰਸ ਬਾਰੇ ਭਰਮ-ਭੁਲੇਖੇ ਤੋੜਨ ਵਾਲੀ ਹੈ।

## 'ਦਾ ਬਲੈਕ ਪ੍ਰਿੰਸ'

**ਪਾਲੀ ਭੁਪਿੰਦਰ ਸਿੰਘ**



ਫਿਲਮ ਮੁੱਕੀ ਨੂੰ ਤਿੰਨ ਘੰਟੇ ਹੋ ਚੁੱਕੇ ਨੇ ਪਰ ਲੱਗਦਾ ਹੈ, ਮੈਂ ਹਾਲਾਂ ਵੀ ਦਲੀਪ ਸਿੰਘ ਕੋਲ ਬੈਠਾ ਹਾਂ. ਉਸਨੂੰ ਆਪਣੀ ਨਾਕਾਮੀ ਉੱਤੇ ਸ਼ੋਕ ਮਨਾਉਂਦਿਆਂ ਵੇਖਦਾਂ, ਆਪਣੇ ਖੋਹ ਲਏ ਗਏ ਬਚਪਨ ਅਤੇ ਰਾਜ ਲਈ ਉਦਾਸ ਹੁੰਦਿਆਂ... ਆਪਣੇ ਬਾਪ ਦੀ ਤਲਵਾਰ ਦਾ ਸੱਚਾ ਵਾਰਿਸ ਸਾਬਿਤ ਨਾ ਹੋ ਸਕਣ ਤੇ ਮਾਂ ਨਾਲ ਵਾਅਦਾ ਨਾ ਨਿਭਾ ਸਕਣ ਦਾ ਸੰਤਾਪ ਹੰਢਾਉਦਿਆਂ ਵੇਖਦਾਂ...

ਮੈਂ ਅਮਰੀਕਾ ਵਾਲੇ ਆਪਣੇ ਮਿੱਤਰਾਂ ਕੋਲੋਂ ਕਵੀ ਰਾਜ ਦਾ ਬਹੁਤ ਨਾਂ ਸੁਣਿਆ ਸੀ ਪਰ ਅੱਜ ਉਸਦਾ ਕੰਮ ਵੇਖ ਕੇ ਉਸਦੀ ਨਿਰਦੇਸ਼ਕੀ ਪ੍ਰਤਿਭਾ ਦਾ ਕਾਇਲ ਹੋ ਗਿਆ ਹਾਂ। ਸੀਨ-ਮੇਕਿੰਗ ਉੱਤੇ ਕਵੀਰਾਜ ਦੀ ਕਮਾਲ ਦੀ ਪਕੜ ਹ। ਹਾਲੀਵੁੱਡ ਫਿਲਮਾਂ ਵਰਗੇ ਨਿੱਕੇ-ਨਿੱਕੇ ਪਰ ਤਿੱਖੇ ਪ੍ਰਭਾਵਾਂ ਵਾਲੇ ਦ੍ਰਿਸ਼ ਹਨ। ਫਿਲਮ ਦੀ ਅਦਾਕਾਰੀ ਦਾ ਪੱਧਰ ਬਹੁਤ ਉੱਚਾ ਲੱਗਾ। ਸ਼ਬਾਨਾ ਤਾਂ ਸ਼ਬਾਨਾ ਹੈ। ਪਹਿਲੇ ਹੀ ਦ੍ਰਿਸ਼ ਵਿੱਚ ਜਦ ਦਲੀਪ ਨੂੰ ਆਖਦੀ ਹੈ, "ਤੇਰੀ ਉਡੀਕ ਵਿੱਚ ਤਾਂ ਮੇਰੀਆਂ ਅੱਖਾਂ ਵੀ ਫਰੇਬ ਕਰ ਗਈਆਂ!" ਤਾਂ ਇੱਕ ਮਾਂ ਦੀ ਪੁੱਤ ਲਈ ਪੰਦਰਾਂ ਸਾਲ ਦੀ ਤੜਪ ਤੁਹਾਡੇ ਸਿਰ ਚੜ੍ਹ ਬੋਲਣ ਲੱਗਦੀ ਹੈ। ਹੈਰਾਨੀ ਤਾਂ ਸਤਿੰਦਰ ਸਰਤਾਜ ਦਾ ਕੰਮ ਵੇਖ ਕੇ ਹੋਈ। ਕਮਾਲ ਦੀ ਸੁਭਾਵਿਕ ਅਦਾਕਾਰੀ। ਪਹਿਲੀ ਹੀ ਫਿਲਮ ਨਾਲ ਉਸਨੇ ਆਪਣੀ ਗਾਇਕੀ ਵਾਂਗ ਆਪਣੀ ਅਦਾਕਾਰੀ ਦੀ ਵੀ ਵੱਖਰੀ ਕਲਾਸ ਸਥਾਪਿਤ ਕਰ ਲਈ ਹੈ। ਕਲਾਈਮੈਕਸ ਉੱਤੇ ਹਾਰ ਚੁੱਕੇ ਦਲੀਪ ਸਿੰਘ ਦੇ ਸੰਤਾਪ ਨੂੰ ਉਹਨੇ ਜਿਹੜੇ ਭਾਵਾਂ ਤੇ ਅਵਾਜ ਨਾਲ ਚਿਤਰਿਆ, ਉਹ ਬੇਮਿਸਾਲ ਹੈ। ਤੇ ਗੁਸਤਾਖੀ ਹੋਵੇਗੀ ਜੇ ਜੇਸਨ ਫਲੇਮਿੰਗ (ਡਾ. ਲੋਗਨ) ਦੀ ਤਰੀਫ ਨਾ ਕੀਤੀ ਜਾਵੇ ਤਾਂ। ਦੇਸ਼ ਨੂੰ ਮੁੜਦੇ ਦਲੀਪ ਉੱਤੇ ਹੱਕ ਜਾਂਦਾ ਵੇਖ ਉਸਦੇ ਅੰਦਰ ਦੀ ਨਿਰਾਸ਼ਾ ਉਸਦੇ ਸ਼ਬਦਾਂ ਵਿੱਚੋਂ ਨਹੀਂ, ਉਸਦੀਆਂ ਅੱਖਾਂ ਵਿੱਚੋਂ ਦਿਸਦੀ ਹੈ। ਫਿਲਮ ਦਾ ਬੈਕਗਰਾਉਂਡ ਸਕੋਰ ਖਾਸ ਕਰਕੇ ਇਸਦੇ ਭਾਵਪੂਰਤ ਦ੍ਰਿਸ਼ਾਂ ਦੀ ਬਹੁਤ ਵੱਡੀ ਵਿਸ਼ੇਸ਼ਤਾ ਹੈ।

ਭਾਵੇਂ ਫਿਲਮ ਖਾਲਸਾ ਰਾਜ ਦੇ ਪਤਨ ਲਈ ਸਾਰਾ ਦੋਸ਼ ਅੰਗਰੇਜੀ ਸਾਮਰਾਜ ਸਿਰ ਮੜ੍ਹਦੀ ਹੈ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਤਖਤ ਲਈ ਹੋਈ ਖਾਨਾਜੰਗੀ, ਸਾਜਿਸ਼ਾਂ ਤੇ ਗੱਦਾਰੀ ਬਾਰੇ ਚੁੱਪ ਰਹਿੰਦੀ ਹੈ, ਫਿਰ ਵੀ ਇਹ ਫਿਲਮ ਪੰਜਾਬ ਦੇ ਇਤਿਹਾਸ ਦੇ ਬਹੁਤ ਘੱਟ ਜਾਣੇ ਜਾਂਦੇ ਆਖਰੀ ਮਹਾਰਾਜੇ ਦਲੀਪ ਸਿੰਘ ਦੇ ਜੀਵਨ ਕਾਲ ਨੂੰ ਪੂਰੇ ਵਿਸਥਾਰ ਨਾਲ ਸਾਹਮਣੇ ਲੈ ਕੇ ਆਉਣ ਕਰਕੇ ਬਹੁਤ ਮਹੱਤਵਪੂਰਨ ਹੈ। ਫਿਲਮ ਮਹਿਜ਼ ਇਤਿਹਾਸਿਕ ਦਸਤਾਵੇਜ ਬਣਨ ਦੀ ਕੋਸ਼ਿਸ਼ ਨਹੀਂ ਕਰਦੀ ਦਿਸਦੀ। ਇਕ ਨਾਟਕੀ ਪੇਸ਼ਕਾਰੀ ਹੈ। ਜਿਸਦਾ ਬਹੁਤਾ ਫ਼ੋਕਸ ਮਹਾਰਾਣੀ ਜਿੰਦਾਂ ਅਤੇ ਦਲੀਪ ਸਿੰਘ ਦੀ ਆਪਣੇ ਖੋਹੇ ਜਾ ਚੁੱਕੇ ਰਾਜ ਅਤੇ ਵਿਰਸੇ ਲਈ ਤੜਪ ਵਿਖਾਉਣ ਉੱਤੇ ਹੈ ਤੇ ਇਹੀ ਇਸਦਾ ਮੁੱਖ ਆਕਰਸ਼ਨ ਹੈ।

ਕੁਝ ਕਮੀਆਂ ਵੀ ਨੇ। ਖਾਸ ਕਰਕੇ ਕਲਾਈਮੈਕਸ ਬਿਹਤਰ ਹੋ ਸਕਦਾ ਸੀ। (ਸਕ੍ਰੀਨਪਲੇ ਵੀ) ਪਰ ਪੰਜਾਬੀ ਇਤਿਹਾਸ ਹਾਲੀਵੁੱਡ ਦੇ ਰਾਹ ਪੈ ਗਿਆ ਹੈ, ਇਹੀ ਬਹੁਤ ਵੱਡੀ ਤਸੱਲੀ ਵਾਲੀ ਗੱਲ ਹੈ। ਅੱਜ ਤੱਕ ਤਾਂ ਇਸਨੂੰ ਪਾਲੀਵੁੱਡ ਵਾਲਿਆਂ ਵੀ ਆਪਣੇ ਥੜ੍ਹੇ ਤੇ ਨਹੀਂ ਸੀ ਚੜ੍ਹਨ ਦਿੱਤਾ। ਉਮੀਦ ਹੈ, ਸਾਡੇ ਹੋਰ ਨਾਇਕਾਂ ਬਾਰੇ ਵੀ ਫਿਲਮਾਂ ਬਣਨਗੀਆਂ ਤੇ ਇੱਕੋ ਸਮੇਂ ਕਈ-ਕਈ ਬੋਲੀਆਂ ਵਿੱਚ ਰਿਲੀਜ਼ ਹੋਇਆ ਕਰਨਗੀਆਂ, ਜਿਸ ਨਾਲ ਪੰਜਾਬੀ ਫਿਲਮਾਂ ਦੀ ਮਾਰਕਿਟ ਵੱਡੀ ਹੋਵੇਗੀ. ਕਾਮਨਾ ਹੈ.....

## ਖਾਮੋਸ਼ੀ, ਖੌਲਦੇ ਖ਼ੂਤੇ ਸਿੱਖ ਰੂਹ ਦੀ ਤੜਪ ਹੈ 'ਦ ਬਲੈਕ ਪ੍ਰਿੰਸ'

**ਹਰਜੋਤ ਕੌਰ**

ਧਰਮ ਦੀ ਆੜ 'ਚ ਝੂਠ ਦਾ ਪਸਾਰਾ ਉਸ ਦੁਆਲੇ ਕਿਵੇਂ ਹੁੰਦੈ, ਇਹ ਸੱਚ ਦਰਸਾਉਂਦੀ ਹੈ ਫ਼ਿਲਮ 'ਦ ਬਲੈਕ ਪ੍ਰਿੰਸ'। ਫ਼ਿਲਮ ਕੁਲ ਮਿਲਾ ਕੇ ਬਾ-ਕਮਾਲ ਹੈ ਪਰ ਕਿਤੇ-ਕਿਤੇ ਨੀਰਸ ਜਾਪਦੀ ਹੈ ਕਿਉਂਕਿ ਸਾਧਾਰਨ ਦਰਸ਼ਕਾਂ ਦੇ



ਮਨਾਂ 'ਚ ਆਉਂਦਾ ਹੈ ਕਿ ਕਿਉਂ ਨਹੀਂ ਇਨ੍ਹਾਂ ਨੇ ਕੁਝ (ਮਨੋਰੰਜਨ) ਕੀਤਾ ? ਸੋ, ਜੇ ਤੁਸੀਂ ਮਨੋਰੰਜਨ ਤਲਾਸ਼ ਰਹੇ ਹੋ, ਮਸਾਲਾ ਤਲਾਸ਼ ਰਹੇ ਹੋ, ਤਾਂ ਇਹ ਫ਼ਿਲਮ ਤੁਹਾਡੇ ਲਈ ਨਹੀਂ ਹੈ। ਪਰ ਹਰ ਪੰਜਾਬੀ, ਖ਼ਾਸ ਤੌਰ 'ਤੇ ਸਿੱਖ ਲਈ ਇਹ ਫ਼ਿਲਮ ਵੇਖਣੀ ਲਾਜ਼ਮੀ ਹੈ। ਖਾਮੋਸ਼ੀ, ਖੌਲਦੇ ਖ਼ੂਤੇ ਰੂਹ ਦੀ ਤੜਪ ਹੈ 'ਮਹਾਰਾਜਾ ਦਲੀਪ ਸਿੰਘ' (ਦਾ ਬਲੈਕ ਪ੍ਰਿੰਸ)। ਸਿੱਖ ਰਾਜ ਦੇ ਖੁੱਸਣ ਤੋਂ ਬਾਅਦ ਧੋਖਾ-ਫ਼ਰੇਬ ਅਤੇ ਧਰਮ ਦੀ ਆੜ 'ਚ ਝੂਠ ਦਾ ਪਸਾਰਾ ਉਸ ਦੁਆਲੇ ਕਿਵੇਂ ਹੁੰਦੈ, ਇਹ ਸਭ ਦਰਸਾਉਂਦੀ ਹੈ ਇਹ ਫ਼ਿਲਮ। ਸਿੱਖ ਇਤਿਹਾਸ ਦੇ ਸੁਨਹਿਰੇ ਪੰਨੇ ਜੋ ਝੂਠੀਆਂ ਅਫ਼ਵਾਹਾਂ, ਬਦਨਾਮੀ ਤੇ ਗੱਦਾਰੀ ਦੇ ਮਲਬੇ ਹੇਠ ਕਿਤੇ ਲੁਕਿਆ ਹੋਇਆ ਸੀ, ਉਨ੍ਹਾਂ ਨੂੰ ਦਰਸਾਉਂਦੀ ਹੈ 'ਮਹਾਰਾਜਾ ਦਲੀਪ ਸਿੰਘ'। ਬ੍ਰਿਲਸਟੇਨ ਐਂਟਰਟੇਨਮੈਂਟ ਪਾਰਟਨਰਸ ਦੀ ਨਿਰਮਾਤਾ ਜਸਜੀਤ ਸਿੰਘ ਅਤੇ ਨਿਰਦੇਸ਼ਕ ਕਵੀ ਰਾਜ ਦੀ ਇਹ ਫ਼ਿਲਮ ਆਪਣੇ-ਆਪ 'ਚ ਇਕ ਇਤਿਹਾਸ ਸਿਰਜਣ ਦੀ ਸਮਰੱਥਾ ਰੱਖਦੀ ਹੈ।

ਫ਼ਿਲਮ ਦੀ ਕਹਾਣੀ ਸਭ ਪੰਜਾਬੀਆਂ ਨੂੰ ਪਤਾ ਹੈ ਕਿ ਸਿੱਖ ਰਾਜ ਕਿਵੇਂ ਗਿਆ ਅਤੇ ਉਸ ਤੋਂ ਬਾਅਦ ਉਸ ਦੇ ਆਖ਼ਰੀ ਰਾਜੇ ਨੂੰ ਕਿਸ ਤਰ੍ਹਾਂ ਗੁੰਮਰਾਹ ਕਰਕੇ ਉਸ ਦੁਆਲੇ ਝੂਠ ਤੇ ਫ਼ਰੇਬ ਦੀਆਂ ਕੰਧਾਂ ਬਣਾ ਕੇ ਉਸ ਦੀ ਪਰਵਰਸ਼ ਹੋਈ ਤੇ ਫਿਰ ਕਿਸ ਤਰ੍ਹਾਂ ਝੂਠ ਦੀ ਉਸ ਚਾਰ-ਦੀਵਾਰੀ 'ਚੋਂ ਬਾਹਰ ਨਿਕਲ ਕੇ ਉਹ ਆਪਣੇ ਰਾਜ-ਭਾਗ ਨੂੰ ਹਾਸਲ ਕਰਨ ਲਈ ਤੜਫ ਕੇ ਉਠਦਾ ਹੈ। ਅਸਲ 'ਚ ਕਹਾਣੀ ਹੈ ਆਪਣੇ ਵਜੂਦ ਦੀ, ਆਪਣੇ-ਆਪ ਨੂੰ ਪਛਾਨਣ ਦੀ। ਫ਼ਿਲਮ 'ਚ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਉਣ ਦੀ ਵੱਡੀ ਜ਼ਿੰਮੇਵਾਰੀ ਨਿਭਾਈ ਹੈ। ਕਿਸੇ ਲਈ ਵੀ ਸ਼ੇਰ-ਏ-ਪੰਜਾਬ ਦੇ ਫ਼ਰਜ਼ੰਦ ਦਾ ਕਿਰਦਾਰ ਨਿਭਾਉਣਾ, ਉਹ ਵੀ ਆਪਣੀ ਪਹਿਲੀ ਫ਼ਿਲਮ 'ਚ ਬਹੁਤ ਮੁਸ਼ਕਲ ਹੈ ਪਰ ਸਰਤਾਜ ਨੇ ਤਨਦੇਹੀ ਨਾਲ ਆਪਣੀ ਕੋਸ਼ਿਸ਼ ਕੀਤੀ ਹੈ। ਇਕ ਸਿੱਖ ਬੱਚਾ ਜਿਸ ਨੂੰ ਈਸਾਈ ਬਣਾ ਦਿੱਤਾ ਜਾਂਦਾ ਹੈ, ਕਿਸ ਤਰੀਕੇ ਨਾਲ ਉਸ ਨੂੰ ਅੰਗਰੇਜ਼ੀ ਰੰਗ-ਢੰਗ 'ਚ ਢਾਲ ਦਿੱਤਾ ਜਾਂਦਾ ਹੈ, ਕਿਸ ਤਰ੍ਹਾਂ ਉਸ ਦੀ ਪਛਾਣ ਤੋਂ ਉਸ ਨੂੰ ਵਿਰਵਾ ਰਖਿਆ ਜਾਂਦਾ ਹੈ, ਇਹ ਸਭ ਸਰਤਾਜ ਨੇ ਆਪਣੇ ਕਿਰਦਾਰ 'ਚ ਉਤਾਰਿਆ ਹੈ।

ਸ਼ਬਾਨਾ ਆਜ਼ਮੀ ਨੇ ਰਾਣੀ ਜਿੰਦ ਕੌਰ ਦਾ ਕਿਰਦਾਰ ਨਿਭਾਇਆ ਹੈ, ਜੋ ਕੋਈ ਹੋਰ ਨਹੀਂ ਨਿਭਾ ਸਕਦਾ ਸੀ। ਇਕ ਮਾਂ ਦਾ ਆਪਣੇ ਪੁੱਤਰ ਦੇ ਵਿਜੋਗ 'ਚ ਵਿਰਲਾਪ ਅਤੇ ਇਕ ਮਹਾਰਾਣੀ ਦਾ ਮਾਣ-ਸਨਮਾਨ ਆਪਣੇ ਕਿਰਦਾਰ 'ਚ ਖੁੱਭ ਕੇ ਵਿਖਾਇਆ ਹੈ ਸ਼ਬਾਨਾ ਆਜ਼ਮੀ ਨੇ। ਮਹਾਰਾਣੀ ਵਿਕਟੋਰੀਆ ਦਾ ਕਿਰਦਾਰ ਅਮਾਂਡਾ ਰੂਟ ਨੇ ਨਿਭਾਇਆ ਹੈ ਅਤੇ ਰਾਣੀ ਦਾ ਘਮੰਡ ਉਸ ਦੀ ਮੁਸਕੁਰਾਹਟ ਪਿਛਲੇ ਫ਼ਰੇਬ ਨੂੰ ਅਮਾਂਡਾ ਨੇ ਬਾਖ਼ੂਬੀ ਪੇਸ਼ ਕੀਤਾ ਹੈ। ਇਕ ਹੋਰ ਅਹਿਮ ਕਿਰਦਾਰ ਹੈ ਡਾ. ਲੋਗਨ ਦਾ, ਜੋ ਜੇਸਨ ਫ਼ਲੇਮਿੰਗ ਨੇ ਪਰਦੇ 'ਤੇ ਉਤਾਰਿਆ ਹੈ ਤੇ ਜੇਸਨ ਨੇ ਇਸ ਕਿਰਦਾਰ ਨਾਲ ਇਨਸਾਫ਼ ਕੀਤਾ ਹੈ। ਇਸ ਤੋਂ ਇਲਾਵਾ ਹੋਰ ਕਈ ਅਦਾਕਾਰ ਨੇ ਜਿਨ੍ਹਾਂ ਨੇ ਆਪਣੇ-ਆਪਣੇ ਕਿਰਦਾਰ ਵਧੀਆ ਨਿਭਾਏ ਹਨ, ਜਿਵੇਂ ਰੂਪ ਮੇਗਨ, ਅਮੀਤ ਚੰਨਾ ਤੇ ਹੋਰ।

ਫ਼ਿਲਮ ਦਾ ਨਿਰਦੇਸ਼ਨ ਕਵੀ ਰਾਜ ਨੇ ਕੀਤਾ ਹੈ ਅਤੇ ਬਹੁਤ ਖ਼ੂਬਸੂਰਤੀ ਨਾਲ ਕੀਤਾ ਹੈ। ਇਸ ਦਾ ਸੰਗੀਤ ਜਾਰਜ ਕੈਲਿਸ ਨੂੰ ਦਿੱਤਾ ਹੈ, ਜੋ ਕਹਾਣੀ ਪਿੱਛੇ ਚੰਗਾ ਲੱਗਦੈ ਪਰ ਕੈਮਰਾ ਤੇ ਗੀਤਾਂ ਦੇ ਬੋਲ ਫ਼ਿਲਮ 'ਚ ਜਾਨ ਪਾਉਂਦੇ ਨੇ। ਕਮਾਲ ਦੇ ਬੋਲ ਨੇ ਹਰ ਗੀਤ ਦੇ, ਜੋ ਮਹਾਰਾਜਾ ਦਲੀਪ ਸਿੰਘ ਦੇ ਮਨ ਦੇ ਭਾਵਾਂ ਨੂੰ ਪਰਦੇ 'ਤੇ ਉਤਾਰਦੇ ਨੇ। ਸਤਿੰਦਰ ਸਰਤਾਜ ਅਤੇ ਸੀਤਾ ਮੰਗਨਾਨੀ ਹੰਸ ਨੇ ਫ਼ਿਲਮ ਦੇ ਗੀਤ ਲਿਖੇ ਨੇ, ਜੋ ਵਾਕਿਆ ਈ ਕਾਬਿਲੇ-ਤਾਰੀਫ਼ ਹਨ। ਫ਼ਿਲਮ ਕੁਲ ਮਿਲਾ ਕੇ ਬਾ-ਕਮਾਲ ਹੈ ਪਰ ਜਿਹੜੇ ਮਨੋਰੰਜਨ ਤਲਾਸ਼ਦੇ ਨੇ ਮਸਾਲਾ ਤਲਾਸ਼ ਰਹੇ ਨੇ, ਇਹ ਉਨ੍ਹਾਂ ਲਈ ਨਹੀਂ ਹੈ। ਪਰ ਹਰ ਪੰਜਾਬੀ, ਖ਼ਾਸ ਤੌਰ 'ਤੇ ਸਿੱਖ ਲਈ ਇਹ ਫ਼ਿਲਮ ਵੇਖਣੀ ਲਾਜ਼ਮੀ ਹੈ।

('ਰੋਜ਼ਾਨਾ ਸਪੋਕਸਮੈਨ' 'ਚੋਂ ਧੰਨਵਾਦ ਸਹਿਤ)

## ਇੱਕ ਫੇਸਬੁੱਕੀ ਪ੍ਰਸੰਸਕ ਦੀ ਟਿੱਪਣੀ

## ਪੰਜਾਬੀ ਗਾਇਕਾਂ ਦੀ ਸਾਜਿਸ਼ੀ ਚੁੱਪ !!!!

ਜਿਓਂ ਜਿਓਂ ਸਰਤਾਜ ਦੀ 'ਦ ਬਲੈਕ ਪ੍ਰਿੰਸ' ਬਿਜਨਸ ਕਰ ਰਹੀ ਆ, ਘਟੀਆ ਜਿਹੇ ਦਰਜੇ ਦੀ ਕਮੇਡੀ ਨਾਲ ਫ਼ਿਲਮਾਂ ਚਲਾ ਕੇ ਆਮਿਰ ਖਾਨ ਦੀ ਫੀਲਿੰਗ ਲੈਣ ਵਾਲੇ ਗਾਉਣ ਵਾਲਿਆਂ ਨੂੰ ਮਿਰਗੀ ਪੈਣ ਵਾਲਾ ਕੰਮ ਹੋਇਆ ਪਿਆ... ਗਿੱਪੀ ਛਿੱਪੀ ਵਰਗਿਆਂ ਦੀਆਂ ਜਾਅਲੀ ਫ਼ਿਲਮਾਂ ਤੇ ਗਾਣਿਆਂ ਨੂੰ ਪੇਜਾਂ ਤੇ ਪਾ ਕੇ ਕਹਿਣਗੇ 'ਬਾਈ ਦਾ ਬਹੁਤ ਵਧੀਆ ਗਾਣਾ ਜਾਂ ਫਿਲਮ ਆਈ ਆ ਕਰੋ ਦੱਬ ਕੇ ਸ਼ੇਅਰ', ਸਰਤਾਜ ਦੀ ਫਿਲਮ ਨੀਂ ਸ਼ੇਅਰ ਕੀਤੀ ਕਿਓਂ ਘਟੀਆ ਸੀ ?

ਇਹਨਾਂ ਨੂੰ ਇਹ ਸ਼ੱਕ ਸੀ ਕਿ ਜੇ ਅਸੀਂ ਸ਼ੇਅਰ ਨਾ ਕੀਤੀ ਖਬਰੇ ਫਿਲਮ ਚੱਲਣੀ ਹੀ ਨੀ... ਨਾ ਉਹ ਕਾਲਜਾਂ ਚ ਪ੍ਰਮੋਸ਼ਨ ਕਰਨ ਗਿਆ, ਨਾ ਸਿਨਮਿਆਂ ਚ ਫਿਲਮ ਕਰੋੜਾਂ ਦੀ ਕਮਾਈ ਕਰਗੀ ਪਹਿਲੇ ਹਫਤੇ ਵਿਚ ਹੀ... ਅਗਲਾ ਹਾਲੀਵੁੱਡ ਚ ਝੰਡੇ ਗੱਡੀ ਬੈਠਾ, ਦੁੱਕੀ ਤਿੱਕੀ ਵਾਂਗੂੰ ਬਿੰਨੂ ਢਿੱਲੋਂ ਦਾ ਆਸਰਾ ਨੀਂ ਲੈਂਦਾ ਫਿਲਮ ਹਿੱਟ ਕਰਾਉਣ ਨੂੰ...

ਸਰਤਾਜ ਸਣੇ ਸਾਰੀ ਟੀਮ ਨੂੰ ਸਲਾਮ ਆ ਜਿਹਨੇ ਸਾਡਾ ਇਤਿਹਾਸ ਪਰਦੇ ਤੇ ਲਿਆਂਦਾ... ਕਮਾਈ ਤਾਂ ਜਿਹੜੀ ਕੀਤੀ ਉਹ ਅਲੱਗ ਪਰ ਅੱਗੋਂ ਵੱਡੇ ਫਿਲਮ ਨਿਰਮਾਤਮਾਵਾਂ ਨੂੰ ਵੀ ਹੌਂਸਲਾ ਮਿਲੇਗਾ ਕਿ ਸਿੱਖ ਇਤਿਹਾਸ ਤੇ ਫਿਲਮ ਬਣਾਉਣਾ ਕੋਈ ਘਾਟੇ ਦਾ ਸੌਦਾ ਨੀ..

# ਨਿੱਕ-ਸੁੱਕ ਕਮੀਆਂ ਫ਼ਿਲਮ ਦੇ ਵਿਸ਼ੇ, ਵਿਸ਼ਾਲਤਾ, ਕੱਦ ਅੱਗੇ ਬੌਣੀਆਂ

## ਹਾਲੇ ਤਾਂ ਸ਼ੁਰੂਆਤ ਐ ਮਿੱਤਰਾ, ਰੱਬ ਦੇ ਬਖ਼ਸ਼ੇ ਕਾਜ ਦੀਆਂ, ਬੜੀਆਂ ਲੰਮੀਆਂ ਰਾਹਵਾਂ ਨੇ ਸਤਿੰਦਰ ਤੋਂ 'ਸਰ ਤਾਜ' ਦੀਆਂ

**ਅਮਨਦੀਪ ਸਿੰਘ**
(ਮੋਬਾਈਲ : 604-363-4326)

ਆਪਣੇ ਬੜੇ ਈ ਕਰੀਬੀ ਬੇਲੀ ਦੇ ਹੰਭਲੇ ਸਦਕਾ ਪੰਜਾਬ ਦੇ ਤਖ਼ਤ ਦੇ ਆਖਰੀ ਵਾਰਸ ਤੇ ਸ਼ੇਰ ਏ ਪੰਜਾਬ, ਮਹਾਰਾਜਾ ਰਣਜੀਤ ਸਿੰਘ, ਦੇ ਫਰਜ਼ੰਦ ਦਲੀਪ ਸਿੰਘ ਦੀ ਜ਼ਿੰਦਗੀ ਨੂੰ ਪਰਦੇ ਤੇ ਪੇਸ਼ ਕਰਦੀ ਹੋਈ ਫ਼ਿਲਮ ਦੇ ਪ੍ਰੀਮੀਅਰ ਸ਼ੋਅ 'ਤੇ ਜਾਣ ਦਾ ਮੌਕਾ ਮਿਲਿਆ। ਆਪਣੀ ਆਦਤ ਮੁਤਾਬਕ ਪੜਚੋਲੀਆ ਨਿਗਾਹ ਨਾਲ ਫ਼ਿਲਮ ਵੇਖਣ ਦਾ ਮਨ ਸੀ, ਤੇ ਫ਼ਿਲਮ ਵੇਖੀ ਵੀ ਇਸੇ ਨੁਕਤਾ ਨਜ਼ਰ ਤੋਂ। ਆਂਹਦੇ ਹੁੰਦੇ ਆ ਬੀ ਬਾਂਦਰ ਭਾਵੇਂ ਬੁੱਢਾ ਹੋ ਜੇ ਪਰ ਉਲਟਬਾਜ਼ੀਆਂ ਮਾਰਨੋਂ ਨੀਂ ਹਟ ਸਕਦਾ। ਉਹੀ ਹਾਲ ਮੇਰੇ ਵਰਗੇ ਨਘੋਚੀਆਂ ਦਾ ਐ, ਕੁੱਝ ਵੀ ਹੋਵੇ, ਮੀਨ ਮੇਖ ਕੱਢਣ ਦਾ ਕੋਈ ਨਾ ਕੋਈ ਨੁਕਤਾ ਕੱਢ ਈ ਲੈਣਾ ਅਖੇ 'ਆਟਾ ਗੁੰਨ੍ਹਦੀ ਹਿਲਦੀ ਕਿਉਂ ਆਂ'। ਕਦੇ ਕਦੇ ਤਾਂ ਮੈਨੂੰ ਇਹ ਡਰ ਵੀ ਲੱਗਣ ਲੱਗ ਪੈਂਦਾ ਬੀ ਕਿਤੇ ਕਾਮਰੇਡਾਂ ਵਾਲੀਆਂ, ਹਰ ਗੱਲ ਵਿੱਚ ਨੁਕਸ ਕੱਢਣ ਵਾਲੀਆਂ ਆਦਤਾਂ ਪੱਕ ਨਾ ਜਾਣ।

ਇਸ ਲਈ 'ਦ ਬਲੈਕ ਪ੍ਰਿੰਸ' ਵੇਖ ਕੇ ਪੜਚੋਲ ਤਾਂ ਕਰਨੀ ਈ ਸੀ ਪਰ ਨਾਲ ਦੀ ਨਾਲ ਇਹ ਦੱਸ ਦੇਵਾਂ ਕਿ ਮੈਂ ਪੂਰੀ ਫ਼ਿਲਮ ਵਿਚੋਂ ਜੋ ਮਰਜ਼ੀ ਨੁਕਸ ਕੱਢੀ ਜਾਵਾਂ, ਜਿਹੜੀ ਮਰਜ਼ੀ ਊਣਤਾਈ ਦੀ ਗੱਲ ਕਰਾਂ, ਹਰ ਉਹ ਕਮੀ ਪੇਸ਼ੀ, ਫ਼ਿਲਮ ਦੇ ਵਿਸ਼ੇ, ਉਸ ਦੀ ਵਿਸ਼ਾਲਤਾ, ਤੇ ਉਸ ਦੇ ਕੱਦ ਦੇ ਸਾਹਮਣੇ ਨਿਗੂਣੀ, ਤੇ ਬੌਣੀ ਐ।

ਮੈਂ ਅਜੇ ਇੰਨਾ ਵੱਡਾ ਨੀਂ ਹੋਇਆ ਕਿ ਆਪਣੇ ਅਤੀਤ ਦਾ ਮੁਲਾਂਕਣ ਕਰ ਸਕਾਂ। ਹਥਲੀ ਪੜਚੋਲ ਵਿੱਚ ਜੇ ਕਿਸੇ ਕਮੀ ਪੇਸ਼ੀ ਦਾ ਜ਼ਿਕਰ ਮੈਂ ਕਰਾਂਗਾ ਵੀ ਤਾਂ ਉਹ ਸਿਰਫ ਤੇ ਸਿਰਫ ਪਰਦੇ ਉਤਲੀ ਪੇਸ਼ਕਾਰੀ ਨਾਲ ਸੰਬੰਧਤ ਹੋਵੇਗੀ ਨਾ ਕਿ ਵਿਖਾਏ ਗਏ ਅਤੀਤ ਨਾਲ। ਲੱਗਦੇ ਹੱਥੀਂ ਮੈਂ ਇਹ ਵੀ ਕਹਿ ਦੇਵਾਂ ਕਿ ਮੇਰੀ ਨਜ਼ਰ ਵਿਚਲੀਆਂ ਊਣਤਾਈਆਂ ਕਿਸੇ ਵੀ ਪੱਖੋਂ ਇਹ ਕਾਰਨ ਨਾ ਬਣਨ ਕਿ ਤੁਸੀਂ ਵਧੀਆ ਫ਼ਿਲਮ ਵੇਖਣ ਦਾ ਆਪਣਾ ਇਰਾਦਾ ਬਦਲ ਦੇਵੋ ਜਾਂ ਇਸ ਨੂੰ ਨਾ ਦੇਖਣ ਦਾ ਵਿਚਾਰ ਹੋਰ ਪੱਕਾ ਕਰ ਲਵੋ। ਸਗੋਂ ਮੈਂ ਉਮੀਦ ਕਰਾਂਗਾ ਕਿ ਇਹ ਪੜਚੋਲ ਪੜ੍ਹਨ ਤੋਂ ਬਾਅਦ ਵੀ, ਇਹ ਫ਼ਿਲਮ ਆਪ ਵੀ ਜ਼ਰੂਰ ਵੇਖੋਗੇ ਤੇ ਆਪਣੇ ਤੋਂ ਛੋਟੇ ਵੱਡਿਆਂ ਨੂੰ ਵੀ ਵਿਖਾਉਗੇ।

ਇਸ ਫ਼ਿਲਮ ਦੀਆਂ ਕਮੀਆਂ ਦਾ ਜ਼ਿਕਰ ਪਹਿਲਾਂ ਈ ਕਰ ਦੇਵਾਂ ਕਿਉਂਕਿ, ਇਨ੍ਹਾਂ ਇੱਕ ਦੋ ਗੱਲਾਂ ਤੋਂ ਬਾਅਦ ਮੈਂ ਕੋਸ਼ਿਸ਼ ਵੀ ਕਰਾਂ ਤਾਂ ਇਸ ਫ਼ਿਲਮ ਦੀ ਕੋਈ ਇਹੋ ਜਿਹੀ ਕਮੀ ਸ਼ਾਇਦ ਨਾ ਲੱਭ ਸਕਾਂ ਜਿਹੜੀ ਇਸ ਫ਼ਿਲਮ ਦਾ ਕੱਦ ਘਟਾਉਂਦੀ ਹੋਵੇ।

ਸਭ ਤੋਂ ਪਹਿਲੀ ਨਿੱਕੀ ਜਿਹੀ ਗਲਤੀ ਫ਼ਿਲਮ ਦੇ ਸੰਵਾਦਾਂ ਦੇ ਅੰਗਰੇਜ਼ੀ ਵਿੱਚ ਲਿਖੇ ਤਰਜ਼ਮੇ ਵਿੱਚ ਦਿਖੀ, ਜਿੱਥੇ ਪਹਿਲੀ ਵਾਰੀ ਸਿੱਖ ਰਾਜ ਦਾ ਜ਼ਿਕਰ ਆਉਂਦਾ ਹੈ ਤੇ ਸਬ-ਟਾਈਟਲ ਵਿੱਚ ਸਿੱਖ ਕਿੰਗਡਮ ਦੀ ਥਾਂ ਸਿਰਫ ਕਿੰਗਡਮ ਲਿਖਿਆ ਵੇਖਣ ਨੂੰ ਮਿਲਿਆ। ਪਰ ਸੱਚ ਪੁੱਛੋ ਤਾਂ ਇਹ 'ਵਿਆਹ ਵਿੱਚ ਬੀ ਦਾ ਲੇਖਾ' ਪਾਉਣ ਵਾਲੀ ਗੱਲ ਐ।

ਦੂਜੀ ਕਮੀ ਜਿਹੜੀ ਮੈਨੂੰ ਦਿਖੀ, ਉਹ ਸੀ, ਪਰਦੇ ਉਪਰ ਚਿਹਰਿਆਂ ਦੇ ਹਾਭ ਭਾਵ ਵਿੱਚ ਸੂਖਮਤਾ ਦੀ ਕਮੀ ਜਾਂ ਅਣਹੋਂਦ। ਇੱਕ ਮਾਂ ਨੂੰ ਮੁੱਦਤਾਂ ਤੋਂ ਵਿਛੜਿਆ ਉਸ ਦਾ ਪੁੱਤ ਮਿਲਣ ਆਇਆ ਹੋਵੇ ਤੇ ਉਹਦੀ ਆਵਾਜ਼, ਉਹਦੇ ਬੋਲਾਂ ਵਿੱਚ ਕਈ ਤਰ੍ਹਾਂ ਦੇ ਸੂਖਮ ਹਾਵ ਭਾਵ ਰਲੇ ਮਿਲੇ ਹੁੰਦੇ ਹਨ। ਪਰ ਸ਼ਬਾਨਾ ਆਜ਼ਮੀ ਦੀ ਆਵਾਜ਼ ਸਿੱਧੀ ਸਪਾਟ ਸੀ। ਬੋਲਾਂ ਵਿੱਚ ਜਜ਼ਬਾਤਾਂ ਦੀ ਅਣਹੋਂਦ ਉਸ ਘੜੀ ਵਿੱਚ ਡੂੰਘਾ ਲਹਿ ਜਾਣ ਤੇ ਉਸ ਦਾ ਇੱਕ ਹਿੱਸਾ ਬਣ ਜਾਣ ਤੋਂ ਰੋਕਦੀ ਰਹੀ। ਹਾਲਾਂਕਿ, ਇਹ, ਉਹ ਮੁਲਾਕਾਤ ਸੀ ਜਿਸ ਦੇ ਬਾਰੇ ਸੁਣਦੇ ਆਏ ਹਾਂ ਕਿ ਦਲੀਪ ਸਿੰਘ ਦੀ ਸੋਚ ਨੂੰ ਬਦਲ ਦੇਣ ਵਾਲੀ ਮੁਲਾਕਾਤ ਸੀ ਇਹ। ਜੇ ਇਸ ਮੁਲਾਕਾਤ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੱਤਾ ਜਾਂਦਾ ਤਾਂ ਇਹ ਸਾਰੀ ਫ਼ਿਲਮ ਦਾ ਸਿਖਰ ਹੋ ਨਿਬੜਦਾ।

ਐਪਰ ਇਹ ਗੱਲ ਵੀ ਕਰਨੀ ਬਣਦੀ ਐ ਕਿ ਉਹ ਸੂਖਮਤਾ ਤੇ ਉਹ ਰਲੇ ਮਿਲੇ ਜਜ਼ਬਾਤ ਬਹੁਤ ਗੁੰਝਲਦਾਰ ਹਨ ਤੇ ਉਨ੍ਹਾਂ ਨੂੰ ਅਦਾਕਾਰੀ ਵਿੱਚ ਸ਼ਾਮਲ ਕਰਨਾ ਕਿਸੇ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ ਸੀ।

ਅਤੇ ਕਿਉਂਕਿ ਇਹ ਕਹਾਣੀ ਦਲੀਪ ਸਿੰਘ ਦੀ ਇਤਿਹਾਸਕ ਜ਼ਿੰਦਗੀ 'ਤੇ ਹੈ ਇਸ ਲਈ ਕਦੇ ਕਦੇ ਅਤੀਤ ਦੀਆਂ ਘਟਨਾਵਾਂ ਨੂੰ ਪੇਸ਼ ਕਰਨਾ ਜ਼ਿਆਦਾ ਜ਼ਰੂਰੀ ਹੁੰਦਾ, ਬਜਾਇ ਇਸ ਦੇ ਕਿ ਉਹ ਕਿੰਨੀ ਡੂੰਘਾਈ ਨਾਲ ਪੇਸ਼ ਕੀਤੀਆਂ ਗਈਆਂ।

ਇਸ ਗੱਲ 'ਤੇ ਵੀ ਗੌਰ ਕਰਨਾ ਬਣਦੈ ਕਿ ਅਤੀਤ ਵਿਚਲਾ ਉਹ ਸਾਰਾ ਹੀ ਘਟਨਾਕ੍ਰਮ ਜੇ ਪਰਦੇ 'ਤੇ ਵਿਖਾਉਣਾ ਪਵੇ ਤਾਂ ਦੋ ਢਾਈ ਘੰਟਿਆਂ ਦੀ ਇੱਕ ਫ਼ਿਲਮ ਵਿੱਚ ਸਮੇਟਿਆ ਹੀ ਨੀਂ ਜਾ ਸਕਦਾ। ਇਸ ਲਈ ਸਿਰਫ ਖਾਸ ਖਾਸ ਘਟਨਾਵਾਂ ਨੂੰ ਚੁਣਨਾ ਪੈਂਦਾ ਅਤੇ ਉਹ ਚੋਣ ਇਸ ਫ਼ਿਲਮ ਦੀ ਸਾਰੀ ਟੀਮ ਨੇ ਬਾਖੂਬੀ ਕੀਤੀ ਹੈ। ਹਾਲਾਂਕਿ ਜਿੰਨਾ ਕੁ ਸੁਣਿਆ ਸੁਣਾਇਆ ਇਤਿਹਾਸ ਮੈਨੂੰ ਪਤਾ, ਕਿ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨਾਲ ਬਹੁਤ ਮਾੜਾ ਸਲੂਕ ਕੀਤਾ, ਉਸ ਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਗਿਆ, ਉਸ ਨੂੰ ਬਦਨਾਮ ਕਰਨ ਲਈ 7 ਟਕਾ ਦਿਹਾੜੀ 'ਤੇ ਇੱਕ ਬੰਦਾ ਸਿਰਫ਼ ਉਸ ਦੇ ਖਿਲਾਫ ਅਫਵਾਹਾਂ ਫੈਲਾਉਣ ਲਈ ਹੀ ਰੱਖਿਆ ਗਿਆ। ਜੇ ਇਹ ਦੋ ਘਟਨਾਵਾਂ ਵੀ ਕਿਤੇ ਪਰਦੇ 'ਤੇ ਰੂਪਮਾਨ ਕਰ ਦਿੱਤੀਆਂ ਜਾਂਦੀਆਂ ਤਾਂ ਦਰਸ਼ਕਾਂ ਦੀ ਹਮਦਰਦੀ ਉਨ੍ਹਾਂ ਨੂੰ ਇਸ ਫ਼ਿਲਮ ਦੇ ਨਾਲ ਹੋਰ ਪੀਢੀ ਸਾਂਝ ਪਵਾ ਦਿੰਦੀ।





ਮੇਰਾ ਖਿਆਲ ਹੈ ਕਿ ਜੇ ਤੁਸੀਂ ਇਸ ਫ਼ਿਲਮ ਨੂੰ ਵੇਖਣ ਵੇਲੇ ਆਪਣੇ ਆਪ ਨੂੰ ਦਲੀਪ ਸਿੰਘ ਦੀ ਥਾਂ 'ਤੇ ਰੱਖ ਕੇ ਸਾਰੀ ਫ਼ਿਲਮ ਵਿਚਲੇ ਘਟਨਾਕ੍ਰਮ ਨੂੰ ਦੇਖੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਆਪਣਾ ਸਭ ਕੁਝ ਗੁਆ ਕੇ ਆਪਣਿਆਂ ਤੋਂ ਵੱਖ ਹੋ ਕੇ, ਬਿਗਾਨੇ ਮੁਲਕਾਂ ਵਿੱਚ ਆਪਣੀ ਅਸਲੀ ਹੋਂਦ ਨੂੰ ਖਤਰਾ ਕਿਵੇਂ ਪੈਦਾ ਹੋ ਜਾਂਦਾ। ਸਿੱਖ ਰਾਜ ਦਾ ਹਰ ਉਹ ਖੈਰ-ਖਵਾਹ ਜਦੋਂ ਇਸ ਫ਼ਿਲਮ ਨੂੰ ਵੇਖੇਗਾ ਤਾਂ ਸੁਭਾਵਿਕ ਹੀ ਮਹਿਸੂਸ ਕਰੇਗਾ ਕਿ ਅਸੀਂ ਆਪਣਾ ਰਾਜ ਭਾਗ ਗਵਾ ਕੇ ਨਿਤਾਣੇ ਤੇ ਨਿਮਾਣੇ ਕਿਵੇਂ ਬਣ ਗਏ। ਤੁਹਾਨੂੰ ਆਪਣਾ ਆਪ ਦਲੀਪ ਸਿੰਘ ਲੱਗੇਗਾ ਤੇ ਤੁਸੀਂ ਵੀ ਆਪਣੇ ਆਪ ਨੂੰ ਪੰਜਾਬ ਦੇ ਤਖ਼ਤ ਦੇ ਵਾਰਸ ਚਿਤਵਣ ਲੱਗੋਗੇ।

ਲਫਜ਼ਾਂ ਦੀ ਕੀ ਅਹਿਮੀਅਤ ਹੁੰਦੀ ਹੈ ਇਹ ਅੱਜਕੱਲ ਦੀ ਪੀੜ੍ਹੀ ਭੁੱਲਦੀ ਜਾ ਰਹੀ ਐ, ਪਰ ਇਸ ਫ਼ਿਲਮ ਵਿਚਲੇ ਕੁੱਝ ਮੌਕਿਆਂ 'ਤੇ ਵੱਖ ਵੱਖ ਲਫਜ਼ਾਂ ਵਿਚਲਾ ਫ਼ਰਕ ਕਿੰਨਾ ਵੱਡਾ ਹੋ ਸਕਦਾ ਇਸ 'ਤੇ ਗੌਰ ਕੀਤਾ ਜਾਣਾ ਜ਼ਰੂਰੀ ਬਣ ਜਾਂਦਾ ਐ। ਉਨ੍ਹਾਂ ਵਿਚੋਂ ਈ ਕੁੱਝ ਮੌਕਿਆਂ ਦੇ ਵਾਕਿਆਤ ਸਦਾ ਈ ਦਿਲ ਵਿੱਚ ਵਸੇ ਰਹਿਣਗੇ, ਜਿਵੇਂ ਕਿ ਮਹਾਰਾਣੀ ਜਿੰਦਾਂ ਦਾ ਦਲੀਪ ਸਿੰਘ ਨੂੰ ਅਹਿਸਾਸ ਕਰਾਉਣਾ ਕਿ 'ਤੂੰ ਪ੍ਰਿੰਸ ਨਹੀਂ, ਰਾਜਾ ਹੈਂ।' ਭਾਵੇਂ ਕਿ ਸ਼ਾਇਦ ਦਲੀਪ ਸਿੰਘ ਨੂੰ ਉਸ ਵੇਲੇ ਪ੍ਰਿੰਸ ਕਹਾਉਣ ਵਿੱਚ ਹੀ ਬੜਾ ਵੱਡਾ ਮਾਣ ਲੱਗਦਾ ਹੋਵੇ, ਕਿਉਂਕਿ ਉਹ ਉਸੇ ਮਾਹੌਲ ਵਿੱਚ ਵੱਡਾ ਹੋਇਆ ਸੀ। ਇੱਕ ਹੋਰ ਮੌਕੇ ਰਾਣੀ ਜਿੰਦਾਂ ਵੱਲੋਂ ਲਫਜ਼ਾਂ ਦੇ ਤੀਰਾਂ ਨਾਲ ਰਾਣੀ ਵਿਕਟੋਰੀਆ ਨੂੰ ਇਹ ਜਤਾਉਣਾ ਕਿ ਇਹ ਸਾਮਾਨ ਸਾਡੇ ਕੋਲੋਂ ਚੋਰੀ ਕੀਤਾ ਹੋਇਆ ਹੈ, ਜਾਂ ਡਾਕਟਰ ਲੋਗਿਨ ਨੂੰ ਆਪਣੇ ਲਫਜ਼ਾਂ ਨਾਲ ਧੁਰ ਤੱਕ ਚੀਰ ਕੇ ਉਸ ਨੂੰ ਇਹ ਅਹਿਸਾਸ ਕਰਾਉਣਾ ਕਿ ਕਿਵੇਂ ਉਸ ਨੇ ਇੱਕ ਬੱਚੇ ਤੋਂ ਉਸ ਦਾ ਸਭ ਕੁੱਝ ਖੋਹ ਲਿਆ। ਇੱਕ ਮੰਗਤੇ ਦਾ ਦਲੀਪ ਸਿੰਘ ਨੂੰ ਇਹ ਕਹਿ ਕੇ ਝੰਜੋੜਨਾ ਕਿ ਇੱਕ ਮੰਗਤੇ ਦਾ ਦੂਜੇ ਮੰਗਤੇ ਕੋਲੋਂ ਕੁੱਝ ਮੰਗਣ ਦਾ ਸਵਾਲ ਹੀ ਨਹੀਂ ਉਠਦਾ। ਇਹ ਸਭ ਲਫਜ਼ਾਂ ਦਾ ਹੀ ਕਮਾਲ ਸੀ।

ਇਸੇ ਤਰ੍ਹਾਂ ਇੱਕ ਵੇਲੇ ਜਦੋਂ ਪ੍ਰਿੰਸ ਵਿਕਟਰ ਆਪਣੇ ਬਾਪ ਨੂੰ ਰਾਣੀ ਵਿਕਟੋਰੀਆ ਨੂੰ ਚਿੱਠੀ ਲਿਖ ਕੇ ਆਪਣੀ ਪੈਨਸ਼ਨ ਵਾਪਸ ਲਗਵਾਉਣ ਲਈ ਕਹਿੰਦਾ ਹੈ, ਤਾਂ ਦਲੀਪ ਸਿੰਘ ਦੇ ਹਾਵ ਭਾਵ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਹ ਇੱਕ ਤਖਤ ਦਾ ਵਾਰਸ ਹੈ ਕਿਸੇ ਰਾਣੀ ਦੀ ਪੈਨਸ਼ਨ ਦਾ ਮੁਥਾਜ ਨਹੀਂ, ਪਰ ਵਿਕਟਰ ਸ਼ਾਇਦ ਇਸ ਗੱਲ ਨੂੰ ਸਮਝਣ ਤੋਂ ਅਸਮਰੱਥ ਹੈ ਕਿਉਂਕਿ ਉਸ ਨੇ ਕਦੇ ਨਾ ਤਾਂ ਉਹ ਤਖ਼ਤ ਵੇਖਿਆ ਤੇ ਨਾ ਕਦੇ ਉਸਦਾ ਸੁਪਨਾ ਸੰਜੋਇਆ।

ਇਹ ਵੇਲਾ, ਮੈਨੂੰ, ਸਾਡੀਆਂ ਵਿਦੇਸ਼ਾਂ ਵਿੱਚ ਜੰਮੀਆਂ ਪੀੜ੍ਹੀਆਂ ਦੀ ਯਾਦ ਦਿਵਾ ਗਿਆ, ਕਿ ਜਦੋਂ ਉਨ੍ਹਾਂ ਦੇ ਵਡੇਰੇ ਉਨ੍ਹਾਂ ਨੂੰ ਦੱਸਦੇ ਹਨ ਜਾਂ ਸਮਝਾਉਂਦੇ ਹਨ ਕਿ ਉਹ ਕਿਸ ਕੌਮ ਦੇ ਵਾਰਸ ਹਨ, ਉਨ੍ਹਾਂ ਦੀ ਅਸਲੀਅਤ ਕੀ ਹੈ, ਤਾਂ ਬਹੁਤੀ ਵਾਰੀ ਨਵੀਂ ਪੀੜ੍ਹੀ ਇਸ ਗੱਲ ਦੀ ਡੂੰਘਾਈ ਨੂੰ ਸਮਝਣ ਤੋਂ ਅਸਮਰੱਥ ਹੁੰਦੀ ਹੈ।

ਇਸ ਫ਼ਿਲਮ ਨੂੰ ਵੇਖਦੇ ਵੇਲੇ ਇੱਕ ਗੱਲ ਜੋ ਵਾਰ ਵਾਰ ਮੇਰੇ ਦਿਮਾਗ ਵਿੱਚ ਘੁੰਮਦੀ ਰਹੀ, ਉਹ ਇਹ ਸੀ, ਕਿ ਅੰਗਰੇਜ਼ਾਂ ਦੇ ਕਬਜ਼ੇ ਹੇਠਲੇ ਦੇਸ਼ਾਂ ਵਿਚੋਂ ਸਿਰਫ ਪੰਜਾਬ ਹੀ ਇੱਕ ਐਸਾ ਦੇਸ਼ ਸੀ ਜਿਸ ਦੇ ਵਾਰਸ ਨੂੰ ਇੰਗਲੈਂਡ ਵਿੱਚ ਸ਼ਾਹੀ ਠਾਠ ਨਾਲ ਰੱਖਿਆ ਗਿਆ, ਜਦਕਿ ਭਾਰਤ ਦੇਸ਼ ਦੇ ਬਹੁਤ ਸਾਰੇ ਰਾਜਿਆਂ ਨੂੰ ਤੇ ਉਨ੍ਹਾਂ ਦੇ ਵਾਰਸਾਂ ਨੂੰ ਅੰਗਰੇਜ਼ਾਂ ਨੇ ਕਿਸੇ ਨਾ ਕਿਸੇ ਚਾਲ ਹੇਠ ਮਾਰ ਦਿੱਤਾ ਜਾਂ ਮਰਵਾ ਦਿੱਤਾ। ਪਰ ਦਲੀਪ ਸਿੰਘ ਨੂੰ ਜਿਉਂਦੇ ਰੱਖਣ ਵਿੱਚ ਉਨ੍ਹਾਂ ਦਾ ਕੋਈ ਨਾ ਕੋਈ ਤਾਂ ਹਿੱਤ ਸੀ। ਪਰ ਦਲੀਪ ਸਿੰਘ ਨੂੰ ਇਹ ਅਹਿਸਾਸ ਹੁੰਦਿਆ ਦੇਰ ਲੱਗੀ ਕਿ ਪਿੰਜਰਾ ਚਾਹੇ ਸੋਨੇ ਦਾ ਹੀ ਕਿਉਂ ਨਾ ਹੋਵੇ, ਉਸ ਵਿੱਚ ਰਹਿਣ ਵਾਲਾ ਗੁਲਾਮ ਜਾਂ ਪਾਲਤੂ ਹੀ ਹੁੰਦਾ ਹੈ, ਤੇ ਇਹੋ ਜਿਹੇ ਤਰਸ ਦੇ ਪਾਤਰ ਜੀਵਾਂ ਦੀ ਜ਼ਿੰਦਗੀ ਉਨ੍ਹਾਂ ਦੇ ਦੁਨਿਆਵੀ ਮਾਲਕਾਂ ਦੇ ਰਹਿਮੋ ਕਰਮ 'ਤੇ ਹੁੰਦੀ ਹੈ।

ਇਸ ਫ਼ਿਲਮ 'ਤੇ ਕੀਤੀ ਮਿਹਨਤ ਲਈ, ਇਸ ਫ਼ਿਲਮ ਦੀ ਸਾਰੀ ਟੋਲੀ, ਸਮਰਥਕ, ਅਦਾਕਾਰ, ਇਸ ਦੀ ਸਮੱਗਰੀ ਇਕੱਠੀ ਕਰਨ ਵਾਲੇ ਇਤਿਹਾਸਕਾਰ ਸਭ ਹੀ ਵਧਾਈ ਤੇ ਧੰਨਵਾਦ ਦੇ ਪਾਤਰ ਨੇ, ਕਿਉਂਕਿ ਬਹੁਤੀ ਵਾਰੀ ਪੰਜਾਬ ਦੇ ਇਤਿਹਾਸਕ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਲਈ ਹੀ ਇਤਿਹਾਸਕ ਵਿਸ਼ਿਆਂ 'ਤੇ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ, ਪਰ ਮੇਰੇ ਚੇਤਿਆਂ ਵਿਚਲੀ ਇਹ ਪਹਿਲੀ ਫ਼ਿਲਮ ਹੋਵੇਗੀ ਜਿਸ ਵਿੱਚ ਪੰਜਾਬ ਦੇ ਇਤਿਹਾਸ ਨਾਲ ਕੋਈ ਵੀ ਛੇੜ ਛਾੜ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ ਤੇ ਪੂਰੀ ਇਮਾਨਦਾਰੀ ਨਾਲ ਇਤਿਹਾਸਕ ਵੇਲਿਆਂ ਤੇ ਵਾਕਿਆਂ ਨੂੰ ਪੇਸ਼ ਕਰਨ ਦੀ ਸੁਹਿਰਦ ਕੋਸ਼ਿਸ਼ ਕੀਤੀ ਗਈ ਹੈ। ਇਸ ਸਭ ਲਈ ਨਿਰਦੇਸ਼ਕ ਕਵੀ ਰਾਜ਼, ਨਿਰਮਾਤਾ ਜਸਜੀਤ ਸਿੰਘ, ਅਦਾਕਾਰ ਸਤਿੰਦਰ ਸਰਤਾਜ, ਸ਼ਬਾਨਾ ਆਜ਼ਮੀ ਤੇ ਹੋਰ ਸਾਰੇ ਪਰਦੇ ਪਿਛਲੇ ਯੋਗਦਾਨੀਆਂ ਦਾ ਬਹੁਤ ਧੰਨਵਾਦ ਕਿ ਉਨ੍ਹਾਂ ਨੇ ਪੰਜਾਬੀ ਸਿਨੇਮਾ ਵਿੱਚ ਇੱਕ ਨਵਾਂ ਮੀਲ ਪੱਥਰ ਗੱਡਣ ਦੀ ਸਫਲ ਕੋਸ਼ਿਸ਼ ਕੀਤੀ।

# ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਦਾ ਬਲੈਕ ਪ੍ਰਿੰਸ ਨੂੰ ਸਿੱਖ ਸੰਸਥਾਵਾਂ ਨਜ਼ਰਅੰਦਾਜ਼ ਕਿਉਂ ਕਰ ਰਹੀਆਂ ਹਨ ?

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:**

ਸਿੱਖ ਰਾਜ ਦੇ ਆਖਰੀ ਰਾਜਾ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਰਾਹੀਂ ਸਿੱਖ ਰਾਜ ਦੇ ਖੁੱਸਣ ਦੇ ਦਰਦ ਨੂੰ ਬਿਆਨ ਕਰਦੀ ਫਿਲਮ "ਦਾ ਬਲੈਕ ਪ੍ਰਿੰਸ" ਬੀਤੇ ਦਿਨੀਂ ਜਾਰੀ ਹੋਈ। ਇਸ ਫਿਲਮ ਨੇ ਨਾ ਸਿਰਫ ਇਤਿਹਾਸ ਦੇ ਵਿਸਾਰੇ ਜਾ ਰਹੇ ਦੌਰ ਨੂੰ ਪਰਦੇ ਉੱਤੇ ਜਿਉਂਦਾ ਕੀਤਾ ਹੈ ਬਲਕਿ ਇਹ ਫਿਲਮ ਵੇਖਣ ਵਾਲਿਆਂ ਦੇ ਮਨਾਂ ਵਿੱਚ ਸਿੱਖਾਂ ਦਾ ਰਾਜ ਖੁੱਸਣ ਦੀ ਕਸਕ ਦਾ ਅਹਿਸਾਸ ਵੀ ਪੈਦਾ ਕਰਦੀ ਹੈ।

ਇਤਿਹਾਸ ਦੀ ਜਾਣਕਾਰੀ, ਸਿੱਖ ਰਾਜ ਤੇ ਇਸ ਦੇ ਖੋਹੇ ਜਾਣ ਦੇ ਦਰਦ ਦੇ ਅਹਿਸਾਸ ਨਾਲ ਭਰੀ ਇਸ ਫਿਲਮ ਨੇ ਸੰਵੇਦਨਸ਼ੀਲ ਮਨਾਂ 'ਤੇ ਅਸਰ ਪਾਇਆ ਹੈ ਜਿਸ ਦਾ ਪਤਾ ਸੋਸ਼ਲ-ਮੀਡੀਆ ਉੱਤੇ ਲੋਕਾਂ ਵੱਲੋਂ ਸਾਂਝੇ ਕੀਤੇ ਜਾ ਰਹੇ ਮਨਾਂ ਦੇ ਵਲਵਲਿਆਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।



ਸੋਸ਼ਲ-ਮੀਡੀਆ ਉੱਤੇ ਇਸ ਗੱਲ ਦੀ ਵੀ ਖਾਸੀ ਚਰਚਾ ਹੋ ਰਹੀ ਹੈ ਕਿ ਪੰਜਾਬ ਦੇ ਕਲਾਕਾਰ ਭਾਈਚਾਰੇ ਨੇ ਇਸ ਫਿਲਮ ਬਾਰੇ ਮੁਕੰਮਲ ਚੁੱਪ ਧਾਰੀ ਹੋਈ ਹੈ। ਇਕ ਅੱਧ ਗਾਇਕ ਤੋਂ ਇਲਾਵਾ ਪੰਜਾਬ ਦੇ ਗੀਤ-ਸੰਗੀਤ ਤੇ ਫਿਲਮੀ ਜਗਤ ਨਾਲ ਜੁੜੇ ਕਲਾਕਾਰ ਫਿਲਮ ਬਾਰੇ ਮੁਕੰਮਲ ਰੂਪ ਵਿੱਚ ਚੁੱਪ ਹਨ। ਸੋਸ਼ਲ ਮੀਡੀਆ ਉੱਤੇ ਕਲਾਕਾਰਾਂ ਵੱਲੋਂ ਬਣਾਈ ਦੂਰੀ ਪਿੱਛੇ ਈਰਖਾ ਤੋਂ ਲੈ ਕੇ ਫਿਲਮ ਦੀ ਰੂਹ ਦਾ ਇਨ੍ਹਾਂ ਕਲਾਕਾਰਾਂ ਵੱਲੋਂ ਪ੍ਰਚਾਰੇ ਜਾਂਦੇ ਜੀਨਵ-ਢੰਗ (ਲੱਚਰਤਾ, ਫੁਕਰਾਪੰਥੀ ਆਦਿ) ਦੇ ਉਲਟ ਹੋਣ ਤੱਕ ਸਾਰੇ ਕਾਰਨ ਗਿਣਾਏ ਜਾ ਰਹੇ ਹਨ।

ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿੱਚ ਸਾਹਮਣੇ ਆਈ ਇਸ ਫਿਲਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਿੱਖ ਸੰਸਥਾਵਾਂ ਵੱਲੋਂ ਵੀ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਮਿਲ ਰਿਹਾ ਜਿਸ ਤਰ੍ਹਾਂ ਦਾ ਹੁੰਗਾਰਾ ਬੀਤੇ ਸਮੇਂ ਵਿੱਚ ਸਿੱਖ ਇਤਿਹਾਸ ਬਾਰੇ ਜਾਰੀ ਹੋਈਆਂ ਫਿਲਮਾਂ ਨੂੰ ਮਿਲਦਾ ਰਿਹਾ ਹੈ।

ਇਹ ਫਿਲਮ ਨਵੀਂ ਪੀੜ੍ਹੀ ਉੱਤੇ ਕਿਸ ਤਰ੍ਹਾਂ ਦੇ ਅਸਰ ਪਾ ਰਹੀ ਹੈ ਇਸ ਬਾਰੇ ਫਿਲਮ ਵੇਖਣ ਵਾਲਿਆਂ ਦੇ ਸਾਹਮਣੇ ਆ ਰਹੇ ਪ੍ਰਤੀਕਰਮਾਂ ਵਿਚੋਂ ਇਕ ਬਹੁਤ ਦਿਲਚਸਪ ਹੈ। ਜਦੋਂ "ਦਾ ਬਲੈਕ ਪ੍ਰਿੰਸ" ਫਿਲਮ ਵੇਖ ਕੇ ਆਈ ਇਕ ਬਾਲੜੀ ਨੂੰ ਮੀਡੀਆ ਵੱਲੋਂ ਸਵਾਲ ਕੀਤਾ ਗਿਆ ਕਿ ਉਸ ਨੂੰ ਇਹ ਫਿਲਮ ਕਿਸ ਤਰ੍ਹਾਂ ਦੀ ਲੱਗੀ ਤਾਂ ਉਸ ਦਾ ਜਵਾਬ ਸੀ ਕਿ ਬਹੁਤ ਵਧੀਆ ਕਿਉਂਕਿ ਇਸ ਵਿਚ ਉਸ ਨੂੰ ਬਹੁਤ ਕੁਝ ਜਾਨਣ ਨੂੰ ਮਿਲਿਆ। ਅਗਲੇ ਸਵਾਲ ਕਿ ਕੀ ਮਹਾਰਾਜਾ ਦਲੀਪ ਸਿੰਘ ਬਾਰੇ ਉਸ ਨੂੰ ਫਿਲਮ ਵੇਖਣ ਤੋਂ ਪਹਿਲਾਂ ਕੁਝ ਪਤਾ ਸੀ ਤਾਂ ਉਸ ਨੇ ਕਿਹਾ ਕਿ ਨਹੀਂ ਉਸ ਨੂੰ ਇਸ ਬਾਰੇ ਪਹਿਲਾਂ ਕਿਸੇ ਨੇ ਨਹੀਂ ਸੀ ਦੱਸਿਆ। ਸਭ ਤੋਂ ਖੂਬਸੂਰਤ ਗੱਲ ਇਹ ਸੀ ਕਿ ਜਦੋਂ ਉਸਨੂੰ ਪੁੱਛਿਆ ਗਿਆ ਕਿ ਹੁਣ ਉਹ ਵਾਪਸ ਘਰ ਜਾ ਕੇ ਕੀ ਕਰੇਗੀ ਤਾਂ ਉਸ ਨੇ ਕਿਹਾ ਕਿ ਉਹ ਇਸ ਬਾਰੇ (ਮਹਾਰਾਜਾ ਦਲੀਪ ਸਿੰਘ ਅਤੇ ਸਿੱਖ ਰਾਜ) ਬਾਰੇ ਖੋਜ ਕਰਕੇ ਹੋਰ ਜਾਣਕਾਰੀ ਹਾਸਲ ਕਰੇਗੀ।

ਹੁਣ ਸਵਾਲ ਇਹ ਹੈ ਕਿ ਅਜੇ ਤੱਕ ਕੋਈ ਵੀ ਸਿੱਖ ਸਕੂਲ ਵਿਦਿਆਰਥੀਆਂ ਨੂੰ ਇਤਿਹਾਸ ਦੇ ਉਸ ਦੌਰ ਦੀ ਬਾਤ ਨਾਲ ਰੂ-ਬ-ਰੂ ਕਰਵਾਉਣ ਲਈ ਅੱਗੇ ਕਿਉਂ ਨਹੀਂ ਆਇਆ ? ਕੀ ਪ੍ਰਬੰਧਕਾਂ ਨੂੰ ਸਿੱਖਾਂ ਦੇ ਰਾਜ ਦੀ ਗੱਲ ਟੁੰਬਣੋਂ ਹਟ ਗਈ ਹੈ ਜਿਸ ਕਾਰਨ ਉਨ੍ਹਾਂ ਦਾ ਇਸ ਪਾਸੇ ਧਿਆਨ ਹੀ ਨਹੀਂ ਗਿਆ ਜਾਂ ਫਿਰ ਉਨ੍ਹਾਂ ਦੀ ਕੋਈ ਹੋਰ ਮਜਬੂਰੀ ਹੈ ਜਿਸ ਕਾਰਨ ਉਹ ਅਜਿਹਾ ਕਰਨ ਦਾ ਹੀਆ ਨਹੀਂ ਕਰ ਰਹੇ ?




'ਦਾ ਬਲੈਕ ਪ੍ਰਿੰਸ' ਫਿਲਮ ਦੇ ਬੇਅ ਏਰੀਆ ਫਰੀਮੌਂਟ ਵਿੱਚ ਰਿਲੀਜ ਮੌਕੇ ਫਿਲਮ ਦੀ ਟੀਮ ਦੇ ਮੋਹਰੀ ਜਸਜੀਤ ਸਿੰਘ ਦੇ ਕਰਮਯੋਗੀ ਮਿੱਤਰ ਜਸਵੀਰ ਸਿੰਘ, ਪ੍ਰੋ. ਲਾਲੀ ਧਨੋਆ, ਬਿੱਟੂ ਨਿਜ਼ਰ ਅਤੇ ਸ. ਬਰਾੜ।

**ਕਵੀ ਰਾਜ਼ ਦਾ ਕਹਿਣਾ ਹੈ**

***'ਜੱਫ਼ੀ ਪਾ ਕੇ ਰੋਣੋਂ ਨਹੀਂ ਸੀ ਹਟ ਰਹੇ, ਮੇਰਾ ਵੀ ਬੜਾ ਮਨ ਖ਼ਰਾਬ (ਉਦਾਸ) ਹੋਇਆ।'***



ਪਾਕਿਸਤਾਨ ਦੇ ਸਿੱਖ ਲਾਹੌਰ 'ਚ ਦ ਬਲੈਕ ਪ੍ਰਿੰਸ ਫਿਲਮ ਵੇਖਦਿਆਂ ਇੰਨੇ ਭਾਵੁਕ ਹੋ ਗਏ ਕਿ ਉਹ ਫਿਲਮ ਦੇ ਵਿਸ਼ੇਸ਼ ਸ਼ੋਅ ਲਈ ਉੱਚੇਚਾ ਉੱਥੇ ਪੁਜੇ ਹੋਏ ਫਿਲਮ ਦੇ ਨਿਰਦੇਸ਼ਕ ਕਵੀ ਰਾਜ਼ ਨੂੰ ਧਾਹ ਕੇ ਮਿਲੇ।





ਗੁਰਦੁਆਰਾ ਸਾਹਿਬ, ਫਰੀਮੋਂਟ
ੴ
FREMONT GURDWARA SAHIB
ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥
ਰਾਗ ਮਲਾਰ
ਕੀਰਤਨ ਦਰਬਾਰ
ਸ਼ਨਿਚਰਵਾਰ, 29 ਜੁਲਾਈ | ਸ਼ਾਮ 6:30 ਵਜੇ ਤੋਂ ਰਾਤ 10:30 ਵਜੇ
ਗੁਰਦੁਆਰਾ ਸਾਹਿਬ, ਫਰੀਮੋਂਟ ਵਿਖੇ
ਪਹੁੰਚ ਰਹੇ ਰਾਗੀ ਜੱਥੇ
ਭਾਈ ਸਰਬਜੀਤ ਸਿੰਘ ਜੀ ਲਾਡੀ (ਹਜ਼ੂਰੀ ਰਾਗੀ)
ਭਾਈ ਭਵਨਦੀਪ ਸਿੰਘ ਜੀ ਬਰਮੀ
ਪ੍ਰੋਫੈਸਰ ਰਣਜੀਤ ਸਿੰਘ ਜੀ
ਪ੍ਰੋਫੈਸਰ ਦਲਬੀਰ ਸਿੰਘ ਜੀ
ਸਮੂਹ ਸੰਗਤਾਂ ਨੂੰ ਹੁੰਮ-ਹੁੰਮਾਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ: ਪ੍ਰੋਫੈਸਰ ਰਣਜੀਤ ਸਿੰਘ (714) 928-8746 • ਪ੍ਰੋਫੈਸਰ ਦਲਬੀਰ ਸਿੰਘ (510) 209-3213




FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
MasterCard
DISCOVER NETWORK
AMERICAN EXPRESS




Opening Soon
Help wanted
★ Cook
★ Tandoria
★ server and
★ other helpers
Please call Manit Nagra at 317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
MARATHON LHT
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
TRUCK BUS AGRO OTR
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# STOCKTON TEEYAN MELA 2017

Ladies Only Event

ਤੀਆਂ ਦਾ ਮੇਲਾ

7th Annual Teeyan Mela
On
Saturday, August 5, 2017
12:00PM to 6:00PM

Venue: Delta Shelter
Micke Grove Park
11793 N. Micke Grove Road
Lodi, CA 95240

**Special Events:**

Miss Punjaban Competition

Age Groups:
Group 1: 1-7 years old
Group 2: 8-13 years old
Group 3: 14-18 years old

Featuring: Gidha, Poetry, Plays, Bhangra, DJ, and Much More!



ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ

For More Info Please Contact:
Ashvinder Kaur (Ashu): (209) 298 6454
Email: Stocktonteeyan@gmail.com
Simran K Atwal: (209) 993 7978
www.facebook.com/stocktonteeyan

FREE ENTRY PARKING: $6.00 No Cameras Will Be Allowed



# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# GRAND OPENING



We Specialize In Catering All Occasions
*50-1200 guests*
Call Or Email For Catering:
spicejargrill@gmail.com

spicejarfontana
@spice_jar

# Spice Jar
INDIAN CUISINE



· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਜਹਾਜ਼ ਅਗਵਾ ਕਾਂਡ ਮਾਮਲੇ 'ਚੋਂ ਦਲ ਖ਼ਾਲਸਾ ਦੇ ਕਾਰਕੁਨਾਂ ਨੂੰ ਮਿਲੀ ਪੱਕੀ ਜ਼ਮਾਨਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਤਕਰੀਬਨ 36 ਸਾਲ ਪੁਰਾਣੇ ਜਹਾਜ਼ ਅਗਵਾ ਮਾਮਲੇ ਦੀ ਮੁੜ ਸੁਣਵਾਈ ਕਰਦਿਆਂ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਇਸ ਮਾਮਲੇ ਵਿੱਚ ਪੇਸ਼ ਹੋਏ ਦਲ ਖ਼ਾਲਸਾ ਦੇ ਦੋ ਸਿੱਖ ਆਗੂਆਂ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਮਾਮਲੇ ਦੀ ਅਗਲੀ ਸੁਣਵਾਈ 31 ਜੁਲਾਈ ਨਿਰਧਾਰਿਤ ਕੀਤੀ ਗਈ ਹੈ। ਇਸ ਮਾਮਲੇ ਵਿੱਚ ਦੋਵਾਂ ਸਿੱਖ ਆਗੂਆਂ ਵੱਲੋਂ ਸੀਨੀਅਰ ਵਕੀਲ ਮੋਹਿਤ ਮਾਥੁਰ ਅਤੇ ਮਨੀਸ਼ਾ ਭੰਡਾਰੀ ਅਦਾਲਤ ਵਿੱਚ ਪੇਸ਼ ਹੋਏ, ਜਿਨ੍ਹਾਂ ਅਦਾਲਤ ਅੱਗੇ ਸਾਰੇ ਪੱਖ ਰੱਖੇ। ਉਨ੍ਹਾਂ ਕਿਹਾ ਕਿ ਦੋਵੇਂ ਪਹਿਲਾਂ ਹੀ ਇਸ ਮਾਮਲੇ ਵਿੱਚ ਸਜ਼ਾ ਭੁਗਤ ਚੁੱਕੇ ਹਨ। ਇਸੇ ਮਾਮਲੇ ਵਿੱਚ ਦਿੱਲੀ ਅਦਾਲਤ ਵੱਲੋਂ ਸਤਨਾਮ ਸਿੰਘ ਨੂੰ ਬਰੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਸ ਪੱਖ ਨੂੰ ਵਿਚਾਰਨ ਮਗਰੋਂ ਦੋਵਾਂ ਸਿੱਖ ਆਗੂਆਂ ਨੂੰ ਪੱਕੀ ਜ਼ਮਾਨਤ ਦੇ ਦਿੱਤੀ ਹੈ। ਇਸ ਸਬੰਧੀ ਪਹਿਲਾਂ ਅਦਾਲਤ ਵੱਲੋਂ ਦੋਵਾਂ ਨੂੰ ਸਿਰਫ਼ ਦੋ ਦਿਨ ਦੀ ਆਰਜ਼ੀ ਜ਼ਮਾਨਤ ਦਿੱਤੀ ਗਈ ਸੀ। ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ 36 ਸਾਲ ਪੁਰਾਣੇ ਹਵਾਈ ਜਹਾਜ਼ ਅਗਵਾ ਕੇਸ ਵਿੱਚ ਨਵੀਆਂ ਧਾਰਾਵਾਂ ਅਧੀਨ ਦਿੱਲੀ ਪੁਲੀਸ ਵੱਲੋਂ ਦੋ ਸਿੱਖਾਂ 'ਤੇ ਮੁੜ ਮੁਕੱਦਮਾ ਚਲਾਉਣ ਨੂੰ ਇੱਕ ਦੋਸ਼ ਵਿੱਚ ਦੋ ਵਾਰ ਸਜ਼ਾ ਨਾ ਦੇ ਸਕਣ ਦੇ ਸਿਧਾਂਤ ਅਤੇ ਜਨੇਵਾ ਕਨਵੈਨਸ਼ਨ ਦੀ ਉਲੰਘਣਾ ਕਰਾਰ ਦਿੱਤਾ। ਉਨ੍ਹਾਂ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਤੁਰੰਤ ਦਖ਼ਲ ਦੇਣ ਅਤੇ ਨਿਆਂ ਦੇਣ ਦੀ ਅਪੀਲ ਕੀਤੀ ਹੈ।



## ਕੈਪਟਨ ਵਲੋਂ ਭਰੋਸਾ- ਦੋਵੇਂ ਸਿੱਖਾਂ ਨੂੰ ਕਾਨੂੰਨੀ ਮੱਦਦ ਦੇਵਾਂਗੇ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਵੇਂ ਸਿੱਖਾਂ ਨੂੰ ਕਾਨੂੰਨੀ ਮੱਦਦ ਦੇਣ ਲਈ ਸੂਬੇ ਦੀ ਕਾਨੂੰਨੀ ਸਹਾਇਤਾ ਟੀਮ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਅਗਵਾ ਦੀ ਘਟਨਾ ਨਿੰਦਣਯੋਗ ਹੈ ਪਰ ਉਸੇ ਅਪਰਾਧ ਲਈ ਪਾਕਿਸਤਾਨ ਵਿੱਚ ਉਮਰ ਕੈਦ ਭੁਗਤ ਚੁੱਕੇ ਦੋਵਾਂ ਸਿੱਖਾਂ ਖ਼ਿਲਾਫ਼ ਮੁੜ ਕਾਨੂੰਨੀ ਕਾਰਵਾਈ ਦੀ ਕੋਸ਼ਿਸ਼ ਨਿਆਂ ਨਾਲ ਗੰਭੀਰ ਖਿਲਵਾੜ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਦੋਹਰੀ ਸਜ਼ਾ ਦੇਣ ਦੇ ਬਰਾਬਰ ਹੋਵੇਗਾ। ਉਨ੍ਹਾਂ ਲੋੜ ਪੈਣ 'ਤੇ ਦੋਵਾਂ ਸਿੱਖਾਂ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਗ੍ਰਹਿ ਵਿਭਾਗ ਦੀ ਕਾਨੂੰਨੀ ਸਹਾਇਤਾ ਟੀਮ ਨੂੰ ਹਦਾਇਤ ਕਰ ਦਿੱਤੀ ਹੈ।

# ਹੁਣ ਮਨਪ੍ਰੀਤ ਬਾਦਲ ਦੀ ਥਾਂ ਸਾਲਾ ਜੈਜੀਤ ਜੌਹਲ ਕਰੇਗਾ ਲੋਕਾਂ ਦੀ 'ਸੇਵਾ'

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ (ਸਾਲਾ) ਜੈਜੀਤ ਸਿੰਘ ਜੌਹਲ ਹੁਣ ਹਲਕਾ ਬਠਿੰਡਾ (ਸ਼ਹਿਰੀ) ਦੀ ਸੇਵਾ ਕਰਨਗੇ। ਬਠਿੰਡਾ ਸ਼ਹਿਰੀ ਹਲਕੇ ਵਿੱਚ ਜੈਜੀਤ ਜੌਹਲ ਨੇ ਖ਼ੁਦ ਐਲਾਨ ਕੀਤਾ ਕਿ ਵਿੱਤ ਮੰਤਰੀ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਰੁੱਝੇ ਰਹਿੰਦੇ ਹਨ, ਜਿਸ ਕਾਰਨ ਸ੍ਰੀ ਮਨਪ੍ਰੀਤ ਬਾਦਲ ਨੇ ਉਨ੍ਹਾਂ ਦੀ ਡਿਊਟੀ ਬਠਿੰਡਾ ਵਾਸੀਆਂ ਦੀ ਸੇਵਾ ਲਈ ਲਗਾਈ ਹੈ। ਖ਼ਜ਼ਾਨਾ ਮੰਤਰੀ ਦੇ ਇਸ ਰਿਸ਼ਤੇਦਾਰ ਵੱਲੋਂ ਬਠਿੰਡਾ ਸ਼ਹਿਰ ਵਿਚ ਆਟਾ ਦਾਲ ਸਕੀਮ ਤਹਿਤ ਗਰੀਬ ਲੋਕਾਂ ਨੂੰ ਕਣਕ ਦੀ ਵੰਡ ਕੀਤੀ ਗਈ।
ਕੈਪਟਨ ਹਕੂਮਤ ਬਣਨ ਮਗਰੋਂ ਸਭ ਤੋਂ ਪਹਿਲਾਂ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਆਪਣੇ ਹਲਕਾ ਮਲੋਟ ਦੀ ਸੇਵਾ ਦੀ ਜ਼ਿੰਮੇਵਾਰੀ ਆਪਣੇ ਪੁੱਤਰ ਨੂੰ ਸੌਂਪੀ, ਜਿਸ ਨੂੰ ਹਲਕਾ ਇੰਚਾਰਜ ਬਣਾਏ ਜਾਣ ਦਾ ਮਲੋਟ ਦੇ ਕਾਂਗਰਸੀਆਂ ਵੱਲੋਂ ਸਵਾਗਤ ਵੀ ਕੀਤਾ ਗਿਆ ਸੀ। ਹੁਣ ਖ਼ਜ਼ਾਨਾ ਮੰਤਰੀ ਨੇ ਇਸੇ ਤਰਜ਼ 'ਤੇ ਆਪਣੀ ਗੈਰਹਾਜ਼ਰੀ ਵਿੱਚ ਹਲਕੇ ਦੀ ਜ਼ਿੰਮੇਵਾਰੀ ਜੈਜੀਤ ਜੌਹਲ ਨੂੰ ਸੌਂਪ ਦਿੱਤੀ ਹੈ। ਸ੍ਰੀ ਜੌਹਲ ਨੇ ਸ਼ਹਿਰ ਦੀ ਅਮਰਪੁਰਾ ਬਸਤੀ ਅਤੇ ਪਰਸਰਾਮ ਨਗਰ ਧਰਮਸ਼ਾਲਾ ਵਿੱਚ ਆਟਾ-ਦਾਲ ਸਕੀਮ ਦੇ 1600 ਲਾਭਪਾਤਰੀਆਂ ਨੂੰ ਅਗਲੇ ਛੇ ਮਹੀਨਿਆਂ ਦੀ ਕਣਕ ਵੰਡੀ ਅਤੇ ਗਰੀਬ ਲੋਕਾਂ ਨੂੰ ਹੋਰ ਸਹੂਲਤਾਂ ਦਿੱਤੇ ਜਾਣ ਦਾ ਭਰੋਸਾ ਦਿੱਤਾ। ਸ੍ਰੀ ਜੌਹਲ ਨੇ ਸ਼ਹਿਰ ਦੇ ਹੰਸ ਨਗਰ ਵਿੱਚ ਵੀ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਇਵੇਂ ਹੀ ਸੁਰਖਪੀਰ ਰੋਡ 'ਤੇ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ ਚਲਾਏ ਜਾ ਰਹੇ ਸਿਲਾਈ ਕਢਾਈ ਕੇਂਦਰ ਵਿੱਚ ਸਿਖਿਆ ਲੈਣ ਵਾਲੀ ਔਰਤਾਂ ਨੂੰ ਸਿਲਾਈ ਮਸ਼ੀਨਾਂ ਅਤੇ ਸਰਟੀਫਿਕੇਟ ਵੰਡੇ। ਜੈਜੀਤ ਜੌਹਲ ਇਹ ਪਹਿਲਾਂ ਹੀ ਆਖ ਚੁੱਕੇ ਹਨ ਕਿ ਚੋਣਾਂ ਤੋਂ ਪਹਿਲਾਂ ਵੀ ਉਨ੍ਹਾਂ ਨੇ ਹਲਕੇ ਵਿੱਚ ਡਿਊਟੀ ਨਿਭਾਈ ਸੀ ਅਤੇ ਹੁਣ ਵੀ ਉਹ ਇੱਕ ਟੀਮ ਦੇ ਰੂਪ ਵਿੱਚ ਲੋਕਾਂ ਦੀ ਸੇਵਾ ਵਿੱਚ ਜੁਟੇ ਹਨ। ਸਮਾਗਮਾਂ ਵਿੱਚ ਉਦੋਂ ਸਥਿਤੀ ਕਸੂਤੀ ਬਣ ਗਈ ਜਦੋਂ ਸੀਨੀਅਰ ਕਾਂਗਰਸੀ ਆਗੂ ਛੋਟੇ ਲਾਲ ਨੇ ਪ੍ਰਸ਼ਾਸਨ ਖ਼ਿਲਾਫ਼ ਰੋਸ ਵਜੋਂ ਆਪਣੇ ਕੱਪੜੇ ਉਤਾਰ ਦਿੱਤੇ। ਇਸ ਕਾਰਵਾਈ ਤੋਂ ਸਭ ਆਗੂ ਹੈਰਾਨ ਹੋ ਗਏ ਅਤੇ ਕਈ ਨੇਤਾ ਤਾਂ ਸ੍ਰੀ ਛੋਟੇ ਲਾਲ ਦੀ ਇਸ ਕਾਰਵਾਈ ਉਪਰ ਹੱਸਦੇ ਰਹੇ। ਛੋਟੇ ਲਾਲ ਨੇ ਆਖਿਆ ਕਿ ਪ੍ਰਸ਼ਾਸਨ ਵੱਲੋਂ ਕਾਂਗਰਸੀ ਆਗੂਆਂ ਨੂੰ ਕੋਈ ਮਾਣ-ਸਨਮਾਨ ਨਹੀਂ ਦਿੱਤਾ ਜਾਂਦਾ, ਜਿਸ ਕਰਕੇ ਲੋਕਾਂ ਸਾਹਮਣੇ ਉਨ੍ਹਾਂ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ। ਕੁਝ ਸੀਨੀਅਰ ਆਗੂਆਂ ਨੇ ਛੋਟੇ ਲਾਲ ਨੂੰ ਭਰੋਸਾ ਦੇ ਕੇ ਸ਼ਾਂਤ ਕੀਤਾ।



ਬਠਿੰਡਾ ਵਿੱਚ ਆਟਾ ਦਾਲ ਵੰਡ ਸਮਾਗਮਾਂ ਮੌਕੇ ਕਾਂਗਰਸੀ ਆਗੂ ਛੋਟੇ ਲਾਲ ਕੱਪੜੇ ਉਤਾਰ ਕੇ ਆਪਣਾ ਰੋਸ ਜ਼ਾਹਰ ਕਰਦੇ ਹੋਏ।

## ਅਕਾਲੀ ਸਰਕਾਰ ਸਮੇਂ ਬਣੇ ਜਾਂਚ ਕਮਿਸ਼ਨ ਕੋਲ 10 ਫ਼ੀਸਦੀ ਅਕਾਲੀਆਂ ਦੀਆਂ ਹੀ ਸ਼ਿਕਾਇਤਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲੀ-ਭਾਜਪਾ ਗਠਜੋੜ ਸਰਕਾਰ ਸਮੇਂ ਦਰਜ ਹੋਏ ਝੂਠੇ ਕੇਸਾਂ ਦੀ ਪੜਤਾਲ ਲਈ ਕਾਂਗਰਸ ਸਰਕਾਰ ਵੱਲੋਂ ਕਾਇਮ ਕੀਤੇ ਦੋ ਮੈਂਬਰੀ ਜਾਂਚ ਕਮਿਸ਼ਨ ਕੋਲ ਤਕਰੀਬਨ 350 ਅਕਾਲੀ ਵਰਕਰਾਂ ਨੇ ਵੀ ਆਪਣੇ ਪਾਰਟੀ ਦੇ ਮੁੱਖ ਆਗੂਆਂ ਖ਼ਿਲਾਫ਼ ਸ਼ਿਕਾਇਤਾਂ ਕੀਤੀਆਂ ਹਨ। ਕਾਂਗਰਸੀ ਵਰਕਰਾਂ ਦੀ ਮੰਗ 'ਤੇ ਸਰਕਾਰ ਨੇ 7 ਮਈ ਨੂੰ ਜਸਟਿਸ (ਰਿਟਾ.) ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਕਾਇਮ ਕੀਤਾ ਸੀ। ਕਮਿਸ਼ਨ ਦੇ ਅਧਿਕਾਰੀ ਹੈਰਾਨ ਹਨ ਕਿ ਹੁਣ ਤਕ ਮਿਲੀਆਂ ਤਕਰੀਬਨ 3500 ਸ਼ਿਕਾਇਤਾਂ ਵਿਚੋਂ 10 ਫ਼ੀਸਦ ਅਕਾਲੀ ਵਰਕਰਾਂ ਵੱਲੋਂ ਦਿੱਤੀਆਂ ਗਈਆਂ ਹਨ। ਆਮ ਆਦਮੀ ਪਾਰਟੀ, ਬਸਪਾ ਤੇ ਹੋਰ ਰਾਜਸੀ ਪਾਰਟੀਆਂ ਦੇ ਮੈਂਬਰਾਂ ਨੇ ਕਾਰਵਾਈ ਤੇ ਮੁਆਵਜ਼ੇ ਲਈ ਕਮਿਸ਼ਨ ਕੋਲ ਪਹੁੰਚ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ, 'ਸ਼ਿਕਾਇਤਾਂ ਹਾਲੇ ਵੀ ਆ ਰਹੀਆਂ ਹਨ ਅਤੇ ਸ਼ਿਕਾਇਤ ਦੇਣ ਦੀ ਆਖ਼ਰੀ ਮਿਤੀ 31 ਜੁਲਾਈ ਹੈ। ਸਿਆਸੀ ਰੰਜਿਸ਼ ਹੀ ਨਹੀਂ ਬਲਕਿ ਕਿਸੇ ਵੀ ਝੂਠੇ ਕੇਸ ਬਾਰੇ ਸ਼ਿਕਾਇਤ ਦਿੱਤੀ ਜਾ ਸਕਦੀ ਹੈ ਪਰ ਸਾਡੇ ਕੋਲ ਸਿਆਸੀ ਵਰਕਰਾਂ ਦੀਆਂ ਜ਼ਿਆਦਾ ਸ਼ਿਕਾਇਤਾਂ ਆਈਆਂ ਹਨ।' ਸੂਤਰਾਂ ਮੁਤਾਬਕ ਇਨ੍ਹਾਂ ਸ਼ਿਕਾਇਤਕਰਤਾਵਾਂ ਨੇ ਲੀਡਰਾਂ ਤੇ ਪਾਰਟੀ ਵਿਚਲੀ ਧੜੇਬੰਦੀ ਕਾਰਨ ਫਸਾਏ ਜਾਣ ਦੇ ਦੋਸ਼ ਲਾਏ ਹਨ। ਇਸ ਕਮਿਸ਼ਨ ਦੀ ਛੇ ਮਹੀਨੇ ਦੀ ਮਿਆਦ ਹੈ, ਜਿਸ ਵਿਚ ਵਾਧਾ ਵੀ ਕੀਤਾ ਜਾ ਸਕਦਾ ਹੈ। ਜਾਣਕਾਰੀ ਮੁਤਾਬਕ ਇਨ੍ਹਾਂ ਦੋ ਜੱਜਾਂ ਵੱਲੋਂ ਤਕਰੀਬਨ 100 ਕੇਸਾਂ ਵਿੱਚ ਸੁਣਵਾਈ ਕੀਤੀ ਜਾ ਚੁੱਕੀ ਹੈ। ਅਧਿਕਾਰੀਆਂ ਨੇ ਦੱਸਿਆ, 'ਇਨ੍ਹਾਂ ਤੇ ਹੋਰ ਕੇਸਾਂ ਵਿਚ ਲੋੜੀਂਦੀ ਕਾਰਵਾਈ ਲਈ ਸਰਕਾਰ ਨੂੰ ਅਗਸਤ ਦੇ ਅੱਧ ਤਕ ਅੰਤ੍ਰਿਮ ਰਿਪੋਰਟ ਭੇਜੀ ਜਾਵੇਗੀ।' ਅਕਾਲੀ ਦਲ ਦੇ ਤਰਜਮਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਸਰਕਾਰ ਨੂੰ ਪਹਿਲਾਂ ਦਰਜ ਹੋਏ ਪੁਲੀਸ ਕੇਸਾਂ ਵਿਚੋਂ ਖ਼ਾਮੀਆਂ ਲੱਭਣ ਦੀ ਕੋਸ਼ਿਸ਼ ਕਰਨ ਬਜਾਏ ਅਕਾਲੀ ਵਰਕਰਾਂ ਖ਼ਿਲਾਫ਼ ਸਿਆਸੀ ਰੰਜਿਸ਼ ਤਹਿਤ ਕਾਰਵਾਈ ਰੋਕਣ 'ਤੇ ਧਿਆਨ ਦੇਣਾ ਚਾਹੀਦਾ ਹੈ।

# ਪਾਦਰੀ ਸੁਲਤਾਨ ਮਸੀਹ ਦੇ ਸ਼ਰਧਾਂਜਲੀ ਸਮਾਗਮ ਵਿੱਚ ਭਖਿਆ ਸਿਆਸੀ ਮਾਹੌਲ

**ਲੁਧਿਆਣਾ/ਬਿਊਰੋ ਨਿਊਜ਼ :** ਇੱਥੋਂ ਦੇ ਪੀਰੂ ਬੰਦਾ ਇਲਾਕੇ ਵਿਚ ਸਥਿਤ ਗਿਰਜਾ ਘਰ 'ਦਿ ਟੈਂਪਲ ਆਫ਼ ਗੌਡ' ਅੱਗੇ ਬੀਤੇ ਦਿਨ ਕਤਲ ਕੀਤੇ ਪਾਦਰੀ ਸੁਲਤਾਨ ਮਸੀਹ ਨਮਿਤ ਸ਼ਰਧਾਂਜਲੀ ਸਮਾਗਮ ਦਾਣਾ ਮੰਡੀ ਵਿੱਚ ਕਰਵਾਇਆ ਗਿਆ। ਸਮਾਗਮ ਵਿੱਚ ਸੈਂਕੜਿਆਂ ਦੀ ਗਿਣਤੀ ਵਿਚ ਮਸੀਹ ਭਾਈਚਾਰੇ ਦੇ ਲੋਕ ਸ਼ਾਮਲ ਹੋਏ ਪਰ ਇਸ ਮੌਕੇ ਵੀ ਸਿਆਸੀ ਆਗੂਆਂ ਨੇ ਇੱਕ ਦੂਜੇ 'ਤੇ ਸਿਆਸੀ ਤੀਰ ਹੀ ਚਲਾਏ। ਸ਼ਰਧਾਂਜਲੀ ਸਮਾਗਮ ਵਿੱਚ ਸਿੱਖਿਆ ਮੰਤਰੀ ਅਰੁਣਾ ਚੌਧਰੀ, ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, 'ਆਪ' ਦੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਆਪਣੇ ਵਿਧਾਇਕ ਸਾਥੀਆਂ ਸਮੇਤ ਸ਼ਾਮਲ ਹੋਏ। ਮਸੀਹ ਭਾਈਚਾਰੇ ਦੇ ਧਾਰਮਿਕ ਆਗੂਆਂ ਨੇ ਪਾਦਰੀ ਸੁਲਤਾਨ ਮਸੀਹ ਨੂੰ ਸ਼ਰਧਾਂਜਲੀ ਦਿੱਤੀ। ਦਾਣਾ ਮੰਡੀ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਮਜੀਠੀਆ ਨੇ ਕਿਹਾ ਕਿ ਇਹ ਕਤਲ ਕਾਂਡ ਪੁਲੀਸ ਤੇ ਸਰਕਾਰ ਦੀ ਵੱਡੀ ਅਸਫ਼ਲਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਤਾਂ ਬਣਾ ਦਿੱਤਾ ਹੈ, ਪਰ ਹੁਣ ਲੋਕਾਂ ਨੂੰ ਉਨ੍ਹਾਂ ਦੇ 'ਦਰਸ਼ਨ' ਹੀ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਕੈਪਟਨ ਦੀ ਜ਼ਿੰਮੇਵਾਰੀ ਸੀ ਕਿ ਉਹ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਆਉਂਦੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਧਾਰਮਿਕ ਸ਼ਖ਼ਸੀਅਤਾਂ 'ਤੇ ਹਮਲਿਆਂ ਸਬੰਧੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹੋਰ ਸਵਾਲ ਕਰਨ 'ਤੇ ਉਨ੍ਹਾਂ ਨੇ ਮੀਡੀਆ ਨੂੰ 'ਚੰਗੇ' ਸਵਾਲ ਪੁੱਛਣ ਦੀ ਸਲਾਹ ਦੇ ਦਿੱਤੀ। ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਹੀ ਉਨ੍ਹਾਂ ਨੂੰ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਭੇਜਿਆ ਹੈ। ਪੁਲੀਸ ਵੱਲੋਂ ਇਸ ਕੇਸ ਸਬੰਧੀ ਸੀਬੀਆਈ ਦੀ ਮਦਦ ਲਈ ਜਾ ਰਹੀ ਹੈ ਤੇ ਛੇਤੀ ਮਾਮਲੇ ਨੂੰ ਸੁਲਝਾ ਲਿਆ ਜਾਵੇਗਾ। 'ਆਪ' ਦੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਨੇ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਕੋਲ ਗ੍ਰਹਿ ਵਿਭਾਗ ਹੈ ਤੇ ਉਨ੍ਹਾਂ ਨੂੰ ਇਹ ਵਿਭਾਗ ਛੱਡ ਕੇ ਕਿਸੇ ਹੋਰ ਵਿਧਾਇਕ ਨੂੰ ਇਹ ਵਿਭਾਗ ਦੇ ਦੇਣਾ ਚਾਹੀਦਾ ਹੈ। ਮਸੀਹ ਭਾਈਚਾਰੇ ਦੇ ਲੋਕਾਂ ਨੇ ਪ੍ਰਾਰਥਨਾ ਕੀਤੀ ਕਿ ਪ੍ਰਮਾਤਮਾ ਸੁਲਤਾਨ ਮਸੀਹ ਦੀ ਆਤਮਾ ਨੂੰ ਸ਼ਾਂਤੀ ਦੇਵੇ।



ਪੁਲੀਸ ਨੇ ਹਿਰਾਸਤ ਵਿੱਚ ਲਏ ਸ਼ੱਕੀ :
ਪੁਲੀਸ ਕਮਿਸ਼ਨਰ ਆਰ.ਐਨ. ਢੋਕੇ ਨੇ ਦਾਅਵਾ ਕੀਤਾ ਕਿ ਕਤਲ ਕਾਂਡ ਸਬੰਧੀ ਪੁਲੀਸ ਨੂੰ 18 ਕਿਲੋਮੀਟਰ ਦੇ ਦਾਇਰੇ ਦੀ ਸੀਸੀਟੀਵੀ ਫੁਟੇਜ ਮਿਲੀ ਹੈ, ਜਿਸ ਵਿੱਚ ਮੁਲਜ਼ਮਾਂ ਬਾਰੇ ਕਾਫ਼ੀ ਜਾਣਕਾਰੀ ਮਿਲੀ ਹੈ। ਪੁਲੀਸ ਨੇ ਵੱਖ ਵੱਖ ਪਿੰਡਾਂ ਤੇ ਹੋਰਨਾਂ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਸੀ, ਜਿਸ ਤੋਂ ਬਾਅਦ ਕਈ ਸ਼ੱਕੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲੀਸ ਛੇਤੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਵੇਗੀ।

# ਕੈਪਟਨ ਨੇ ਆਪਣੀ ਸਲਾਹਕਾਰਾਂ ਤੇ ਓਐਸਡੀਜ਼ ਦੀ ਫ਼ੌਜ ਲਈ ਖੋਲ੍ਹੇ ਖਜ਼ਾਨੇ ਦੇ ਮੂੰਹ, ਪ੍ਰਤੀ ਮਹੀਨਾ ਉਡਾਏ ਜਾਣਗੇ 30 ਲੱਖ ਰੁਪਏ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਨੇ ਖ਼ਜ਼ਾਨਾ ਖਾਲੀ ਖੜਕਦਾ ਹੋਣ ਦੇ ਬਾਵਜੂਦ ਸਲਾਹਕਾਰਾਂ ਤੇ ਆਫੀਸਰਜ਼ ਆਨ ਸਪੈਸ਼ਲ ਡਿਊਟੀ (ਓਐਸਡੀਜ਼) ਦੀ ਫ਼ੌਜ, ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ 'ਤਾਇਨਾਤ' ਕੀਤਾ ਗਿਆ ਹੈ, ਲਈ ਤਨਖ਼ਾਹਾਂ ਤੈਅ ਕਰ ਦਿੱਤੀਆਂ ਹਨ। ਚਾਰ ਸਲਾਹਕਾਰਾਂ ਵਿਮਲ ਸੁੰਬਲੀ, ਕੈਪਟਨ ਸੰਦੀਪ ਸੰਧੂ, ਅਮਰਦੀਪ ਸਿੰਘ ਨੱਤ ਅਤੇ ਕਰਨਪਾਲ ਸਿੰਘ ਸੇਖੋਂ ਲਈ ਪ੍ਰਤੀ ਮਹੀਨਾ 1.25 ਲੱਖ ਰੁਪਏ ਤਨਖ਼ਾਹ ਨਿਰਧਾਰਤ ਕਰ ਦਿੱਤੀ ਹੈ ਜਦੋਂ ਕਿ ਸਲਾਹਕਾਰ ਭਰਤ ਇੰਦਰ ਸਿੰਘ ਚਾਹਲ ਅਤੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਪ੍ਰਤੀ ਮਹੀਨਾ ਡੇਢ ਲੱਖ ਰੁਪਏ ਤਨਖ਼ਾਹ ਲੈ ਰਹੇ ਹਨ। ਸਰਕਾਰ ਵਿਚ ਸੀਨੀਅਰ ਸਲਾਹਕਾਰ ਲੈਫ. ਜਨਰਲ ਟੀਐਸ ਸ਼ੇਰਗਿੱਲ ਨੂੰ ਉਨ੍ਹਾਂ ਵੱਲੋਂ ਸਰਵਿਸ ਵਿਚ ਹੋਣ ਸਮੇਂ ਕਢਾਈ ਆਖ਼ਰੀ ਤਨਖ਼ਾਹ ਬਰਾਬਰ ਤਨਖ਼ਾਹ ਦਿੱਤੀ ਜਾਵੇਗੀ। ਇਨ੍ਹਾਂ ਤੋਂ ਇਲਾਵਾ ਸਰਕਾਰ ਵੱਲੋਂ ਓਐਸਡੀਜ਼ ਦੀ ਟੀਮ, ਜਿਨ੍ਹਾਂ ਨੂੰ ਮੁੱਖ ਮੰਤਰੀ ਨੇ ਨਿਯੁਕਤ ਕੀਤਾ ਹੈ, ਲਈ ਵੀ ਤਨਖ਼ਾਹਾਂ ਤੈਅ ਕਰ ਦਿੱਤੀਆਂ ਹਨ। ਸੰਦੀਪ ਸੰਧੂ, ਹਨੀ ਸੇਖੋਂ, ਅੰਕਿਤ ਬਾਂਸਲ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ ਢੇਸੀ, ਸੰਦੀਪ ਬਰਾੜ ਅਤੇ ਦਮਨਜੀਤ ਮੋਹੀ ਨੂੰ 35 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਹੈ। ਵਿੱਤ ਵਿਭਾਗ ਵਿਚਲੇ ਸੂਤਰਾਂ ਮੁਤਾਬਕ ਇਨ੍ਹਾਂ ਸਲਾਹਕਾਰਾਂ ਤੇ ਓਐਸਡੀਜ਼ ਦੇ ਮਹਿਜ਼ ਤਨਖ਼ਾਹ ਦੇ ਬਿੱਲ ਹੀ ਤਕਰੀਬਨ 15.90 ਲੱਖ ਰੁਪਏ ਪ੍ਰਤੀ ਮਹੀਨਾ ਬਣਨਗੇ।
ਇਨ੍ਹਾਂ ਵਿਚੋਂ ਸਿਆਸੀ ਤੌਰ 'ਤੇ ਨਿਯੁਕਤ ਹੋਏ ਵਿਅਕਤੀ (ਖਾਸ ਤੌਰ 'ਤੇ ਸਲਾਹਕਾਰ) ਜਦੋਂ ਵੀ ਹੈਡਕੁਆਰਟਰ ਤੋਂ ਬਾਹਰ ਜਾਣਗੇ ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਆਵਾਜਾਈ ਭੱਤਾ ਤੇ ਰੋਜ਼ਾਨਾ ਭੱਤਾ ਵੀ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਦਫ਼ਤਰੀ ਸਹਾਇਕ, ਸਰਕਾਰੀ ਕਾਰ ਤੇ ਡਰਾਈਵਰ ਵੀ ਮੁਹੱਈਆ ਕਰਾਇਆ ਜਾਵੇਗਾ। ਸਰਫ਼ੇ ਦੀਆਂ ਗੱਲਾਂ ਕਰਨ ਵਾਲੀ ਪੰਜਾਬ ਸਰਕਾਰ ਇਨ੍ਹਾਂ ਸਿਆਸੀ ਨਿਯੁਕਤੀਆਂ ਉਤੇ ਪ੍ਰਤੀ ਮਹੀਨਾ ਤਕਰੀਬਨ 30 ਲੱਖ ਰੁਪਏ ਉਡਾਏਗੀ। ਸਰਕਾਰੀ ਅਦਾਰਿਆਂ ਵਿੱਚ ਇਨ੍ਹਾਂ ਨਿਯੁਕਤੀਆਂ ਦਾ ਮਹਿਜ਼ ਆਪਣੇ ਚਹੇਤਿਆਂ ਨੂੰ ਖ਼ੁਸ਼ ਕਰਨ ਤੋਂ ਬਿਨਾਂ ਹੋਰ ਕਈ ਮਕਸਦ ਨਹੀਂ ਹੈ।

# ਕਿਵੇਂ ਭੁੱਲ ਜਾਵਾਂ ’84 ਤੋਂ ’94 ਤੇ ਉਹ ‘ਅਣਪਛਾਤੀਆਂ’ ਲਾਸ਼ਾਂ...

**ਡਾ. ਹਰਸ਼ਿੰਦਰ ਕੌਰ, ਐਮ. ਡੀ.**
(ਮੋਬਾਈਲ : 0175-2216783)

**ਮੈਂ ਪੱਟੀ ਦਾ ਸਿਵਲ ਹਸਪਤਾਲ ਬੋਲਦਾਂ...**

**“ਮੈਨੂੰ ਅੱਜ ਮਜਬੂਰ ਹੋ ਕੇ ਚੁੱਪੀ ਤੋੜਨੀ ਪੈ ਗਈ ਹੈ ਕਿਉਂਕਿ ਮੈਂ ਅੱਜ ਆਪਣੀ ਹੀ ਹਦ ਅੰਦਰ ਦੋ ਜਣਿਆਂ ਨੂੰ ਗ਼ੱਲ ਕਰਦਿਆਂ ਸੁਣ ਲਿਆ ਹੈ ਕਿ 1984 ਹੁਣ ਭੱਲ ਜਾਣੀ ਚਾਹੀਦੀ ਹੈ। ਐਵੇਂ ਸਿਆਸੀ ਪਾਰਟੀਆਂ ਨੂੰ ਇਕ ਮੁੱਦਾ ਮਿਲਿਆ ਹੋਇਐ। ਜੀਊਣ ਜੋਗਿਓ, ਤੁਸੀਂ ਭੁਲਾ ਸਕਦੇ ਹੋਵੇਗੇ ਕਿਉਂਕਿ ਤੁਸੀਂ ਆਪ ਅੱਖੀਂ ਵੇਖੇ ਗਵਾਹ ਨਹੀਂ ਹੋ। ਪਰ ਮੈਂ ਕੀ ਕਰਾਂ ? ਉਨ੍ਹਾਂ ਸਾਰੀਆਂ ਬੇਕਸੂਰ ਅਣਪਛਾਤੀਆਂ ਲਾਸ਼ਾਂ ਤੇ ਉਨ੍ਹਾਂ ਦੀਆਂ ਮਜਬੂਰ ਮਾਵਾਂ ਦੀਆਂ ਸਹਿਕਦੀਆਂ ਅੱਖਾਂ ਕਿਵੇਂ ਭੁੱਲ ਜਾਵਾਂ ? ਤੁਸੀਂ ਏਨੇ ਬੇਰਹਿਮ ਕਿਵੇਂ ਹੋ ਸਕਦੇ ਹੋ ? ਅਜਿਹੇ ਜ਼ੁਲਮ ਨੂੰ ਸਿਰਫ਼ ਮੁੱਦਾ ਨਾਂ ਦੇ ਕੇ ਖ਼ਤਮ ਕਿਵੇਂ ਕਰ ਸਕਦੇ ਹੋ ?” (ਫਤਿਹ ਸਿੰਘ ਜੀ ਵੱਲੋਂ ਲਿਖੇ ਗਏ ਲੇਖ ਉੱਤੇ ਆਧਾਰਤ)**




“ਮੈਂ ਗਵਾਹ ਹਾਂ ਅਣਗਿਣਤ ਲਾਸ਼ਾਂ ਦਾ, ਜਿਨ੍ਹਾਂ ਨੂੰ ਲਾਵਾਰਿਸ ਦਾ ਨਾਂ ਦੇ ਕੇ 1984 ਤੋਂ 1994 ਤਕ ਪੋਸਟਮਾਰਟਮ ਕਰ ਕੇ ਸਾੜ ਦਿੱਤਾ ਗਿਆ ਸੀ। ਏਨੀ ਵੱਡੀ ਗਿਣਤੀ ਵਿਚ ਜਵਾਨ ਖ਼ੂਬਸੂਰਤ ਸਿੱਖ ਗਭਰੂਆਂ ਦੀਆਂ ਲਾਸ਼ਾਂ ਸ਼ਾਇਦ ਹੀ ਕਿਸੇ ਹੋਰ ਦੇ ਨਜ਼ਰੀਂ ਪਈਆਂ ਹੋਣ ਜਿੰਨੀਆਂ ਮੈਂ ਵੇਖੀਆਂ ਹਨ।

ਮੈਨੂੰ ਤਾਂ ਰੋਜ਼ ਦੀਆਂ ਪੁਲੀਸ ਦੀਆਂ ਘੂਕਰ ਵਜਾਉਂਦੀਆਂ ਜਿਪਸੀਆਂ ਵੇਖ ਕੇ ਭੈਅ ਹੀ ਲੱਗਣ ਲੱਗ ਪਿਆ ਸੀ। ਸਮਝ ਨਹੀਂ ਆਉਂਦੀ ਸੀ ਕਿ ਸਾਰੇ ਪੰਜਾਬ ਦੇ ਪਿੰਡਾਂ ਦੇ ਨੌਜਵਾਨ ਸਿੱਖ ਗਭਰੂ ਅਚਾਨਕ ਅਣਪਛਾਤੇ ਕਿਉਂ ਬਣ ਗਏ ਸਨ ? ਉਨ੍ਹਾਂ ਦੇ ਮਾਪੇ ਕਿੱਧਰ ਗੁੰਮ ਹੋ ਗਏ ਸਨ ? ਪੁਲੀਸ ਵਾਲੇ ਅੱਧੀਆਂ ਲਾਸ਼ਾਂ ਦਾ ਪੋਸਟਮਾਰਟਮ ਕੀਤੇ ਬਗ਼ੈਰ ਹੀ ਤੇਲ ਪਾ ਕੇ ਸਾੜਨ ਲਈ ਕਿਉਂ ਲੈ ਜਾਂਦੇ ਸਨ ?

ਮੇਰੀਆਂ ਕੰਧਾਂ ਦੀ ਕੂਕ ਕਿਸੇ ਨੇ ਨਹੀਂ ਸੁਣੀ। ਪਤਾ ਹੈ ਏਨੀਆਂ ਢੇਰ ਸਾਰੀਆਂ ਸਿੱਖ ਜਵਾਨ ਗਭਰੂਆਂ ਦੀਆਂ ਲਾਸ਼ਾਂ ਵੇਖ ਕੇ ਮੈਂ ਕਿਵੇਂ ਸਹਿਕਿਆ ? ਹਰ ਰੋਜ਼ ਦੀਆਂ ਪੰਜ-ਛੇ ਲਾਸ਼ਾਂ ਨੂੰ ਢੇਰ ਬਣਾ ਕੇ ਇਕੱਠੀਆਂ ਫੂਕ ਦਿੱਤੀਆਂ ਜਾਂਦੀਆਂ ਸਨ।

ਇਕ ਦਿਨ ਦੋ ਹੋਰ ਲਾਵਾਰਿਸ ਲਾਸ਼ਾਂ ਲਿਆਈਆਂ ਗਈਆਂ। ਮੈਂ ਕਿਵੇਂ ਭੁਲਾਵਾਂ ਉਹ ਦਿਨ। ਸਵਖ਼ਤੇ ਦਾ ਸਮਾਂ ਸੀ ਤੇ 30 ਅਕਤੂਬਰ 1993 ਦਾ ਦਿਨ। ਮੇਰਾ ਆਪਣਾ ਕਰਮਵੀਰ ਹੀ ਤਾਂ ਸੀ ਉਸ ਦਿਨ ਡਿਊਟੀ ਉੱਤੇ। ਭਿਖੀਵਿੰਡ ਪੁਲੀਸ ਦੀ ਜਿਪਸੀ ਵਉ-ਵਉ ਕਰਦੀ ਪਹੁੰਚੀ। ਦੋ ਹੋਰ ਜਵਾਨ ਲਾਸ਼ਾਂ ਵੇਖ ਕੇ ਮੈਂ ਤਾਂ ਦਹਿਲ ਗਿਆ। ਵਿਚਾਰੇ ਕਰਮਵੀਰ ਦਾ ਤਾਂ ਰੋਜ਼ ਦਾ ਕੰਮ ਬਣ ਗਿਆ ਸੀ। ਮੇਰੇ ਸਵਾਲ ਦਾ ਉਸੇ ਦਿਨ ਹੀ ਤਾਂ ਜਵਾਬ ਮਿਲਣਾ ਸੀ ਕਿ ਏਨੇ ਪੰਜਾਬ ਦੇ ਸਿੱਖ ਨੌਜਵਾਨ ਕਿਉਂ ਇਕਦਮ ਲਾਵਾਰਿਸ ਹੋ ਗਏ ?

ਮੇਰੀਆਂ ਕੰਧਾਂ ਨੇ ਉਸ ਦਿਨ ਇਕ ਅਜਬ ਨਜ਼ਾਰਾ ਵੇਖਿਆ ਜੋ ਮੈਂ ਕਦੇ ਭੁਲਾ ਨਹੀਂ ਸਕਣਾ ਜਦ ਤਕ ਮੇਰੀ ਇਕ ਵੀ ਇੱਟ ਬਾਕੀ ਏਥੇ ਰਹਿਣੀ ਹੈ। ਮੇਰੇ ਪਿਆਰੇ ਕਰਮਵੀਰ ਨੇ ਇਕ ਮੇਜ਼ ਉੱਤੇ ਪਈ ਲਾਸ਼ ਤੋਂ ਕੱਪੜਾ ਚੁੱਕਿਆ ਤੇ ਦੂਜਾ 20 ਕੁ ਸਾਲ ਦੇ ਮੁੱਛ ਫੁੱਟ ਗਭਰੂ ਦੀ ਲਾਸ਼, ਜੋ ਹੇਠਾਂ ਜ਼ਮੀਨ ਉੱਤੇ ਪਈ ਸੀ, ਦੇ ਮੂੰਹ ਉੱਤੋਂ ਵੀ ਕੱਪੜਾ ਲਾਹ ਦਿੱਤਾ।

ਮੈਂ ਗਵਾਹ ਹਾਂ ਉਸ ਮੌਕੇ ਦਾ, ਜਦੋਂ ਉਸ ਲਾਸ਼ ਨੇ ਉਸੇ ਸਮੇਂ ਅੱਖਾਂ ਖੋਲ੍ਹੀਆਂ। ਉਸ ਦੇ ਸਿਰ ਦੇ ਇਕ ਪਾਸਿਓਂ ਗੋਲੀ ਵੱਜੀ ਹੋਈ ਸੀ। ਪਰ ਉਹ ਮਰਿਆ ਨਹੀਂ, ਬਚ ਗਿਆ ਸੀ। ਜਦੋਂ ਉਸ ਹੌਲੀ ਜਿਹੀ ਪਾਣੀ ਮੰਗਿਆ ਤਾਂ ਤੁਹਾਨੂੰ ਯਕੀਨ ਤਾਂ ਨਹੀਂ ਆਉਣਾ ਕਿ ਜੇ ਕੰਧ ਹਿੱਲ ਸਕਦੀ ਹੁੰਦੀ ਤਾਂ ਮੇਰੀ ਹਰ ਇੱਟ ਉਸ ਲਈ ਭੱਜ ਕੇ ਪਾਣੀ ਲੈ ਆਉਂਦੀ ਤੇ ਉਸ ਦੀ ਕਹਾਣੀ ਪੁੱਛਦੀ।

ਜੀਊਂਦਾ ਰਹੇ ਕਰਮਵੀਰ ਜਿਸ ਨੇ ਝਟਪਟ ਬਾਹਰੋਂ ਪੁਲੀਸ ਕਰਮੀਆਂ ਦੀ ਅੱਖ ਬਚਾ ਕੇ ਪਾਣੀ ਲਿਆ ਕੇ ਉਸ ਨੂੰ ਦਿੱਤਾ।

ਮੈਨੂੰ ਉਦੋਂ ਸਮਝ ਨਹੀਂ ਆਈ ਕਿ ਇਹ ਤਾਂ ਸਾਡੇ ਹੀ ਆਪਣੇ ਰਾਖੇ ਹਨ, ਫੇਰ ਪੁਲੀਸ ਕਰਮੀਆਂ ਤੋਂ ਬਚ ਕੇ ਪਾਣੀ ਕਿਉਂ ਲਿਆਇਆ ਜਾ ਰਿਹੈ।

ਕਰਮਵੀਰ ਨੇ ਭੱਜ ਕੇ ਜਾ ਕੇ ਫਾਰਮਾਸਿਸਟ ਨਾਲ ਗ਼ੱਲ ਕੀਤੀ ਤੇ ਉਸ ਨੇ ਡਾ. ਜਸਵੰਤ ਜੋ ਡਿਊਟੀ ਉੱਤੇ ਸਨ, ਨੂੰ ਦੱਸਿਆ। ਮੈਂ ਹੈਰਾਨ ਸੀ ਕਿ ਸਾਰੇ ਏਨੀ ਲੁਕਵੀਂ ਗ਼ੱਲ ਕਿਉਂ ਕਰ ਰਹੇ ਸਨ। ਸਹਿਕ ਰਹੇ ਨੌਜਵਾਨ ਨੂੰ ਝਟਪਟ ਇਲਾਜ ਲਈ ਦੂਜੇ ਕਮਰੇ ਅੰਦਰ ਲਿਜਾਇਆ ਗਿਆ।

ਏਨੇ ਨੂੰ ਪੁਲੀਸ ਕਰਮੀਆਂ ਨੂੰ ਪਤਾ ਲੱਗ ਗਿਆ ਕਿ ਲਾਸ਼ ਤਾਂ ਅਜੇ ਜੀਊਂਦੀ ਹੈ। ਮੈਂ ਬਹੁਤ ਜ਼ਿਆਦਾ ਖ਼ੁਸ਼ ਸੀ ਕਿ ਹੁਣ ਇਹ ਨੌਜਵਾਨ ਬੱਚਾ ਲਾਵਾਰਿਸ ਨਹੀਂ ਰਿਹਾ। ਉਸ ਕੋਲੋਂ ਸਭ ਕੁੱਝ ਪਤਾ ਲੱਗ ਜਾਵੇਗਾ ਕਿ ਉਸ ਦਾ ਘਰ -ਬਾਰ ਕਿੱਥੇ ਹੈ ਤੇ ਮਾਪੇ ਕੌਣ ਹਨ। ਪੁਲੀਸ ਝਟਪਟ ਸਭ ਕੁੱਝ ਪਤਾ ਲਾ ਕੇ ਉਸ ਦੇ ਮਾਪਿਆਂ ਨੂੰ ਸੱਦ ਲਿਆਏਗੀ ਤੇ ਉਸ ਦੇ ਮਾਪੇ ਆਪਣੇ ਜਵਾਨ ਪੁੱਤਰ ਨੂੰ ਜ਼ਿੰਦਾ ਵੇਖ ਕੇ ਕਿੰਨਾ ਖ਼ੁਸ਼ ਹੋਣਗੇ।

ਪਰ ਇਹ ਕੀ ? ਪੁਲੀਸ ਕਰਮੀ ਤਾਂ ਸਗੋਂ ਇਲਾਜ ਕੀਤੇ ਜਾਣ ਤੋਂ ਰੋਕਣ ਲੱਗ ਪਏ ! ਗ਼ੱਲ ਸਮਝ ਨਹੀਂ ਆਈ ! ਨੌਜਵਾਨ ‘ਠੰਢ-ਠੰਢ’ ਕੂਕ ਰਿਹਾ ਸੀ ਸੋ ਉਸ ਨੂੰ ਕੰਬਲ ਦੇ ਕੇ ਇਲਾਜ ਸ਼ੁਰੂ ਕਰ ਦਿੱਤਾ ਗਿਆ।

ਕੁੱਝ ਪੁਲੀਸ ਕਰਮੀ ਤਾਂ ਪੀ.ਸੀ.ਓ. ਤੋਂ ਫ਼ੋਨ ਕਰਨ ਭੱਜ ਗਏ ਤੇ ਬਾਕੀ ਇਲਾਜ ਹੀ ਨਾ ਕਰਨ ਦੇਣ। ਖੌਰੇ ਕੀ ਲੋਹੜਾ ਵਾਪਰ ਗਿਆ ਸੀ। ਕੋਈ ਖ਼ੁਸ਼ ਦਿਸਦਾ ਹੀ ਨਹੀਂ ਸੀ ਪਿਆ। ਚੁਫ਼ੇਰੇ ਭੈਅ ਦਾ ਪਸਾਰਾ ਸੀ।

ਡਾ. ਜਸਵੰਤ ਨੇ ਹੌਲੀ ਜਿਹੀ ਨੌਜਵਾਨ ਦਾ ਨਾਂ ਪੁੱਛਿਆ ਤਾਂ ਉਸ ਕਿਹਾ ਕਿ ਉਹ ਸੁਣ ਨਹੀਂ ਸਕਦਾ ਸਿਰਫ਼ ਬੋਲ ਸਕਦਾ ਹੈ। ਕਨਪੱਟੀ ’ਤੇ ਵੱਜੀ ਗੋਲੀ ਨੇ ਉਸ ਦੀ ਸੁਣਨ ਸ਼ਕਤੀ ਖ਼ਤਮ ਕਰ ਦਿੱਤੀ ਸੀ।

ਜਦੋਂ ਕਾਗਜ਼ ਉੱਤੇ ਲਿਖ ਕੇ ਸਵਾਲ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਵਲਟੋਹੇ ਦੇ ਸ੍ਰ. ਹਰਭਜਨ ਸਿੰਘ ਦਾ ਲੜਕਾ ਹੈ ਤੇ ਉਸ ਦਾ ਨਾਂ ਸੁਰਜੀਤ ਸਿੰਘ ਹੈ।

ਜੋ ਕੁੱਝ ਉਸ ਅੱਗੇ ਦੱਸਿਆ, ਮੇਰੀਆਂ ਤਾਂ ਸੁਣ ਕੇ ਧਾਹਾਂ ਨਿਕਲ ਗਈਆਂ। ਉਸ ਵਿਚਾਰੇ ਨੂੰ 16 ਦਿਨ ਪਹਿਲਾਂ ਵਲਟੋਹੇ ਤੋਂ ਪੁਲੀਸ ਨੇ ਚੁੱਕ ਲਿਆ ਤੇ ਬੇਦੋਸ਼ੇ ਨੂੰ ਕੁੱਟਮਾਰ ਕੇ ਇਹ ਮਨਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਉਹ ਖ਼ਤਰਨਾਕ ਅਤਵਾਦੀ ਹੈ। ਭਿਖੀਵਿੰਡ ਥਾਣੇ ’ਚ ਉਸ ਦੀਆਂ ਅੱਖਾਂ ’ਚ ਮਿਰਚਾਂ ਪਾਈਆਂ ਗਈਆਂ, ਲੱਤਾਂ ਪਾੜ ਕੇ ਧੂਹਿਆ ਗਿਆ, ਪੁੱਠੇ ਲਟਕਾਇਆ ਗਿਆ, ਭੁੱਖੇ ਰੱਖ ਕੇ ਅਤਿ ਦਾ ਜ਼ਲੀਲ ਕੀਤਾ ਗਿਆ, ਮਲ ਮੂਤਰ ਲਈ ਵੀ ਪਾਣੀ ਨਾ ਦਿੱਤਾ ਗਿਆ। ਹਰ ਵਾਰ ਉਸ ਨੂੰ ਮੰਨਣ ਲਈ ਕਿਹਾ ਗਿਆ ਕਿ ਉਹ ਅਤਵਾਦੀ ਹੈ। ਪਰ ਇਹ ਝੂਠੀ ਗ਼ੱਲ ਸੀ, ਇਸ ਲਈ ਉਹ ਆਪਣੇ ਆਪ ਨੂੰ ਬੇਕਸੂਰ ਕਹਿੰਦਾ ਰਿਹਾ। ਇਸ ਤੋਂ ਬਾਅਦ ਉਸ ਦੇ ਹੱਥ ਪੈਰ ਬੰਨ੍ਹ ਕੇ ਜਿਪਸੀ ਵਿਚ ਸੁੱਟ ਦਿੱਤਾ ਗਿਆ। ਅੱਜ ਤੜਕੇ ਝੂਠਾ ਮੁਕਾਬਲਾ ਕਹਿ ਕੇ ਉਨ੍ਹਾਂ ਦੋਨਾਂ ਬੇਕਸੂਰਾਂ ਨੂੰ ਗੋਲੀਆਂ ਮਾਰ ਦਿੱਤੀਆਂ ਤੇ ਮਰਿਆ ਸਮਝ ਹੱਥ ਪੈਰ ਖੋਲ੍ਹ ਕੇ ਪੋਸਟ ਮਾਰਟਮ ਦੀ ਖਾਨਾ ਪੂਰਤੀ ਕਰਨ ਲਈ ਲੈ ਆਏ।

ਮੈਂ ਤਾਂ ਇਹ ਸਭ ਸੁਣ ਕੇ ਸੁੰਨ ਹੀ ਰਹਿ ਗਿਆ। ਇੰਜ ਜਾਪਿਆ ਜਿਵੇਂ ਖੰਡਰ ਬਣ ਗਿਆ ਹੋਵਾਂ। ਮੈਨੂੰ ਏਨੀਆਂ ਢੇਰਾਂ ਦੀਆਂ ਢੇਰ ਜਵਾਨ ਮੌਤਾਂ ਦਾ ਅਣਪਛਾਤੀਆਂ ਹੋਣ ਦੇ ਰਾਜ਼ ਦਾ ਪਤਾ ਲੱਗ ਗਿਆ ਸੀ।

ਬਹੁਤ ਸ਼ੁਕਰ ਕੀਤਾ ਕਿ ਇਕ ਜਾਨ ਤਾਂ ਘੱਟੋ-ਘੱਟ ਬਚੀ ਜੋ ਦੁਨੀਆ ਸਾਹਮਣੇ ਪੰਜਾਬ ਦੀ ਜਵਾਨੀ ਦਾ ਨਾਸ ਮਾਰੇ ਜਾਣ ਦਾ ਸਚ ਲਿਆਏਗੀ ਤੇ ਅਜਿਹੇ ਭਿਆਨਕ ਤਰੀਕੇ ਨਾਲ ਹੋ ਰਹੇ ਮਨੁੱਖੀ ਹੱਕਾਂ ਦੇ ਘਾਣ ਬਾਰੇ ਸਾਰੀ ਦੁਨੀਆ ਨੂੰ ਦੱਸੇਗੀ। ਹਸਪਤਾਲ ਦੇ ਕਰਮਚਾਰੀਆਂ ਨੇ ਝਟਪਟ ਉਸ ਦੇ ਘਰ ਸੁਨੇਹਾ ਭਿਜਵਾਇਆ।

ਏਨੇ ਨੂੰ ਇੰਸਪੈਕਟਰ ਸੀਤਾ ਰਾਮ ਬੁਨੈਣ ਪਾ ਕੇ, ਬਿਨਾਂ ਵਰਦੀ ਦੇ, ਪੈਰੀਂ ਚੱਪਲ ਪਾ ਕੇ ਉੱਥੇ ਪਹੁੰਚ ਗਿਆ। ਉਸ ਨੇ ਆਉਂਦੇ ਸਾਰ ਡਾਕਟਰ ਨੂੰ ਧੱਕਾ ਮਾਰ ਕੇ ਪਰ੍ਹਾਂ ਸੁੱਟ ਦਿੱਤਾ ਤੇ ਨੌਜਵਾਨ ਸੁਰਜੀਤ ਨੂੰ ਘਸੀਟ ਕੇ ਜਿਪਸੀ ਵਿਚ ਸੁੱਟ ਲਿਆ। ਥੋੜ੍ਹੀ ਦੂਰ ਲਿਜਾ ਕੇ ਦੁਬਾਰਾ ਉਸੇ ਥਾਂ ਕਨਪਟੀ ਉੱਤੇ ਬੰਦੂਕ ਰੱਖ ਕੇ ਗੋਲੀ ਮਾਰ ਦਿੱਤੀ ਤੇ ਕੁੱਝ ਪਲਾਂ ਵਿਚ ਹੀ ਵਾਪਸ ਭੁਆਂ ਕੇ ਮੇਰੀ ਦਹਿਲੀਜ਼ ’ਤੇ ਸੁਰਜੀਤ ਸਿੰਘ ਦੀ ਲਾਸ਼ ਸੁੱਟ ਦਿੱਤੀ ਤਾਂ ਜੋ ਪੋਸਟਮਾਰਟਮ ਕੀਤਾ ਜਾ ਸਕੇ। ਉੱਥੋਂ ਸਿੱਧਾ ਲਾਸ਼ ਨੂੰ ਲੱਦ ਕੇ ਸ਼ਮਸ਼ਾਨਘਾਟ ਲਿਜਾ ਕੇ ਤੇਲ ਪਾ ਕੇ ਫੂਕ ਦਿੱਤਾ ਗਿਆ। ਉਸ ਦੀ ਮਾਂ ਦਰਸ਼ਨ ਕੌਰ ਵਿਚਾਰੀ ਖ਼ਬਰ ਮਿਲਦੇ ਸਾਰ ਰੋਂਦੀ ਕੁਰਲਾਉਂਦੀ ਉੱਥੇ ਪੁੱਜੀ ਪਰ ਉਸ ਨੂੰ ਉਸ ਦੇ ਜਵਾਨ ਪੁੱਤਰ ਦੀ ਲਾਸ਼ ਵੀ ਨਾ ਵਿਖਾਈ ਗਈ।

ਕਿੰਨਾ ਅਣਖੀਲਾ ਸੀ ਸੁਰਜੀਤ ਸਿੰਘ ਜਿਸ ਨੇ ਇਕ ਵਾਰ ਵੀ ਕਿਸੇ ਅੱਗੇ ਗਿੜਗਿੜਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਵਹਿਸ਼ੀਆਨਾ ਮੌਤ ਸਾਹਮਣੇ ਵੇਖ ਕੇ ਵੀ ਸਿਰਫ਼ ਇਹੀ ਬੋਲਦਾ ਰਿਹਾ ਕਿ ਮੈਂ ਬੇਕਸੂਰ ਹਾਂ। ਮੈਂ ਕਿੰਜ ਭੁੱਲਾਂ ਉਸ ਬੇਕਸੂਰੇ ਨੂੰ, ਜੋ ਕੁੱਝ ਪਲ ਪਹਿਲਾਂ ਪੀੜ ਨਾਲ ਤੜਫਦਾ ਪਿਆ ਸੀ ਤੇ ਕੁੱਝ ਪਲਾਂ ਬਾਅਦ ਠੇਡੇ ਖਾਉਂਦੀ ਤੇ ਰੁਲਦੀ ਲਾਸ਼ ਬਣ ਗਿਆ ਸੀ। ਇਹ ਵੀ ਦੱਸੋ ਕਿ ਇਹ ਕਾਰਾ ਕਰਨ ਵਾਲਿਆਂ ਨੂੰ ਮੈਂ ਕਿਵੇਂ ਭੁਲਾ ਸਕਦਾ ਹਾਂ ?

ਮੈਂ ਤਾਂ ਆਪਣੀ ਹੱਦ ਅੰਦਰ ਹੀ ਸ੍ਰ. ਗੁਰਪਿੰਦਰ ਸਿੰਘ ਮੁਕਤਸਰ ਜੀ ਦਾ ਇਕ ਰਿਸਾਲੇ ਵਿਚ ਲਿਖਿਆ ਹੋਇਆ ਲੇਖ ਵੀ ਕਿਸੇ ਨੂੰ ਪੜ੍ਹਦੇ ਸੁਣਿਆ ਹੈ ਜਿਸ ਵਿਚ ਉਨ੍ਹਾਂ ਲਿਖਿਆ ਹੈ ਕਿ

ਸੀਤਲ ਸਿੰਘ ਅਟਾਰੀ ਜੀ ਨੂੰ 1984 ਵਿਚ ਅੱਖਾਂ ਵਿਚ ਮਿਰਚਾਂ ਪਾ ਕੇ, ਬਾਹਾਂ ਚੀਰ ਕੇ ਉਸ ਵਿਚ ਵੀ ਮਿਰਚਾਂ ਪਾ ਕੇ, ਫੇਰ ਕਿੱਕਰ ਦੀਆਂ ਸੂਲਾਂ ਵੱਢ ਕੇ ਉਸ ਉੱਤੇ ਲੱਤਾਂ ਬੰਨ੍ਹ ਕੇ ਇੱਧਰ-ਉੱਧਰ ਧੂਇਆ ਗਿਆ। ਪੋਸਟਮਾਰਟਮ ਕਰਨ ਬਾਅਦ ਅੱਧਾ ਕਿੱਲੋ ਮਿਰਚਾਂ ਢਿਡ ਅੰਦਰੋਂ ਵੀ ਨਿਕਲੀਆਂ। ਕਈ ਲਾਸ਼ਾਂ ਦੀਆਂ ਤਾਂ ਸਰੀਰ ਵਿੱਚੋਂ ਇਕ ਵੀ ਹੱਡੀ ਸਾਬਤ ਨਹੀਂ ਲੱਭੀ। ਹਰ ਅਣਪਛਾਤੀ ਲਾਸ਼ ਨਾਲ ਅਤਿ ਦਾ ਤਸ਼ੱਦਦ ਹੋਇਆ ਲੱਭਿਆ। ਮੈਨੂੰ ਅੱਜ ਮਜਬੂਰ ਹੋ ਕੇ ਚੁੱਪੀ ਤੋੜਨੀ ਪੈ ਗਈ ਹੈ ਕਿਉਂਕਿ ਮੈਂ ਅੱਜ ਆਪਣੀ ਹੀ ਹਦ ਅੰਦਰ ਦੋ ਜਣਿਆਂ ਨੂੰ ਗ਼ੱਲ ਕਰਦਿਆਂ ਸੁਣ ਲਿਆ ਹੈ ਕਿ 1984 ਹੁਣ ਭੱਲ ਜਾਣੀ ਚਾਹੀਦੀ ਹੈ। ਐਵੇਂ ਸਿਆਸੀ ਪਾਰਟੀਆਂ ਨੂੰ ਇਕ ਮੁੱਦਾ ਮਿਲਿਆ ਹੋਇਐ।

ਜੀਊਣ ਜੋਗਿਓ, ਤੁਸੀਂ ਭੁਲਾ ਸਕਦੇ ਹੋਵੇਗੇ ਕਿਉਂਕਿ ਤੁਸੀਂ ਆਪ ਅੱਖੀਂ ਵੇਖੇ ਗਵਾਹ ਨਹੀਂ ਹੋ। ਪਰ ਮੈਂ ਕੀ ਕਰਾਂ ? ਉਨ੍ਹਾਂ ਸਾਰੀਆਂ ਬੇਕਸੂਰ ਅਣਪਛਾਤੀਆਂ ਲਾਸ਼ਾਂ ਤੇ ਉਨ੍ਹਾਂ ਦੀਆਂ ਮਜਬੂਰ ਮਾਵਾਂ ਦੀਆਂ ਸਹਿਕਦੀਆਂ ਅੱਖਾਂ ਕਿਵੇਂ ਭੁੱਲ ਜਾਵਾਂ ? ਤੁਸੀਂ ਏਨੇ ਬੇਰਹਿਮ ਕਿਵੇਂ ਹੋ ਸਕਦੇ ਹੋ ? ਅਜਿਹੇ ਜ਼ੁਲਮ ਨੂੰ ਸਿਰਫ਼ ਮੁੱਦਾ ਨਾਂ ਦੇ ਕੇ ਖ਼ਤਮ ਕਿਵੇਂ ਕਰ ਸਕਦੇ ਹੋ ?

ਤਸੀਹੇ ਝੱਲ ਕੇ ਲਾਵਾਰਸਾਂ ਵਾਂਗ ਫੂਕੇ ਜਾਣ ਬਾਅਦ ਵੀ ਉਨ੍ਹਾਂ ਬੇਕਸੂਰਿਆਂ ਦੇ ਘਰਾਂ ਵਿਚ ਹਾਲੇ ਤਕ ਇਕ ਪੀੜ, ਇਕ ਹੂਕ ਸੁਣਦੀ ਹੈ। ਉਨ੍ਹਾਂ ਵਿਚੋਂ ਕਿਸੇ ਨੂੰ ਆਪਣੇ ਜਵਾਨ ਪੁੱਤਰਾਂ ਦਾ ਮੂੰਹ ਤਕ ਨਹੀਂ ਵਿਖਾਇਆ ਗਿਆ। ਲਾਵਾਰਸ ਤਾਂ ਅਸਲ ਵਿਚ ਇਹ ਸਾਰੇ ਮਾਪੇ ਹੋ ਗਏ ਸਨ ਜਿਨ੍ਹਾਂ ਦੀ ਦੇਖਭਾਲ ਲਈ ਕੋਈ ਨਹੀਂ ਬਚਿਆ। ਕੋਈ ਨਾਮਲੇਵਾ ਨਹੀਂ। ਜਿਨ੍ਹਾਂ ਦੀ ਭੁੱਲ ਜਾਣ ਦੀ ਗ਼ੱਲ ਚੱਲ ਰਹੀ ਹੈ, ਉਨ੍ਹਾਂ ਵਿਚੋਂ ਸੈਂਕੜੇ ਬੇਦੋਸਿਆਂ ਨੂੰ ਗਲੇ ਦੁਆਲੇ ਟਾਇਰ ਪਾ ਕੇ ਸਾੜਿਆ ਗਿਆ ਤੇ ਉਨ੍ਹਾਂ ਦੀਆਂ ਅਧਸੜੀਆਂ ਲਾਸ਼ਾਂ ਨੂੰ ਕੁੱਤੇ ਨੋਚਦੇ ਰਹੇ।

ਉਨ੍ਹਾਂ ਦਾ ਕਸੂਰ ਸਿਰਫ਼ ਏਨਾ ਸੀ ਕਿ ਸਾਰਿਆਂ ਦੇ ਸਿਰਾਂ ਉੱਤੇ ਵਾਲ ਬੰਨ੍ਹ ਕੇ ਜੂੜੇ ਬਣਾਏ ਗਏ ਸਨ ਤੇ ਸਿਰ ਕੱਜਣ ਲਈ ਦਸਤਾਰ ਬੰਨ੍ਹੀ ਹੋਈ ਸੀ। ਇਹ ਭਲਾ ਕਿੰਨਾ ਵੱਡਾ ਕਸੂਰ ਮੰਨਿਆ ਜਾ ਸਕਦਾ ਹੈ ?

ਅਜਿਹੇ ਪਹਿਰਾਵੇ ਵਾਲਿਆਂ ਦੀਆਂ ਵਹੁਟੀਆਂ, ਮਾਵਾਂ ਤੇ ਬੱਚੀਆਂ ਦੀ ਸਮੂਹਕ ਤੌਰ ਉੱਤੇ ਪੱਤ ਲੁੱਟੀ ਗਈ ਤੇ ਨਿਆਂ ਦੇਣ ਦੀ ਥਾਂ ਸਿਰਫ਼ ਭੁੱਲ ਜਾਣ ਦੀ ਗ਼ੱਲ ਸ਼ੁਰੂ ਹੋ ਗਈ ਹੈ ਜਾਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ !

ਅਜਿਹਾ ਕਹਿਣ ਵਾਲੇ ਸ਼ਾਇਦ ਅਣਜਾਣ ਹਨ ਤੇ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਦਸਤਾਰ ਬੰਨ੍ਹਣ ਵਾਲੇ ਕਿਸ ਮਿੱਟੀ ਦੇ ਬਣੇ ਹੁੰਦੇ ਹਨ। ਇਹ ਤਾਂ ਹਾਲੇ ਤੱਕ ਸਿਰ ਵੱਢ ਕੇ ਲਿਜਾਉਣ ਵਾਲਿਆਂ ਨੂੰ ਤੇ ਸਿਰਾਂ ਦੇ ਮੁੱਲ ਪਾਉਣ ਵਾਲੇ ਮੀਰ ਮਨੂੰ ਨੂੰ ਨਹੀਂ ਭੁੱਲੇ ! ਚਰਖੜੀਆਂ ਦੇ ਚੜ੍ਹਨ ਵਾਲਿਆਂ ਨੂੰ, ਆਰਿਆਂ ਨਾਲ ਚਿਰਵਾਏ ਜਾਣ ਵਾਲਿਆਂ ਨੂੰ ਤੇ ਵਿਛੜੇ ਗੁਰਦੁਆਰਿਆਂ ਤੱਕ ਨੂੰ ਰੋਜ਼ ਹਰ ਅਰਦਾਸ ਵਿਚ ਯਾਦ ਕਰਦੇ ਹਨ। ਇਹ ਕੌਮ ਭਲਾ 1984 ਨੂੰ ਕਿਵੇਂ ਭੁਲਾ ਸਕੇਗੀ ਜਿੱਥੇ ਗੁਰੂ ਸਾਹਿਬ ਦਾ ਤਖ਼ਤ ਤੱਕ ਢਹਿ ਗਿਆ ਹੋਵੇ ਤੇ ਅਣਗਿਣਤ ਬੇਦੋਸੇ ਤਸੀਹੇ ਦੇ-ਦੇ ਕੇ ਧਰਮ ਦੇ ਨਾਂ ਉੱਤੇ ਸ਼ਹੀਦ ਕਰ ਦਿੱਤੇ ਗਏ ਹੋਣ !

ਦੁੱਖ ਤਾਂ ਸਿਰਫ਼ ਇਸ ਗ਼ੱਲ ਦਾ ਹੈ ਕਿ ਜਿਨ੍ਹਾਂ ਲਈ ਦਸਤਾਰਾਂ ਵਾਲਿਆਂ ਨੇ ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਦੀਆਂ ਚੁੱਕੀਆਂ ਧੀਆਂ ਗਜ਼ਨੀ ਦੇ ਬਜ਼ਾਰਾਂ ਵਿਚੋਂ ਵਾਪਸ ਲਿਆਉਂਦੀਆਂ, ਉਨ੍ਹਾਂ ਦੇ ਹੀ ਵੰਸ਼ਜ ਇਹ ਕਾਰਾ ਕਰਨ ਵਾਲੇ ਹਨ। ਜੰਗ ਦੇ ਮੈਦਾਨ ਵਿਚ ਇਸੇ ਕੌਮ ਦੇ 87 ਫੀਸਦੀ ਜਵਾਨ ਛਾਤੀ ’ਤੇ ਗੋਲੀਆਂ ਖਾ ਕੇ ਆਜ਼ਾਦੀ ਦਵਾਉਣ ਵਾਲੇ ਸਨ, ਸੂਰਮੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਰਗਿਆਂ ਨੇ ਅੰਗਰੇਜ਼ਾਂ ਦੀਆਂ ਵੱਖੀਆਂ ਉਦੇੜ ਕੇ ਰੱਖ ਦਿੱਤੀਆਂ ਸਨ। ਉਨ੍ਹਾਂ ਦੀ ਅਗਲੀ ਪੌਦ ਨੂੰ ਰੌਂਦ ਕੇ ਰੱਖਣ ਤੇ ਲਾਵਾਰਸ ਲਾਸ਼ਾਂ ਬਣਾਉਣ ਵਾਲੇ ਇਹ ਕਿਵੇਂ ਭੁੱਲ ਸਕਦੇ ਹਨ ?

ਆਜ਼ਾਦੀ ਦੀ ਜੰਗ ਵੇਲੇ ਵੀ 10 ਹਜ਼ਾਰ ਤੋਂ ਵੱਧ ਖਾਲਸਾ ਫੌਜ ਜੇਲ੍ਹਾਂ ਵਿਚ ਤਾੜੀ ਗਈ, ਹਜ਼ਾਰਾਂ ਸਿੱਖ ਜਰਨੈਲ ਕੈਦ ਕੀਤੇ ਗਏ ਤੇ ਹਜ਼ਾਰਾਂ ਸਿੱਖ ਜਵਾਨ ਲਾਪਤਾ ਕਰਾਰ ਕਰ ਦਿੱਤੇ ਗਏ।

ਕੀ ਆਜ਼ਾਦੀ ਦੀ ਉਹ ਭੂਮਿਕਾ ਵੀ ਭੁਲਾ ਦਿੱਤੀ ਗਈ ਹੈ ? ਝੂਠ ਤੇ ਕੁਫਰ ਤੋਲ ਕੇ ਸਿੱਖ ਬੀਬੀਆਂ ਦੀ ਬਹਾਦਰੀ ਵੀ ਰੋਲ ਦਿੱਤੀ ਗਈ ਹੈ। ਰਾਣੀ ਝਾਂਸੀ ਤੇ ਲਕਸ਼ਮੀ ਬਾਈ ਨੂੰ ਬੱਚਾ-ਬੱਚਾ ਜਾਣਦਾ ਹੈ ਪਰ ਕਿਤਾਬਾਂ ਵਿਚ ਮਾਈ ਭਾਗੋ ਵਿਸਾਰ ਦਿੱਤੀ ਗਈ ਹੈ।

1947 ਵੀ ਭੁੱਲੀ, ਹੁਣ 1984 ਵੀ ਭੁਲਾਉਣ ਉੱਤੇ ਜ਼ੋਰ ਲਾ ਦਿੱਤਾ ਗਿਆ ਹੈ। 1993 ਤਕ ਦਾ ਜਬਰ ਹੌਲੀ-ਹੌਲੀ ਦਫਨ ਹੋ ਜਾਣ ਵਾਲਾ ਹੈ।

ਪਰ, ਮੈਨੂੰ ਯਕੀਨ ਹੈ ਕਿ ਹਰੀ ਸਿੰਘ ਨਲੂਏ ਦੀ ਇਹ ਪੁਸ਼ਤ ਸ਼ੇਰਾਂ ਨਾਲ ਜੂਝਦੀ ਆਈ ਹੈ ਤੇ ਹਮੇਸ਼ਾ ਜ਼ੁਲਮ ਕਰਨ ਵਾਲਿਆਂ ਨੂੰ ਖ਼ਤਮ ਵੀ ਕਰਦੀ ਆਈ ਹੈ। ਇਹ ਕੌਮ ਜ਼ਾਲਮਾਂ ਨੂੰ ਭੁੱਲਦੀ ਨਹੀਂ ਤੇ ਪੁਸ਼ਤ-ਦਰ-ਪੁਸ਼ਤ ਇਹ ਪੀੜ ਅਗਾਂਹ ਪਹੁੰਚਾਉਂਦੀ ਹੈ, ਭਾਵੇਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਵੇ ਤੇ ਭਾਵੇਂ ਬੇਦੋਸਿਆਂ ਨੂੰ ਅਣਪਛਾਤੇ ਕਹਿ ਕੇ ਮਾਰ ਮੁਕਾਇਆ ਹੋਵੇ !

ਇਕ ਮਾਰੇ ਜਾਣ ਉੱਤੇ ਚਾਰ ਹੋਰ ਪੈਦਾ ਹੁੰਦੇ ਰਹੇ ਹਨ ਤੇ ਪੈਦਾ ਹੁੰਦੇ ਰਹਿਣਗੇ !

**ਬਾਕੀ ਸਫ਼ਾ 31 ’ਤੇ**

# ਸੁਖਪਾਲ ਖਹਿਰਾ ਦੇ ਵਿਰੋਧੀ ਧਿਰ ਦਾ ਆਗੂ ਬਣਨ ਪਿਛਲੇ ਤੱਥ-ਸੱਚ

**ਗੁਰਪ੍ਰੀਤ ਸਿੰਘ ਮੰਡਿਆਣੀ**

ਆਮ ਆਦਮੀ ਪਾਰਟੀ ਪੰਜਾਬ ਦੇ ਵਿਧਾਇਕ ਅਤੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੇ ਵਿਰੋਧੀ ਧਿਰ ਦਾ ਆਗੂ ਚੁਣੇ ਜਾਣ 'ਤੇ ਪਾਰਟੀ ਵਰਕਰਾਂ ਅਤੇ ਆਮ ਲੋਕਾਂ 'ਚ ਜਿਹੋ ਜਿਹੀ ਖੁਸ਼ੀ ਦਾ ਇਜ਼ਹਾਰ ਦੇਖਣ ਨੂੰ ਮਿਲ ਰਿਹਾ ਹੈ, ਇਹੋ ਜਿਹੀ ਖੁਸ਼ੀ ਕਾਂਗਰਸੀ ਵਰਕਰਾਂ ਅਤੇ ਆਮ ਲੋਕਾਂ ਵਿੱਚ ਉਦੋਂ ਦੇਖਣ ਨੂੰ ਮਿਲੀ ਸੀ ਜਦੋਂ 25 ਦਸੰਬਰ 2015 ਨੂੰ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਐਲਾਨਿਆ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਹਾਈ ਕਮਾਂਡ ਪੰਜਾਬ ਦੀ ਵਾਗਡੋਰ ਸੰਭਾਲਣ ਦੇ ਮੂਡ 'ਚ ਨਹੀਂ ਸੀ ਤੇ ਇਹੋ ਜਿਹੇ ਵਿਚਾਰ ਹੀ ਆਮ ਆਦਮੀ ਪਾਰਟੀ ਹਾਈ ਕਮਾਂਡ ਦੇ ਸੁਖਪਾਲ ਸਿੰਘ ਖਹਿਰਾ ਬਾਬਤ ਸੁਣਨ ਨੂੰ ਮਿਲ ਰਹੇ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਵੀ ਪ੍ਰਧਾਨ ਨਾ ਬਣਨ ਦੀ ਸੂਰਤ 'ਚ ਪਾਰਟੀ ਤੋਂ ਬਾਗੀ ਹੋਣ ਦੇ ਮਨਸੂਬੇ ਜੱਗ ਜਾਹਿਰ ਕਰ ਦਿੱਤੇ ਸੀ ਅਤੇ ਖਹਿਰਾ ਨੇ ਵੀ ਉਹਨਾਂ ਨੂੰ ਪਾਰਟੀ ਦਾ ਸੂਬਾਈ ਪ੍ਰਧਾਨ ਨਾ ਬਣਾਏ ਜਾਣ ਤੋਂ ਬਾਅਦ ਪਾਰਟੀ ਦੇ ਚੀਫ ਵ੍ਹਿਪ ਦਾ ਅਹੁਦਾ ਤਿਆਗ ਕੇ ਹਾਈ ਕਮਾਂਡ ਨੂੰ ਅੱਖਾਂ ਦਿਖਾ ਦਿੱਤੀਆਂ ਸੀ। ਜੇ ਦੋਵਾਂ ਪਾਰਟੀਆਂ ਨੇ ਇਨ੍ਹਾਂ ਨੂੰ ਅਪਣੀ ਪਾਰਟੀ ਦੇ ਮੋਹਰੀ ਮਿਥਿਆ ਹੈ ਤਾਂ ਉਹਦੇ ਪਿੱਛੇ ਸਿਰਫ ਬਾਗੀ ਹੋਣ ਦੇ ਸੰਕੇਤ ਨਹੀਂ ਹਨ ਕਿਉਂਕਿ ਕਾਂਗਰਸ ਨੇ ਜਿਵੇਂ ਪਾਰਟੀ ਦੇ ਖਿਲਾਫ ਚੂੰ ਕਰਨ ਵੱਲੋਂ ਕੱਦਾਵਾਰ ਆਗੂ ਜਗਮੀਤ ਸਿੰਘ ਬਰਾੜ ਨੂੰ ਪਾਰਟੀ 'ਚੋਂ ਮੁਅੱਤਲ ਕੀਤਾ ਉਵੇਂ ਹੀ ਆਮ ਆਦਮੀ ਵਾਲਿਆਂ ਨੇ ਪਾਰਟੀ ਦੇ ਐਮ. ਪੀਜ਼ ਨੂੰ ਮੁਅਤੱਲ ਕੀਤਾ ਅਤੇ ਅੱਜ ਤਾਈਂ ਬਹਾਲੀ ਨਹੀਂ ਕੀਤੀ। ਕਾਂਗਰਸ ਨੇ ਜਗਮੀਤ ਬਰਾੜ ਨੂੰ ਬੜੇ ਤਰਲਿਆਂ ਤੋਂ ਬਾਅਦ ਕੇਰਾਂ ਤਾਂ ਬਹਾਲ ਕਰ ਦਿੱਤਾ ਪਰ ਦੁਬਾਰਾ ਮਾੜੀ ਜਹੀ ਚੂੰ ਕਰਨ 'ਤੇ ਫੇਰ ਪਾਰਟੀ 'ਚੋਂ ਕੱਢ ਦਿੱਤਾ। ਕੈਪਟਨ ਅਤੇ ਖਹਿਰਾ ਦੋਵਾਂ ਨੂੰ ਹੀ ਪ੍ਰਧਾਨਗੀਆਂ ਸਿਰਫ ਅੱਖਾਂ ਦਿਖਾਉਣ ਪਿਛੇ ਹੀ ਨਹੀਂ ਮਿਲੀਆਂ। ਕਿਉਂ ਮਿਲੀਆਂ ਇਹ ਜਾਨਣ ਲਈ ਸਾਨੂੰ ਪੰਜਾਬ ਦੀਆਂ ਹੱਟੀਆਂ ਭੱਠੀਆਂ 'ਤੇ ਬਹਿਣਾ ਪਊਗਾ ਤੇ ਨਵੀਂ ਸੱਥ ਫੇਸ ਬੁੱਕ 'ਚ ਅੱਖਾਂ ਗੱਡਣੀਆਂ ਪੈਣਗੀਆਂ। ਫੇਸਬੁੱਕ ਇੱਕ ਅਜਿਹੀ ਸੱਥ ਹੈ ਜਿਥੇ ਤੁਸੀਂ ਲੋਕਾਂ ਦੇ ਚੇਹਰੇ ਦੇਖਣ ਤੋਂ ਇਲਾਵਾ ਉਹਨਾਂ ਦੇ ਮਨ ਵੀ ਪੜ੍ਹ ਸਕਦੇ ਓਂ।

ਸੁਖਪਾਲ ਸਿੰਘ ਖਹਿਰਾ ਦੀ ਵਿਰੋਧੀ ਧਿਰ ਦੇ ਆਗੂ ਵਜੋਂ ਚੋਣ ਦਾ ਬਕਾਇਦਾ ਐਲਾਨ 20 ਜੁਲਾਈ ਸ਼ਾਮ 5:00 ਵਜੇ ਹੋਇਆ ਪਰ ਇਸ ਗੱਲ ਦੇ ਸੰਕੇਤ ਦੁਪਹਿਰ ਨੂੰ ਹੀ ਮਿਲ ਗਏ ਸੀ ਤੇ ਸੰਕੇਤ ਦੀ ਇਹ ਖਬਰ ਫੇਸ ਬੁੱਕ 'ਤੇ ਇਓਂ ਫੈਲੀ ਜਿਵੇਂ ਕਿਸੇ ਅਹਿਮ ਹਲਕੇ 'ਚ ਵੋਟਾਂ ਦੀ ਗਿਣਤੀ 'ਚ ਕਿਸੇ ਉਮੀਦਵਾਰ ਦੀ ਵੋਟਾਂ ਵਿੱਚ ਲੀਡ ਕਰਨ ਦੀ ਖਬਰ ਫੈਲਦੀ ਹੈ। ਪੰਜਾਬ 'ਚ ਅੱਜ ਤਾਈਂ ਕਿਸੇ ਬੰਦੇ ਦੇ ਵਿਰੋਧੀ ਧਿਰ ਦੇ ਆਗੂ ਚੁਣੇ ਜਾਣ ਦੀ ਖਬਰ ਨੂੰ ਇਸ ਕਿਸਮ ਦੀ ਅਹਿਮੀਅਤ ਨਹੀਂ ਮਿਲੀ। ਫੇਸ ਬੁੱਕ ਦੇ ਨਾਲ-ਨਾਲ ਪਿੰਡਾਂ ਦੇ ਖੂੰਡਾਂ 'ਤੇ ਆਮ ਪਾਰਟੀ ਨੂੰ ਵਿਧਾਨ ਸਭਾ 'ਚ ਵੋਟ ਦੇਣ ਵਾਲਿਆ ਦੀਆਂ ਇਓਂ ਵਾਛਾਂ ਖਿੜੀਆਂ ਜਿਵੇਂ ਚਿਰਾਂ ਦੀ ਔੜ ਤੋਂ ਬਾਅਦ ਠੋਕਵਾਂ ਮੀਂਹ ਵਰ੍ਹਿਆ ਹੋਵੇ। ਇਹਦੇ ਨਾਲ ਮਿਲਦਾ ਜੁਲਦਾ ਨਜ਼ਾਰਾ ਕੈਪਟਨ ਦੇ ਪ੍ਰਧਾਨ ਬਣਨ ਵੇਲੇ ਦੇਖਣ ਨੂੰ ਮਿਲਿਆ ਸੀ।

ਕਾਂਗਰਸ ਹਾਈ ਕਮਾਂਡ ਜਦੋਂ ਪ੍ਰਧਾਨਗੀ ਬਾਰੇ ਸੂਬਾਈ ਕਾਂਗਰਸੀਆਂ ਦੇ ਵਿਚਾਰ ਸੁਣ ਰਹੀ ਸੀ ਤਾਂ ਕੈਪਟਨ ਹਮਾਇਤੀਆਂ ਤੋਂ ਇਲਾਵਾ ਕੈਪਟਨ ਮੁਖਾਲਿਫਾਂ ਨੇ ਵੀ ਹਾਈ ਕਮਾਂਡ ਨੂੰ ਸੱਚੀ ਗੱਲ ਸੁਣਾਉਂਦਿਆਂ ਆਖਿਆ ਕਿ ਪੰਜਾਬ 'ਚ ਬਾਦਲਾਂ ਦਾ ਮੁਕਾਬਲਾ ਕਰਨਾ ਕੈਪਟਨ ਤੋਂ ਸਿਵਾਏ ਕਿਸੇ ਹੋਰ ਦੇ ਵੱਸ ਦੀ ਗੱਲ ਨਹੀਂ। ਜੇ ਚੋਣਾਂ ਜਿੱਤਣੀਆਂ ਨੇ ਤਾਂ ਰਾਜੇ ਨੂੰ ਮੂਹਰੇ ਕਰੋ। ਅਜਿਹਾ ਕਹਿਣ ਵਾਲਿਆਂ ਦੀ ਪਿੱਠ 'ਤੇ ਲੋਕ ਆਵਾਜ਼ ਸੀ। ਪੰਜਾਬ ਦੇ ਲੋਕਾਂ ਦਾ ਬਾਦਲਾਂ ਪ੍ਰਤੀ ਗੁੱਸਾ ਸੱਤਵੇਂ ਅਸਮਾਨ 'ਤੇ ਸੀ। ਪੰਜਾਬ ਦੀ ਕਾਂਗਰਸ 'ਚ ਸਿਰਫ ਅਮਰਿੰਦਰ ਸਿੰਘ ਦੇ ਹੱਥ 'ਚ ਹੀ ਬਾਦਲਾਂ ਖਿਲਾਫ ਲੜ ਸਕਣ ਵਾਲੀ ਗੁਰਜ਼ ਸੀ। ਇਸੇ ਲਈ ਬਾਦਲਾਂ ਖਿਲਾਫ ਲੜਾਈ ਲੜਨ ਦੀ ਮਨਸ਼ਾ ਨੇ ਹੀ ਅਮਰਿੰਦਰ ਸਿੰਘ ਨੂੰ ਪਾਰਟੀ ਪ੍ਰਧਾਨ ਬਣਾਇਆ। ਚੋਣ ਲੜਨ ਵਾਲੇ ਸਾਰੇ ਚਾਹਵਾਨਾਂ ਦੀ ਮਾਰਫਤ ਲੋਕਾਂ ਦਾ ਸੁਨੇਹਾ ਹਾਈ ਕਮਾਂਡ ਦੇ ਕੰਨਾਂ 'ਚ ਪਿਆ ਤਾਂ ਹੀ ਹਾਈ ਕਮਾਂਡ ਨੇ ਆਪਦੀ ਇੱਛਾ ਦੇ ਉਲਟ ਰਾਜੇ ਨੂੰ ਪ੍ਰਧਾਨ ਬਣਾਉਣਾ ਪਿਆ ਇਸੇ ਫੈਸਲੇ ਤੋਂ ਸਕੂਨ ਮਹਿਸੂਸ ਕਰਦੇ ਹੋਏ ਹੀ ਲੋਕਾਂ ਨੇ ਖੁਸ਼ੀਆਂ ਮਨਾਈਆਂ। ਵਿਧਾਨ ਸਭਾ ਵਿੱਚ ਲੜਾਈ ਭਾਵੇਂ ਤਿੰਨ ਧਿਰਾਂ ਦੇ ਦਰਮਿਆਨ ਸੀ ਪਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਸਾਰੀ ਲੜਾਈ ਅਕਾਲੀਆਂ ਨੂੰ ਨਿਸ਼ਾਨਾ ਮਿੱਥ ਕੇ ਲੜੀ। ਬਾਦਲਾਂ ਖਿਲਾਫ ਲੋਕਾਂ ਦੇ ਗੁੱਸੇ ਨੂੰ ਕੈਸ਼ ਕਰਾਉਣ ਖਾਤਰ ਕੈਪਟਨ ਅਮਰਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਨੇ ਬਾਦਲਾਂ ਅਤੇ ਮਜੀਠੀਏ ਨੂੰ ਅੰਦਰ ਕਰਨ ਵਾਲੀ ਗੱਲ ਨੂੰ ਚੋਣ ਪ੍ਰਚਾਰ ਦਾ ਮੁੱਖ ਮਸਲਾ ਬਣਾਇਆ। ਕੇਜਰੀਵਾਲ ਨੇ ਸਰਕਾਰ ਬਣਨ ਤੋਂ 30 ਦਿਨਾਂ ਵਿੱਚ ਮਜੀਠੀਏ ਨੂੰ ਅੰਦਰ ਕਰਨ ਦਾ ਵਾਅਦਾ ਕੀਤਾ ਤੇ ਅਮਰਿੰਦਰ ਸਿੰਘ ਨੇ 4 ਹਫਤਿਆਂ ਵਿੱਚ ਚਿੱਟਾ ਨਸ਼ਾ ਖਤਮ ਕਰਨ ਦੀ ਸੌਂਹ ਖਾਧੀ ਸੀ।

ਵੋਟਾਂ 'ਚ ਹਾਰ ਜਾਣ ਕਰਕੇ ਆਮ ਆਦਮੀ ਪਾਰਟੀ ਤਾਂ ਚੋਣ ਵਾਅਦੇ ਪੂਰੇ ਕਰਨ ਦੀ ਜ਼ੁੰਮੇਵਾਰੀ ਤੋਂ ਸੁਰਖਰੂ ਹੋ ਗਈ ਤੇ ਇਹ ਜ਼ੁੰਮੇਵਾਰੀ ਕੈਪਟਨ ਦੇ ਮੋਢਿਆਂ 'ਤੇ ਆਣ ਪਈ ਪਰ ਕੈਪਟਨ ਬਾਦਲ-ਮਜੀਠੀਏ ਨੂੰ ਅੰਦਰ ਕਰਨ 'ਚ ਫੇਲ੍ਹ ਹੀ ਨਹੀਂ ਹੋਇਆ ਬਲਕਿ ਉਹਨਾਂ ਨੇ ਸਿੱਧਾ ਸੰਕੇਤ ਦੇ ਦਿੱਤਾ ਕਿ ਮੈਂ ਨਹੀਂ ਬਾਦਲਾਂ-ਮਜੀਠੀਏ ਨੂੰ ਕੁੱਝ ਕਹਿਣਾ। ਚਿੱਟੇ ਦਾ ਕੋਈ ਸੂਬਾ ਪੱਧਰੀ ਵਪਾਰੀ ਤਾਂ ਛੱਡੋ ਕੋਈ ਠਾਣਾ ਪੱਧਰੀ ਚਿੱਟਾ ਵੇਚਣ ਵਾਲਾ ਵੀ ਨਹੀਂ ਫੜ੍ਹਿਆ ਗਿਆ। ਕੈਪਟਨ ਵੱਲੋਂ ਆਪਣੇ ਚੋਣਾਂ ਮੌਕੇ ਐਲਾਨਾਂ ਤੋਂ ਪਿਛਾਂਹ ਹਟਣ ਕਰਕੇ ਆਮ ਵੋਟਰਾਂ ਤੋਂ ਇਲਾਵਾ ਕਾਂਗਰਸ ਦੇ ਵੱਡੇ ਆਗੂ ਵੀ ਘੋਰ ਨਿਰਾਸ਼ਾ ਦੇ ਆਲਮ 'ਚ ਨੇ। ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਤਾਂ ਪੱਤਰਕਾਰਾਂ ਦੇ ਮੂਹਰੇ ਹੀ ਆਖ ਦਿੱਤਾ ਕਿ ਬਹੁਤੇ ਕਾਂਗਰਸੀ ਵਿਧਾਇਕ ਵੀ ਮੁੱਖ ਮੰਤਰੀ 'ਤੇ ਇਸ ਗੱਲੋਂ ਔਖੇ ਨੇ। ਬਾਦਲਾਂ ਦੀਆਂ ਬੱਸਾਂ ਅਤੇ ਕੇਬਲ ਨੈਟਵਰਕ ਵੀ ਉਵੇਂ ਦਾ ਉਵੇਂ ਹੀ ਚੱਲ ਰਿਹਾ ਹੈ। ਨਵੀਂ ਸਰਕਾਰ ਬਾਦਲਾਂ ਦੀਆਂ ਬੱਸਾਂ 'ਤੇ ਕੋਈ ਵੀ ਆਂਚ ਨਾ ਆਉਣ ਦੀਆਂ ਖਬਰਾਂ ਵੀ ਨਿੱਤ ਅਖਬਾਰਾਂ 'ਚ ਛਪਦੀਆਂ ਨੇ।

ਜੇ ਲੋਕਾਂ ਨੂੰ ਬਾਦਲਾਂ ਦੇ ਖਿਲਾਫ ਗੁੱਸਾ ਹੈ ਤਾਂ ਬਾਦਲਾਂ ਨਾਲ ਨਰਮੀ ਦਿਖਾਉਣ ਵਾਲੇ ਮੁੱਖ ਮੰਤਰੀ ਤੇ ਲੋਕ ਕਿਹੜਾ ਖੁਸ਼ ਹੋਣਗੇ। ਦੂਜੇ ਪਾਸੇ ਸੁਖਪਾਲ ਸਿੰਘ ਖਹਿਰਾ ਨੇ ਆਪਣੀ ਪਹਿਲਾਂ ਵਾਲੀ ਤੇਜ਼ ਤਰਾਰ ਰਫਤਾਰ ਕਾਇਮ ਰੱਖਦਿਆਂ ਜਿਸ ਤਰੀਕੇ ਨਾਲ ਪੰਜਾਬ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਖਿਲਾਫ ਭ੍ਰਿਸ਼ਟਾਚਾਰ ਦੇ ਨਿੱਤ ਵੱਡੇ ਵੱਡੇ ਬਾ-ਦਲੀਲ ਦੋਸ਼ ਲਾਏ ਹਨ ਇਸ ਨਾਲ ਖਹਿਰਾ ਲੋਕਾਂ ਦੇ ਸਾਹਮਣੇ ਇਹ ਸਾਬਿਤ ਕਰਨ ਵਿੱਚ ਕਾਮਯਾਬ ਹੋ ਰਿਹਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਨਵੀਂ ਸਰਕਾਰ ਪਹਿਲਾਂ ਵਾਲੀ ਸਰਕਾਰ ਤੋਂ ਘੱਟ ਨਹੀਂ ਹੈ। ਦੂਜੇ ਪਾਸੇ ਖਹਿਰਾ ਇਹ ਸਾਬਤ ਕਰਨ ਵੀ ਲਗਾਤਾਰ ਕਾਮਯਾਬ ਹੋ ਰਿਹਾ ਹੈ ਕਿ ਬਾਦਲ ਅਤੇ ਅਮਰਿੰਦਰ ਸਿੰਘ ਇੱਕ ਦੂਜੇ ਨਾਲ ਰਲੇ ਹੋਏ ਹਨ। ਪਿਛਲੇ ਚਾਰ ਮਹੀਨਿਆਂ ਵਿੱਚ ਸਿਰਫ ਵਿਧਾਇਕ ਹੁੰਦਿਆਂ ਸੁਖਪਾਲ ਸਿੰਘ ਖਹਿਰਾ ਨੇ ਜਿਵੇਂ ਪਾਣੀ ਪੀ ਪੀ ਬਾਦਲਾਂ ਅਤੇ ਅਮਰਿੰਦਰ ਸਿੰਘ 'ਤੇ ਜਿਸ ਸ਼ਿਦੱਤ ਨਾਲ ਹਮਲੇ ਕੀਤੇ ਹਨ ਉਸ ਕਰਕੇ ਹੀ ਉਹ ਨਿਰਾਸ਼ਤਾ ਦੇ ਆਲਮ 'ਚ ਜਾ ਲੋਕਾਂ ਸਾਹਮਣੇ ਆਸ ਦੀ ਕਿਰਨ ਵਾਂਗੂੰ ਚਮਕਿਆ ਹੈ। ਹੱਟੀ ਭੱਠੀ ਅਤੇ ਫੇਸਬੁੱਕ 'ਤੇ ਖਹਿਰਾ-ਖਹਿਰਾ ਹੋਣ ਲਗੀ। ਇਸ ਤਰ੍ਹਾਂ ਵਿਰੋਧੀ ਧਿਰ ਦੇ ਆਗੂ ਹਰਵਿੰਦਰ ਸਿੰਘ ਫੂਲਕਾ ਨੇ ਅਸਤੀਫ਼ਾ ਦੇ ਕੇ ਇਹ ਅਹੁਦਾ ਖਾਲੀ ਕਰ ਦਿੱਤਾ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਕੋਲ ਵੀ ਲੋਕਾਂ ਦੀ ਇਹ ਆਵਾਜ਼ ਪੁੱਜਣ ਲਗੀ ਕਿ ਹੁਣ ਤਾਂ ਖਹਿਰਾ ਹੀ ਬਣਨਾ ਚਾਹੀਦਾ ਹੈ ਤੇ ਆਪ ਦੇ ਵਿਧਾਇਕਾਂ ਨੇ ਖੁਦ ਹੀ ਮਹਿਸੂਸ ਕਰ ਲਿਆ ਖਹਿਰਾ ਆਗੂ ਬਣਨ ਨਾਲ ਪਾਰਟੀ 'ਚ ਨਵੀਂ ਜਾਨ ਪਊਗੀ।

ਵਿਧਾਇਕਾਂ ਦੀ ਮਾਰਫਤ ਜਦੋਂ ਲੋਕਾਂ ਦੀ ਅਵਾਜ਼ ਹਾਈ ਕਮਾਂਡ ਤੱਕ ਪੁੱਜੀ ਤਾਂ ਨਾ ਚਾਹੁੰਦਿਆ

ਬਾਕੀ ਸਫ਼ਾ 31 'ਤੇ

# ਖਹਿਰਾ ਬਣੇ 'ਆਪ' ਵਿਧਾਇਕ ਦਲ ਦੇ ਨੇਤਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਹਲਕਾ ਭਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਨੂੰ ਸਰਬ ਸੰਮਤੀ ਨਾਲ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ ਹੈ। ਉਨ੍ਹਾਂ ਦੇ ਨਾਂ ਦਾ ਐਲਾਨ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕੀਤਾ। ਉਨ੍ਹਾਂ ਨੇ ਇਸ ਤੋਂ ਪਹਿਲਾਂ ਪੰਜਾਬ ਦੇ ਵਿਧਾਇਕਾਂ ਨਾਲ ਗੱਲਬਾਤ ਕਰ ਕੇ ਇਸ ਸਬੰਧੀ ਵਿਚਾਰ ਲਏ ਸਨ। ਇਹ ਅਹੁਦਾ ਵਿਧਾਇਕ ਐਚ.ਐਸ. ਫੂਲਕਾ ਦੇ ਅਸਤੀਫ਼ਾ ਦੇਣ ਤੋਂ ਬਾਅਦ ਖਾਲੀ ਹੋਇਆ ਸੀ।

ਸ੍ਰੀ ਕੇਜਰੀਵਾਲ ਨੇ ਸੁਖਪਾਲ ਖਹਿਰਾ ਦੇ ਨਾਂ ਦਾ ਐਲਾਨ ਵਿਧਾਇਕ ਦਲ ਦੀ ਮੀਟਿੰਗ ਵਿੱਚ ਕੀਤਾ। ਮੀਟਿੰਗ ਵਿੱਚ ਸੰਸਦ ਮੈਂਬਰ ਅਤੇ 'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਅਤੇ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਹਾਜ਼ਰ ਸਨ। ਜ਼ਿਕਰਯੋਗ ਹੈ ਸ੍ਰੀ ਖਹਿਰਾ ਪਹਿਲਾਂ ਚੀਫ਼ ਵ੍ਹਿਪ ਸਨ ਪਰ ਭਗਵੰਤ ਮਾਨ ਨੂੰ ਪਾਰਟੀ ਦਾ ਸੂਬਾਈ ਪ੍ਰਧਾਨ ਬਣਾਏ ਜਾਣ ਦੇ ਰੋਸ ਵਜੋਂ ਉਨ੍ਹਾਂ ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹਾਲ ਦੀ ਘੜੀ ਚੀਫ਼ ਵ੍ਹਿਪ ਦਾ ਅਹੁਦਾ ਕਿਸੇ ਨੂੰ ਨਹੀਂ ਦਿੱਤਾ ਗਿਆ। ਸ੍ਰੀ ਫੂਲਕਾ ਨੇ ਅਸਤੀਫ਼ਾ ਦੇਣ ਵੇਲੇ ਅਗਲੇ ਆਗੂ ਲਈ ਭਾਵੇਂ ਕੰਵਰ ਸੰਧੂ, ਅਮਨ ਅਰੋੜਾ ਅਤੇ ਸੁਖਪਾਲ ਖਹਿਰਾ ਦੇ ਨਾਂ ਦੀ ਸਿਫ਼ਾਰਸ਼ ਕਰ ਦਿੱਤੀ ਸੀ ਪਰ ਭਗਵੰਤ ਮਾਨ ਦੀ 'ਨਾਰਾਜ਼ਗੀ' ਕਾਰਨ ਬਹੁਤਿਆਂ ਨੂੰ ਸ੍ਰੀ ਖਹਿਰਾ ਦੇ ਨਾਂ 'ਤੇ ਮੋਹਰ ਲੱਗਣ ਦੀ ਆਸ ਨਹੀਂ ਸੀ। ਇਸ ਅਹੁਦੇ ਦੀ ਦੌੜ ਵਿੱਚ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਤੇ ਪ੍ਰੋ. ਬਲਜਿੰਦਰ ਕੌਰ ਵੀ ਸਨ। ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਕੈਬਨਿਟ ਮੰਤਰੀ ਦੇ ਬਰਾਬਰ ਦਾ ਹੁੰਦਾ ਹੈ।

ਵਿਰੋਧੀ ਧਿਰ ਦੇ ਆਗੂ ਦੀ ਚੋਣ ਲਈ 'ਆਪ' ਵਿਧਾਇਕ ਦਲ ਦੀ ਪਹਿਲਾਂ ਵੀ ਦੋ ਵਾਰ ਮੀਟਿੰਗ ਰੱਖੀ ਗਈ ਸੀ ਪਰ ਦੋਵੇਂ ਵਾਰ ਮੁਲਤਵੀ ਕਰਨੀ ਪਈ ਸੀ। ਦਿੱਲੀ ਵਿੱਚ ਹੋਈ ਤੀਜੀ ਮੀਟਿੰਗ ਵਿਚ ਸੁਖਪਾਲ ਖਹਿਰਾ ਦੇ ਨਾਂ 'ਤੇ ਮੋਹਰ ਲੱਗੀ। ਸੁਖਪਾਲ ਖਹਿਰਾ ਵਿਧਾਨ ਸਭਾ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਕਾਂਗਰਸ ਪਾਰਟੀ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਦੇ ਪਿਤਾ ਸੁਖਜਿੰਦਰ ਸਿੰਘ ਕਈ ਦਹਾਕੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ ਸਿੱਖਿਆ ਮੰਤਰੀ ਰਹੇ ਸਨ। ਸ੍ਰੀ ਖਹਿਰਾ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਉਮੀਦਵਾਰ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਪ੍ਰਧਾਨ ਜਗੀਰ ਕੌਰ ਦੇ ਜਵਾਈ ਯੁਵਰਾਜ ਭੁਪਿੰਦਰ ਸਿੰਘ ਨੂੰ ਹਰਾਇਆ ਸੀ।

'ਆਪ' ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਸੁਖਪਾਲ ਖਹਿਰਾ ਨੂੰ 20 ਵਿਧਾਇਕਾਂ ਅਤੇ ਦੋ ਸੰਸਦ ਮੈਂਬਰਾਂ ਦੀ ਸਹਿਮਤੀ ਨਾਲ ਵਿਰੋਧੀ ਧਿਰ ਦਾ ਆਗੂ ਚੁਣਿਆ ਗਿਆ ਹੈ ਤੇ ਸਾਰੇ ਵਿਧਾਇਕਾਂ ਨੇ ਮੁੜ ਰਲ-ਮਿਲ ਕੇ ਕੰਮ ਕਰਨ ਦਾ ਅਹਿਦ ਲਿਆ ਹੈ। ਪਾਰਟੀ ਲੋਕ ਸਭਾ ਹਲਕਾ ਗੁਰਦਾਸਪੁਰ ਅਤੇ ਨਗਰ ਨਿਗਮ ਦੀਆਂ ਚੋਣਾਂ ਸਮੇਤ 2019 ਦੀਆਂ ਲੋਕ ਸਭਾ ਚੋਣਾਂ ਜਿੱਤਣ ਵਾਸਤੇ ਦਿਨ ਰਾਤ ਇੱਕ ਕਰ ਦੇਵੇਗੀ।

## 'ਆਪ' ਕਰੇਗੀ ਸਿਆਸੀ ਕਾਨਫਰੰਸਾਂ ਤੇ ਸਰਕਾਰ ਨਾਲ ਲਾਵੇਗੀ ਮੱਥਾ



'ਆਪ' ਆਗੂ ਸੁਖਪਾਲ ਖਹਿਰਾ ਸੀਨੀਅਰ ਆਗੂਆਂ ਨਾਲ ਚੰਡੀਗੜ੍ਹ ਵਿੱਚ ਸ਼ਨਿਚਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

**ਚੰਡੀਗੜ੍ਹ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ (ਆਪ) ਨੇ ਆਪਣੀਆਂ ਰਾਜਸੀ ਸਰਗਰਮੀਆਂ ਵਧਾਉਂਦਿਆਂ ਆਉਂਦੇ ਦਿਨਾਂ ਦੌਰਾਨ ਸਿਆਸੀ ਕਾਨਫਰੰਸਾਂ ਕਰਨ ਅਤੇ ਸਰਕਾਰ ਨਾਲ ਮੱਥਾ ਲਾਉਣ ਦਾ ਐਲਾਨ ਕੀਤਾ ਹੈ। 'ਆਪ' ਆਗੂਆਂ ਭਗਵੰਤ ਮਾਨ, ਸੁਖਪਾਲ ਸਿੰਘ ਖਹਿਰਾ ਅਤੇ ਵਿਧਾਇਕ ਅਮਨ ਅਰੋੜਾ ਦੀ ਅਗਵਾਈ ਵਿਚ ਹੋਈ ਸਾਰੇ ਵਿਧਾਇਕਾਂ ਦੀ ਮੀਟਿੰਗ ਵਿਚ ਕੈਪਟਨ ਸਰਕਾਰ 'ਤੇ ਵਾਅਦਿਆਂ ਤੋਂ ਭੱਜਣ ਅਤੇ ਲੋਕ ਵਿਰੋਧੀ ਫੈਸਲੇ ਲੈਣ ਦਾ ਦੋਸ਼ ਲਗਾਇਆ ਗਿਆ। ਮੀਟਿੰਗ ਵਿਚ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਵੀ ਸ਼ਾਮਲ ਹੋਏ।

'ਆਪ' ਨੇ ਰਾਜ ਪੱਧਰੀ ਗਤੀਵਿਧੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਪਾਰਟੀ 27 ਜੁਲਾਈ ਨੂੰ ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਖੂਨਦਾਨ ਕੈਂਪ ਲਾਵੇਗੀ। ਮਾਨ ਅਤੇ ਖਹਿਰਾ ਦੀ ਅਗਵਾਈ ਵਿਚ ਸਮੂਹ ਲੀਡਰਸ਼ਿਪ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਅਤੇ ਬਠਿੰਡਾ ਜ਼ਿਲੇ ਦੇ ਇਤਿਹਾਸਕ ਮੰਦਿਰ ਮਾਈਸਰਖਾਨਾ ਵਿਖੇ ਨਤਮਸਤਕ ਹੋਵੇਗੀ। ਭਗਵੰਤ ਮਾਨ, ਖਹਿਰਾ ਅਤੇ ਅਰੋੜਾ ਨੇ ਕੈਪਟਨ ਅਮਰਿੰਦਰ ਸਿੰਘ ਉਪਰ ਬਾਦਲ ਪਰਿਵਾਰ ਨਾਲ ਮਿਲੇ ਹੋਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ 'ਆਪ' ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਪੰਜਾਬ ਨੂੰ 'ਮਿਲ ਕੇ ਲੁੱਟ ਰਹੇ' ਇਨਾਂ ਦੇ ਸਿਆਸੀ ਗਠਜੋੜ ਨੂੰ ਜਨਤਾ ਵਿਚ ਜਾ ਕੇ ਬੇਪਰਦ ਕਰੇਗੀ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਪੰਜਾਬ ਦੀ ਜਨਤਾ ਉਪਰ ਨਵੇਂ ਟੈਕਸਾਂ ਰਾਹੀਂ ਹੋਰ ਵਿੱਤੀ ਬੋਝ ਪਾਉਣ ਦੇ ਘੜੇ ਜਾ ਰਹੇ ਮਨਸੂਬਿਆਂ ਨੂੰ ਲਾਗੂ ਨਹੀਂ ਹੋਣ ਦੇਵੇਗੀ। 'ਆਪ' ਆਗੂਆਂ ਨੇ ਦੱਸਿਆ ਕਿ ਪਾਰਟੀ 7 ਅਗਸਤ ਨੂੰ ਬਾਬਾ ਬਕਾਲਾ ਵਿਖੇ 'ਰੱਖੜ ਪੁੰਨਿਆਂ' ਮੌਕੇ ਤੇ 15 ਅਗਸਤ ਨੂੰ ਈਸੜੂ ਵਿਖੇ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਯਾਦ ਵਿਚ ਕਾਨਫਰੰਸ ਕਰੇਗੀ।

ਸ੍ਰੀ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਅਤੇ ਘਰ-ਘਰ ਸਰਕਾਰੀ ਨੌਕਰੀ ਦੇਣ ਦੇ ਵਾਅਦਿਆਂ ਤੋਂ ਭੱਜ ਰਹੇ ਹਨ। ਇਸ ਕਾਰਨ ਕਾਂਗਰਸ ਸਰਕਾਰ ਦੌਰਾਨ 150 ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਨੌਕਰੀਆਂ ਲਈ ਬੇਰੁਜ਼ਗਾਰ ਸੜਕਾਂ 'ਤੇ ਉਤਰਨ ਤੇ ਪਾਣੀ ਦੀਆਂ ਟੈਂਕੀਆਂ 'ਤੇ ਚੜਨ ਲਈ ਮਜਬੂਰ ਹਨ। ਉਨ੍ਹਾਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਨੂੰ ਤਰਸ ਦੇ ਆਧਾਰ 'ਤੇ ਡੀਐਸਪੀ ਦੀ ਨੌਕਰੀ ਦੇਣ 'ਤੇ ਤਨਜ਼ ਕੱਸਦਿਆਂ ਕਿਹਾ ਕਿ ਕੈਪਟਨ ਨੇ ਘਰ-ਘਰ ਸਰਕਾਰੀ ਨੌਕਰੀ ਦੇਣ ਦੀ ਸ਼ੁਰੂਆਤ ਬੇਅੰਤ ਸਿੰਘ ਦੇ ਪਰਿਵਾਰ ਤੋਂ ਕਰਦਿਆਂ ਅਤੇ ਉਥੇ ਹੀ ਬੰਦ ਕਰ ਦਿੱਤੀ।

ਸ੍ਰੀ ਖਹਿਰਾ ਨੇ ਕੈਪਟਨ ਉਪਰ ਪੰਜਾਬ 'ਚੋਂ ਗਾਇਬ ਰਹਿਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕੈਪਟਨ ਦੀ ਸਰਕਾਰ ਨੂੰ ਸਿਰਫ ਅਫਸਰ-ਬਾਬੂ ਚਲਾ ਰਹੇ ਹਨ। ਉਨ੍ਹਾਂ ਸ੍ਰੀ ਹਰਮਿੰਦਰ ਸਾਹਿਬ ਦੇ ਨਾਲ-ਨਾਲ ਪਿੰਗਲਵਾੜਾ ਸਮੇਤ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਜੀਐਸਟੀ ਤੋਂ ਬਾਹਰ ਰੱਖਣ ਦੀ ਵਕਾਲਤ ਕਰਦੇ ਹੋਏ ਇਸ ਲਈ ਵਿਧਾਨ ਸਭਾ ਦੀ ਵਿਸ਼ੇਸ਼ ਕਮੇਟੀ ਦੇ ਗਠਨ ਦੀ ਮੰਗ ਕੀਤੀ, ਜੋ ਅਜਿਹੀਆਂ ਸੰਸਥਾਵਾਂ ਦੀ ਸ਼ਨਾਖ਼ਤ ਕਰੇ। ਉਨ੍ਹਾਂ ਕੈਪਟਨ ਸਰਕਾਰ ਵਲੋਂ ਆਪਣੇ ਸਲਾਹਕਾਰਾਂ ਦੀਆਂ ਤਨਖਾਹਾਂ ਵਿਧਾਇਕਾਂ ਨਾਲੋਂ ਵੀ ਵੱਧ ਕਰਨ ਦੀ ਆਲੋਚਨਾ ਕੀਤੀ ਤੇ ਪੰਜਾਬੀਆਂ ਉਤੇ ਇਕ ਹਜ਼ਾਰ ਕਰੋੜ ਰੁਪਏ ਦੇ ਨਵੇਂ ਟੈਕਸ ਲਾਉਣ ਦੀ ਯੋਜਨਾ ਨੂੰ ਲੋਕ ਵਿਰੋਧੀ ਦੱਸਦਿਆਂ ਕੈਪਟਨ ਸਰਕਾਰ ਨੂੰ ਅਜਿਹਾ ਕਦਮ ਚੁੱਕਣ ਤੋਂ ਵਰਜਿਆ।

# ਸਮਾਣਾ ਦੇ ਪਿੰਡ ਮਰੋੜ 'ਚ ਗਰਮ ਖਿਆਲੀ ਆਗੂਆਂ ਵਲੋਂ ਨਾਮ ਚਰਚਾ ਕਰ ਰਹੇ ਪ੍ਰੇਮੀਆਂ 'ਤੇ ਹਮਲਾ

**ਸਮਾਣਾ/ਬਿਊਰੋ ਨਿਊਜ਼ :**

ਡੇਰਾ ਸਿਰਸਾ ਦੇ ਪ੍ਰੇਮੀਆਂ ਵੱਲੋਂ ਪਿੰਡ ਮਰੋੜੀ ਵਿਚ ਕੀਤੀ ਜਾ ਰਹੀ ਨਾਮ ਚਰਚਾ ਦੌਰਾਨ ਦੋ ਦਰਜਨ ਦੇ ਕਰੀਬ ਗਰਮ ਖ਼ਿਆਲੀ ਆਗੂਆਂ ਨੇ ਪੁਲੀਸ ਦੀ ਹਾਜ਼ਰੀ ਵਿੱਚ ਤਲਵਾਰਾਂ, ਰਾਡਾਂ ਅਤੇ ਗੰਡਾਸਿਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਕਿਸੇ ਨੂੰ ਕੋਈ ਵੀ ਸੱਟ ਤਾਂ ਨਹੀਂ ਲੱਗੀ ਪ੍ਰੰਤੂ ਹਮਲਾਵਰਾਂ ਵੱਲੋਂ ਪ੍ਰੇਮੀਆਂ ਦੇ ਗ੍ਰੰਥ ਅਤੇ ਡੇਰਾ ਮੁਖੀ ਦੇ ਸਰੂਪ ਫਾੜ ਦਿੱਤੇ ਗਏ। ਮਵੀ ਪੁਲੀਸ ਨੇ ਬਲਵੀਰ ਸਿੰਘ ਦੀ ਸ਼ਿਕਾਇਤ 'ਤੇ ਅਮਰਜੀਤ ਸਿੰਘ, ਗੁਰਮੁਖ ਸਿੰਘ, ਬਿੱਟੂ ਸਿੰਘ ਮਰੋੜੀ, ਹੈਪੀ ਸਿੰਘ ਰਾਈਮਾਜਰਾ, ਕਰਮ ਸਿੰਘ ਅਤੇ ਦਰਬਾਰਾ ਸਿੰਘ ਸੌਂਧੇਵਾਲ ਸਣੇ 14 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮੌਕੇ 'ਤੇ ਪੁੱਜੇ ਡੇਰੇ ਦੀ ਪੰਜਾਬ ਇਕਾਈ ਦੇ ਮੈਂਬਰ ਹਰਪਾਲ ਸਿੰਘ ਨੇ ਪੁਲੀਸ ਦੀ ਸ਼ਹਿ 'ਤੇ ਕੀਤਾ ਗਿਆ ਹਮਲਾ ਕਰਾਰ ਦਿੰਦਿਆਂ ਪੁਲੀਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ 24 ਘੰਟੇ ਅੰਦਰ ਹਮਲਾਵਰਾਂ ਨੂੰ ਕਾਬੂ ਨਾ ਕੀਤਾ ਗਿਆ ਤਾਂ ਮਵੀ ਵਿਚ ਧਰਨਾ ਪ੍ਰਦਰਸ਼ਨ ਕੀਤਾ ਜਾਏਗਾ। ਬਲਵੀਰ ਸਿੰਘ ਨੇ ਦੱਸਿਆ ਕਿ ਅੱਧੀ ਦਰਜਨ ਪਿੰਡਾਂ ਦੀ ਨਾਮ ਚਰਚਾ ਪਿੰਡ ਮਰੋੜੀ ਦੇ ਸਕੂਲ ਵਿਚ ਚੱਲ ਰਹੀ ਸੀ। ਇਸ ਦੌਰਾਨ ਅਚਾਨਕ ਦੋ ਦਰਜਨ ਦੇ ਕਰੀਬ ਵਿਅਕਤੀ ਉਥੇ ਪੁੱਜੇ ਅਤੇ ਉਨ੍ਹਾਂ ਦੇ ਪਵਿੱਤਰ ਗ੍ਰੰਥ ਸਣੇ ਡੇਰਾ ਮੁਖੀ ਦੇ ਸਰੂਪਾਂ 'ਤੇ ਤਲਵਾਰਾਂ ਮਾਰੀਆਂ ਤੇ ਉਨ੍ਹਾਂ ਨੂੰ ਖੰਡਿਤ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਨੇ ਉਨ੍ਹਾਂ 'ਤੇ ਵੀ ਤਲਵਾਰ ਨਾਲ ਹਮਲਾ ਕੀਤਾ ਪਰ ਉਹ ਵਾਲ ਵਾਲ ਬਚ ਗਏ। ਇਸ ਦੌਰਾਨ ਉਨ੍ਹਾਂ ਦਾ ਮੋਬਾਈਲ ਵੀ ਟੁੱਟ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਹਮਲਾਵਰ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਉਥੋਂ ਚਲੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਗੇਟ 'ਤੇ ਦੋ ਪੁਲੀਸ ਮੁਲਾਜ਼ਮ ਤਾਇਨਾਤ ਸਨ ਪਰ ਉਨ੍ਹਾਂ ਹਮਲਾਵਰਾਂ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ। ਉਨ੍ਹਾਂ ਮੁਤਾਬਕ ਮਵੀ ਪੁਲੀਸ ਮੁਖੀ ਸਿਵਲ ਵਰਦੀ ਵਿੱਚ ਹਮਲਾਵਰਾਂ ਨਾਲ ਜੱਫੀ ਪਾ ਕੇ ਉਨ੍ਹਾਂ ਨਾਲ ਆਏ ਸਨ। ਡੇਰਾ ਸਿਰਸਾ ਦੇ ਕਈ ਮੈਂਬਰ ਵੀ ਮੌਕੇ 'ਤੇ ਪੁੱਜ ਗਏ। ਘੱਗਾ ਥਾਣਾ ਮੁਖੀ ਰਾਜਵਿੰਦਰ ਕੌਰ ਨੇ ਉਨ੍ਹਾਂ ਕਿਹਾ ਕਿ ਕਾਰਵਾਈ ਕੀਤੀ ਜਾ ਰਹੀ ਹੈ। ਪਟਿਆਲਾ ਦੇ ਐਸਐਸਪੀ ਐਸ ਭੂਪਤੀ ਨੇ ਪੁਲੀਸ ਦੇ ਹਮਲਾਵਰਾਂ ਨਾਲ ਮਿਲੇ ਹੋਣ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਛੇਤੀ ਹੀ ਹਮਲਾਵਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਭਾਜਪਾ ਲਈ ਸਭ ਤੋਂ ਖ਼ਤਰਨਾਕ' ਕਵਿਤਾ !

### ਪਾਸ਼ ਦੀ ਕਵਿਤਾ ਨੂੰ ਐਨਸੀਈਆਰਟੀ ਦੀ ਪੁਸਤਕ ਵਿੱਚੋਂ ਹਟਾਉਣ ਦੀ ਸਿਫ਼ਾਰਸ਼

ਚੰਡੀਗੜ/ਬਿਊਰੋ ਨਿਊਜ਼:19 ਵਰ੍ਹਿਆਂ ਦੀ ਉਮਰ ਵਿੱਚ ਜਦੋਂ ਪਾਸ਼ ਨੇ ਪੰਜਾਬੀ ਕਵਿਤਾ ਦੇ ਮੌਜੂਦਾ ਸੋਹਜਵਾਦੀ ਸਰੂਪ ਉਤੇ ਉਂਗਲ ਚੁੱਕੀ ਤਾਂ ਇਕ ਸਥਾਪਤ ਕਵੀ ਨੇ ਉਸ ਦੀ ਕਵਿਤਾ ਨੂੰ "ਸਿਰਫ਼ ਲਾਲ ਟਾਕੀ" ਆਖ ਕੇ ਰੱਦ ਕੀਤਾ ਪਰ ਇਸ ਨੌਜਵਾਨ ਕਵੀ ਦਾ ਹੁੰਗਾਰਾ ਕਾਵਿਕ ਸੀ: "ਮੈਥੋਂ ਇਹ ਆਸ ਨਾ ਰੱਖਿਓ ਕਿ ਮੈਂ ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।" ਹੁਣ ਕਿਸੇ ਨੂੰ ਇਹ ਸਮਝ ਨਹੀਂ ਆ ਰਹੀ ਕਿ ਆਰਐਸਐਸ ਵਿਚਾਰਧਾਰਕ ਦੀਨਾਨਾਥ ਬੱਤਰਾ ਦੇ ਉਸ ਸੁਝਾਅ ਬਾਰੇ ਕੀ ਪ੍ਰਤੀਕਰਮ ਦੇਵੇ, ਜਿਸ ਵਿੱਚ ਐਨਸੀਈਆਰਟੀ ਦੀ ਪਾਠ ਪੁਸਤਕ ਵਿੱਚੋਂ ਪਾਸ਼ ਦੀ ਕਵਿਤਾ ਹਟਾਉਣ ਲਈ ਕਿਹਾ ਗਿਆ ਹੈ। ਸਾਲ 2006 ਵਿੱਚ ਪਾਸ਼ ਦੀ ਮਸ਼ਹੂਰ ਕਵਿਤਾ ਸਭ ਤੋਂ ਖ਼ਤਰਨਾਕ' ਦੇ ਹਿੰਦੀ ਅਨੁਵਾਦ ਨੂੰ ਗਿਆਰਵੀਂ ਹਿੰਦੀ ਦੇ ਪਾਠਕ੍ਰਮ ਦਾ ਭਾਗ ਬਣਾਇਆ ਗਿਆ। ਉਹ ਇਕੋ ਇਕ ਪੰਜਾਬੀ ਕਵੀ ਹੈ, ਜਿਸ ਦੀ ਕਵਿਤਾ ਨੂੰ ਐਨਸੀਈਆਰਟੀ ਦੀ ਪਾਠ ਪੁਸਤਕ ਵਿੱਚ ਥਾਂ ਮਿਲੀ। ਬੱਤਰਾ ਨੇ ਪਾਸ਼ ਤੋਂ ਇਲਾਵਾ ਰਾਬਿੰਦਰਨਾਥ ਟੈਗੋਰ ਦੇ ਵਿਚਾਰਾਂ, ਮਿਰਜ਼ਾ ਗਾਲਿਬ ਦੀ ਇਕ ਕਵਿਤਾ ਅਤੇ ਐਮ.ਐਫ. ਹੁਸੈਨ ਦੀ ਸਵੈ ਜੀਵਨੀ ਦੀਆਂ ਟੂਕਾਂ ਨੂੰ ਹਟਾਉਣ ਲਈ ਐਨਸੀਈਆਰਟੀ ਨੂੰ ਆਖਿਆ ਹੈ। ਹਾਲਾਂਕਿ ਬੱਤਰਾ ਦੇ ਇਸ ਕਦਮ ਨੂੰ ਐਨਸੀਈਆਰ ਦੀਆਂ ਕਿਤਾਬਾਂ ਦੇ ਪ੍ਰਕਾਸ਼ਨ ਤੇ ਖੋਜ ਨਾਲ ਸਬੰਧਤ ਰਹੇ ਸਿੱਖਿਆ ਸ਼ਾਸਤਰੀਆਂ ਨੇ ਗ਼ੈਰ ਅਕਾਦਮਿਕ ਦੱਸਿਆ ਹੈ।

ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਹਿੰਦੀ ਸਾਹਿਤ ਦੇ ਸਾਬਕਾ ਪ੍ਰੋਫੈਸਰ ਅਤੇ ਐਨਸੀਈਆਰਟੀ ਦੀ ਹਿੰਦੀ ਪਾਠ ਪੁਸਤਕ ਕਮੇਟੀ ਦੇ ਕਨਵੀਨਰ ਰਹੇ ਪੁਰਸ਼ੋਤਮ ਅਗਰਵਾਲ ਦਾ ਮੰਨਣਾ ਹੈ ਕਿ ਬੱਤਰਾ ਦਾ ਵਿਚਾਰ ਘਟੀਆ ਹੈ ਅਤੇ ਇਸ ਦਾ ਅਕਾਦਮਿਸ਼ਨ ਨਾਲ ਕੋਈ ਸਬੰਧ ਨਹੀਂ ਹੈ। ਪਾਸ਼ ਦੀ ਕਵਿਤਾ ਨੂੰ ਹਿੰਦੀ ਪਾਠ ਪੁਸਤਕਾਂ ਵਿੱਚ ਸ਼ਾਮਲ ਕਰਨ ਦੇ ਵਿਚਾਰ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਵਿਦਿਆਰਥੀਆਂ ਨੂੰ ਹੋਰ ਭਾਰਤੀ ਭਾਸ਼ਾਵਾਂ ਦੇ ਸਾਹਿਤਕ ਰੁਝਾਨਾਂ ਤੋਂ ਜਾਣੂੰ ਕਰਵਾਉਣਾ ਸੀ। ਸਾਡਾ ਵਿਚਾਰ ਸੀ ਕਿ ਵਿਦਿਆਰਥੀਆਂ ਦਾ ਮਨ ਵੱਖ ਵੱਖ ਵਿਚਾਰਾਂ ਪ੍ਰਤੀ ਜਿਗਿਆਸੂ ਬਣੇ ਅਤੇ ਉਹ ਇਨ੍ਹਾਂ ਵਿਚਾਰਾਂ ਬਾਰੇ ਆਪਣਾ ਸਿੱਟਾ ਕੱਢ ਸਕਣ।

ਪ੍ਰੋ. ਅਗਰਵਾਲ ਨੇ ਕਿਹਾ ਕਿ ਸਾਡਾ ਮੰਤਵ ਜਮਹੂਰੀ ਤੇ ਸਮੁੱਚੇ ਭਾਰਤ ਦਾ ਸੰਕਲਪ ਵਿਦਿਆਰਥੀਆਂ ਸਾਹਮਣੇ ਪੇਸ਼ ਕਰਨਾ ਹੈ। ਸ਼ਾਇਦ ਇਸ ਦਾ ਮਨੋਰਥ ਉਦਾਰਵਾਦੀ ਸਿੱਖਿਆ ਹੈ। ਉਨ੍ਹਾਂ ਕਿਹਾ ਕਿ "ਜਿੱਥੋਂ ਤੱਕ ਬੱਤਰਾ ਦਾ ਸਵਾਲ ਹੈ, ਮੇਰੀ ਸਮਝ ਮੁਜਬ ਉਸ ਨੂੰ ਇਨ੍ਹਾਂ ਕਿਤਾਬਾਂ ਵਿਚਲੇ ਕੁਝ ਗੈਰ ਹਿੰਦੀ ਸ਼ਬਦਾਂ ਉਤੇ ਇਤਰਾਜ਼ ਹੈ। ਪਾਰਟੀ ਅੰਗਰੇਜ਼ੀ ਦਾ ਸ਼ਬਦ ਹੈ। ਮੈਨੂੰ ਹੈਰਾਨੀ ਹੈ ਕਿ ਉਸ ਨੇ ਭਾਜਪਾ ਨੂੰ ਸੁਝਾਅ ਦਿੱਤਾ ਹੈ ਕਿ ਪਾਰਟੀ ਦੀ ਥਾਂ ਹਿੰਦੀ ਸ਼ਬਦ ਵਰਤਿਆ ਜਾਵੇ।"

ਪਾਸ਼ ਦੀ ਕਵਿਤਾ ਦਾ ਅਨੁਵਾਦ ਕਰਨ ਵਾਲੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਭਾਰਤੀ ਭਾਸ਼ਾਵਾਂ ਬਾਰੇ ਕੇਂਦਰ ਦੇ ਸਾਬਕਾ ਪ੍ਰੋਫੈਸਰ ਚਮਨ ਲਾਲ ਨੇ ਕਿਹਾ ਕਿ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਸੱਜੇ ਪੱਖੀ ਤਾਕਤਾਂ ਨੇ ਪਾਸ਼ ਨੂੰ ਨਿਸ਼ਾਨਾ ਬਣਾਇਆ ਹੈ। ਇਹ ਸ਼ਕਤੀਆਂ ਉਸ ਦੇ ਕੰਮਾਂ ਨੂੰ ਮਿਟਾਉਣਾ ਚਾਹੁੰਦਾ ਹੈ ਕਿਉਂਕਿ ਉਸ ਦੀਆਂ ਖ਼ੂਬਸੂਰਤ ਕਵਿਤਾਵਾਂ ਮੂਲਵਾਦੀ ਤਾਕਤਾਂ ਦੇ ਸੂਤ ਨਹੀਂ ਬੈਠਦੀਆਂ ਪਰ ਉਨ੍ਹਾਂ ਨੂੰ ਇਹ ਗੱਲ ਨਹੀਂ ਪਤਾ ਕਿ ਪਾਸ਼ ਦੀਆਂ ਕਵਿਤਾਵਾਂ ਕਈ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਹਨ। ਇਹ ਯੂਪੀਐਸਸੀ ਦੇ ਪਾਠਕ੍ਰਮ ਦਾ ਵੀ ਹਿੱਸਾ ਹਨ।

ਪਾਸ਼ ਦੇ ਸਮਕਾਲੀ ਕਵੀ ਅਤੇ ਉਸ ਦੀਆਂ ਕਵਿਤਾਵਾਂ ਦਾ ਸੰਪਾਦਨ ਕਰ ਚੁੱਕੇ ਲੰਡਨ ਆਧਾਰਤ ਅਮਰਜੀਤ ਚੰਦਨ ਦਾ ਕਹਿਣਾ ਹੈ ਕਿ ਤਰਕ ਦੇ ਆਧਾਰ ਉਤੇ ਪਾਸ਼ ਜ਼ਰੂਰ ਇਸ ਦਾ ਸਵਾਗਤ ਕਰਦਾ। ਇਹ ਇਤਿਹਾਸਕ ਵਿਅੰਗ ਹੀ ਹੈ ਕਿ ਜਿਨ੍ਹਾਂ ਤਾਕਤਾਂ ਵਿਰੁੱਧ ਪਾਸ਼ ਨੇ ਆਪਣੀ ਸਾਰੀ ਕਵਿਤਾ ਲਿਖੀ, ਉਹੀ ਉਸ ਦੇ ਕੰਮ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ।'

# ਕਿਸਾਨੀ ਜੱਦੋ-ਜਹਿਦ ਦੇ ਨਵੇਂ ਅਵਤਾਰ ਦੀ ਆਮਦ

**ਸ਼ਾਇਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਸਾਂਝੇ ਏਜੰਡੇ ਉੱਤੇ ਸਹਿਮਤ ਹੋਈਆਂ ਹਨ। ਇਸ ਨਵੇਂ ਕਿਸਾਨ ਗਠਜੋੜ ਵਿੱਚ ਸ਼ਾਮਲ ਤੇ ਉਸ ਤੋਂ ਬਾਹਰ ਦੀਆਂ ਜਥੇਬੰਦੀਆਂ ਦੋ ਮੁੱਖ ਮੁੱਦਿਆਂ ਵਾਜਬ ਤੇ ਲਾਹੇਵੰਦ ਕੀਮਤਾਂ ਅਤੇ ਕਰਜ਼ੇ ਤੋਂ ਛੁਟਕਾਰੇ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਲਈ ਸਹਿਮਤ ਹੋਈਆਂ ਹਨ। ਕਿਸਾਨ ਦੀ ਵਿਆਪਕ ਪਰਿਭਾਸ਼ਾ ਨੂੰ ਧਿਆਨ ਵਿਚ ਰੱਖਦਿਆਂ ਇਹ ਦੋਵੇਂ ਮੰਗਾਂ ਵੀ ਵਧੇਰੇ ਵਿਆਪਕ ਰੂਪ ਵਿੱਚ ਪਰਿਭਾਸ਼ਿਤ ਕੀਤੀਆਂ ਗਈਆਂ ਹਨ।**

**ਯੋਗੇਂਦਰ ਯਾਦਵ**



ਕੀ ਭਾਰਤ ਵਿਚ ਕਿਸਾਨਾਂ ਦਾ ਅੰਦੋਲਨ ਇੱਕ ਨਵੇਂ ਦੌਰ ਵਿਚ ਦਾਖ਼ਲ ਹੋ ਗਿਆ ਹੈ? ਇਸ ਸਵਾਲ ਦਾ ਜਵਾਬ ਦੇਣ ਲਈ ਛੇ ਹਫ਼ਤਿਆਂ ਦਾ ਸਮਾਂ ਯਕੀਨੀ ਤੌਰ 'ਤੇ ਬਹੁਤ ਥੋੜ੍ਹਾ ਹੈ। ਪਰ ਪੰਜਾਬ ਵਿੱਚ ਕਿਸਾਨਾਂ ਦੀ ਹੜਤਾਲ ਰਾਹੀਂ ਸ਼ੁਰੂਆਤ ਹੋਣ ਤੋਂ ਬਾਅਦ ਦੇਸ਼ ਭਰ ਵਿਚ ਹੋ ਰਹੇ ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਵਿੱਚ ਨਵੀਂ ਕਿਸਮ ਦੀ ਤਬਦੀਲੀ ਵੇਖੀ ਜਾ ਰਹੀ ਹੈ। ਇਸ ਵਿਚਾਰ ਦੀ ਪੁਸ਼ਟੀ ਛੇ ਸੂਬਿਆਂ ਦੀ ਯਾਤਰਾ ਦੌਰਾਨ ਕਿਸਾਨਾਂ, ਜਥੇਬੰਦੀਆਂ ਤੇ ਹੋਰ ਅੰਦੋਲਨਕਾਰੀਆਂ ਨਾਲ ਗੱਲ ਕਰਨ ਤੋਂ ਬਾਅਦ ਹੋਈ ਹੈ। 'ਕਿਸਾਨ ਮੁਕਤੀ ਮੋਰਚਾ' ਨਾਂਅ ਦੀ ਇਹ ਯਾਤਰਾ ਪੁਲੀਸ ਗੋਲੀਬਾਰੀ ਦੌਰਾਨ ਛੇ ਕਿਸਾਨਾਂ ਦੀ ਮੌਤ ਦੇ ਠੀਕ ਇੱਕ ਮਹੀਨੇ ਬਾਅਦ 6 ਜੁਲਾਈ ਤੋਂ ਮੰਦਸੌਰ (ਮੱਧ ਪ੍ਰਦੇਸ਼) ਤੋਂ ਸ਼ੁਰੂ ਹੋਈ ਸੀ। ਇਹ ਯਾਤਰਾ ਦਿੱਲੀ ਅੱਪੜਨ ਤੋਂ ਪਹਿਲਾਂ ਛੇ ਸੂਬਿਆਂ ਵਿੱਚੋਂ ਲੰਘੀ। ਇਸ ਯਾਤਰਾ ਦੌਰਾਨ ਬੁਨਿਆਦੀ ਤੱਥਾਂ ਤੇ ਕਾਰਨਾਂ ਨਾਲ ਜੁੜੇ ਕਿਸਾਨ ਅੰਦੋਲਨਾਂ ਦਾ ਨਵਾਂ ਸੰਸਾਰ ਵੇਖਣ ਨੂੰ ਮਿਲਿਆ। ਮੈਨੂੰ ਹੁਣ ਪੂਰਾ ਭਰੋਸਾ ਹੋ ਗਿਆ ਹੈ ਕਿ ਅਸੀਂ ਇਸ ਵੇਲੇ ਕਿਸਾਨ ਅੰਦੋਲਨਾਂ ਦੇ ਇਤਿਹਾਸ ਵਿੱਚ ਉਸਾਰੂ ਤਬਦੀਲੀ ਦੀ ਸ਼ੁਰੂਆਤ ਵੇਖ ਰਹੇ ਹਾਂ।

ਮੀਡੀਆ ਨੇ ਇਸ ਤਬਦੀਲੀ ਦੇ ਕੁਝ ਬਾਹਰੀ ਲੱਛਣਾਂ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਹੈ। ਕੁਝ ਰਿਪੋਰਟਾਂ ਨਵੇਂ ਯੁੱਗ ਦੇ ਜੀਨਾਂ ਵਾਲੇ ਕਿਸਾਨ ਆਗੂਆਂ ਤੇ ਕਾਰਕੁਨਾਂ ਬਾਰੇ ਪ੍ਰਕਾਸ਼ਤ ਤੇ ਪ੍ਰਸਾਰਤ ਹੋਈਆਂ ਹਨ। ਵ੍ਹਟਸਐਪ ਅਤੇ ਸਮਾਰਟ ਫ਼ੋਨਾਂ ਦੀ ਵਰਤੋਂ ਨੇ ਵੀ ਆਮ ਜਨਤ ਦਾ ਧਿਆਨ ਖਿੱਚਿਆ ਹੈ। ਪਰ ਅਜਿਹੀਆਂ ਖ਼ਬਰਾਂ ਅਸਲ ਨੁਕਤੇ ਤੋਂ ਲਾਂਭੇ ਹੀ ਰਹਿ ਰਹੀਆਂ ਹਨ। ਕਿਸਾਨ ਅੰਦੋਲਨ ਵੀ ਹੁਣ ਭਾਰਤੀ ਖੇਤੀਬਾੜੀ ਦੀਆਂ ਨਵੀਆਂ ਹਕੀਕਤਾਂ ਅਤੇ ਦੇਸ਼ ਦੀ ਸਿਆਸਤ ਦੇ ਬਦਲਦੇ ਸੁਭਾਅ ਮੁਤਾਬਕ ਹੀ ਤਬਦੀਲ ਹੋ ਰਹੇ ਹਨ। ਇਹ ਕਿਸਾਨ ਅੰਦੋਲਨਾਂ ਦੀ ਤੀਜੀ ਪੀੜ੍ਹੀ ਹੈ। ਪਹਿਲੀ ਪੀੜ੍ਹੀ ਦੇ ਕਿਸਾਨਾਂ ਨੇ ਬਸਤੀਵਾਦੀ ਭਾਰਤ ਵਿੱਚ ਅਨੇਕ ਵਾਰ ਬਗ਼ਾਵਤਾਂ ਕੀਤੀਆਂ ਸਨ। ਮੋਪਿਲਾ ਕਿਸਾਨ ਬਗ਼ਾਵਤ; ਚੰਪਾਰਨ, ਖੇੜਾ ਤੇ ਬਰਦੋਲੀ ਵਿਚ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਚੱਲਿਆ ਸੱਤਿਆਗ੍ਰਹਿ ਅਤੇ ਬੰਗਾਲ ਦਾ ਤੇਭਾਗਾ ਸੰਘਰਸ਼ ਇਸ ਕਰਕੇ ਹੋਏ ਸਨ ਕਿਉਂਕਿ ਅੰਗਰੇਜ਼ੀ ਰਾਜ ਦੀ ਭੂਮੀ-ਪੱਟਾ ਪ੍ਰਣਾਲੀ ਕਿਸਾਨਾਂ ਨੂੰ ਦਬਾਉਣ ਵੱਲ ਰੁਚਿਤ ਸੀ ਅਤੇ ਅਜਿਹੇ ਅੰਦੋਲਨ ਸੁਭਾਵਕ ਸਨ। ਫਿਰ ਆਜ਼ਾਦੀ ਤੋਂ ਬਾਅਦ ਕਿਸਾਨਾਂ ਵਿੱਚ ਨਵੀਂ ਆਸ ਜਾਗੀ; ਜਿਸ ਕਰਕੇ ਕੁਝ ਚਿਰ ਲਈ ਉਨ੍ਹਾਂ ਦੇ ਅੰਦੋਲਨ ਰੁਕ ਗਏ। ਦੂਜੀ ਪੀੜ੍ਹੀ ਦੇ ਕਿਸਾਨ ਅੰਦੋਲਨ 1980ਵਿਆਂ ਦੌਰਾਨ ਮਹਿੰਦਰ ਸਿੰਘ ਟਿਕੈਤ, ਅਰਥ-ਸ਼ਾਸਤਰੀ ਤੋਂ ਕਿਸਾਨ ਆਗੂ ਬਣੇ ਸ਼ਰਦ ਜੋਸ਼ੀ ਅਤੇ ਆਜ਼ਾਦਾਨਾ ਵਿਚਾਰਾਂ ਵਾਲੇ ਮਜੂਮਦਾਰ ਸਵਾਮੀ ਦੀ ਅਗਵਾਈ ਹੇਠ ਸ਼ੁਰੂ ਹੋਏ ਸਨ। ਉਨ੍ਹਾਂ ਰੋਸ ਮੁਜ਼ਾਹਰਿਆਂ ਵਿੱਚ ਕੁਝ ਅਜਿਹੇ ਅਮੀਰ ਕਿਸਾਨ ਭਾਗ ਲੈਂਦੇ ਸਨ ਜਿਨ੍ਹਾਂ ਨੂੰ ਜਾਪਦਾ ਸੀ ਕਿ ਉਹ ਆਧੁਨਿਕ, ਉਦਯੋਗਿਕ ਅਰਥ-ਵਿਵਸਥਾ ਵਿੱਚ ਹਾਸ਼ੀਏ 'ਤੇ ਚਲੇ ਗਏ ਹਨ। ਉਹ ਸੰਘਰਸ਼ ਮੁੱਖ ਤੌਰ 'ਤੇ ਫ਼ਸਲਾਂ ਦੀਆਂ ਲਾਹੇਵੰਦ ਕੀਮਤਾਂ ਦੇ ਮੁੱਦੇ 'ਤੇ ਵਿੱਢੇ ਗਏ ਸਨ। ਉਨ੍ਹਾਂ ਦੇ ਬਰਾਬਰ ਵੱਡੇ ਜ਼ਿਮੀਂਦਾਰਾਂ ਦੇ ਜ਼ੁਲਮਾਂ ਵਿਰੁੱਧ ਬੇਜ਼ਮੀਨੇ ਮਜ਼ਦੂਰਾਂ ਦੇ ਸੰਘਰਸ਼ ਵੀ ਚੱਲਦੇ ਸਨ, ਜਿਨ੍ਹਾਂ ਦੀ ਅਗਵਾਈ ਮੁੱਖ ਤੌਰ 'ਤੇ ਨਕਸਲੀਆਂ ਵੱਲੋਂ ਕੀਤੀ ਜਾਂਦੀ ਸੀ।

ਕਿਸਾਨ ਕਾਰਕੁਨਾਂ ਦੀ ਤੀਜੀ ਪੀੜ੍ਹੀ ਨੂੰ ਨਵੇਂ ਸੰਦਰਭ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪੀੜ੍ਹੀ ਵਿਚ, ਜ਼ਮੀਨਾਂ ਕਈ-ਕਈ ਟੁਕੜਿਆਂ ਵਿੱਚ ਵੰਡੀਆਂ ਜਾ ਚੁੱਕੀਆਂ ਹਨ। ਖੇਤੀਬਾੜੀ ਖੇਤਰ ਹੁਣ ਗ਼ਰੀਬ ਹੋ ਚੁੱਕਾ ਹੈ। ਖੇਤੀਬਾੜੀ ਹੁਣ ਵਿਵਹਾਰਕ ਤੇ ਲਾਹੇਵੰਦਾ ਧੰਦਾ ਨਹੀਂ ਰਿਹਾ। ਭਾਰਤੀ ਖੇਤੀਬਾੜੀ ਦੇ ਆਰਥਿਕ ਤੇ ਵਾਤਾਵਰਣਕ ਸੰਕਟ ਨੇ ਦੇਸ਼ ਦੇ ਕਿਸਾਨ ਦੀ ਹੋਂਦ ਤੱਕ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ। ਅੱਜ ਕਿਸਾਨ ਅੰਦੋਲਨ ਨੂੰ ਕਿਸਾਨਾਂ ਦੀਆਂ ਦੀਆਂ ਖ਼ੁਦਕੁਸ਼ੀਆਂ ਦੀ ਹਕੀਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਨਵਾਂ ਅੰਦੋਲਨ ਜ਼ਿਮੀਂਦਾਰ, ਕਿਸਾਨ, ਸੀਰੀ ਜਾਂ ਬੇਜ਼ਮੀਨੇ ਕਿਸਾਨ ਦੀਆਂ ਰਵਾਇਤੀ ਵਿਲੱਖਣਤਾਵਾਂ ਨੂੰ ਖ਼ਤਮ ਕਰਦਾ ਜਾ ਰਿਹਾ ਹੈ। ਪਿੰਡਾਂ ਵਿੱਚ ਅੰਤਾਂ ਦੀ ਗ਼ਰੀਬੀ ਹੋਣ ਕਾਰਨ ਸਾਰੇ ਵਰਗਾਂ ਦੇ ਕਿਸਾਨਾਂ ਨੂੰ ਮਜਬੂਰਨ ਇੱਕਜੁਟ ਹੋ ਕੇ ਅੰਦੋਲਨ ਕਰਨੇ ਪਏ ਹਨ। ਕਿਸਾਨ-ਮਜ਼ਦੂਰ ਏਕਤਾ ਬਹੁਤ ਲੰਮਾ ਸਮਾਂ ਖੱਬੇ ਪੱਖੀਆਂ ਦਾ ਨਾਅਰਾ ਰਿਹਾ ਹੈ, ਪਰ ਕਿਸਾਨ ਅੰਦੋਲਨਾਂ ਵਿੱਚ ਇਸ ਨਾਅਰੇ ਦੀ ਗੂੰਜ ਹੁਣ ਸੁਣਾਈ ਦੇਣ ਲੱਗੀ ਹੈ।

ਕਿਸਾਨ ਦੀ ਇਸ ਵਿਸਤ੍ਰਿਤ ਪਰਿਭਾਸ਼ਾ ਨੇ ਵੱਖੋ-ਵੱਖਰੇ ਸਮਾਜਿਕ ਵਰਗਾਂ ਨੂੰ ਇਕਜੁੱਟ ਹੋਣ ਲਈ ਉਤਸ਼ਾਹਿਤ ਕੀਤਾ ਹੈ। ਕਿਸਾਨ ਗਤੀਵਿਧੀਆਂ ਵਿੱਚ ਦਲਿਤ ਤੇ ਆਦਿਵਾਸੀ ਵੀ ਪ੍ਰਮੁੱਖਤਾ ਨਾਲ ਸ਼ਾਮਲ ਹੋ ਗਏ ਹਨ। ਭਾਵੇਂ ਉਨ੍ਹਾਂ ਨੂੰ ਮੁੱਖਧਾਰਾ ਦੇ ਕਿਸਾਨ ਅੰਦੋਲਨਾਂ ਵੱਲੋਂ ਕਿਸਾਨਾਂ ਵਜੋਂ ਨਹੀਂ ਵੇਖਿਆ ਜਾਂਦਾ। ਇਸ ਪੱਖਪਾਤ ਵਿੱਚ ਵੀ ਤਬਦੀਲੀ ਆਉਣੀ ਸ਼ੁਰੂ ਹੋ ਗਈ ਹੈ। ਕਿਸਾਨ ਅੰਦੋਲਨਾਂ ਵਿੱਚ ਦਲਿਤਾਂ ਤੇ ਆਦਿਵਾਸੀਆਂ ਦੇ ਮੁੱਦੇ ਸ਼ਾਮਲ ਕਰਨ ਦਾ ਰੁਝਾਨ ਵਧਿਆ ਹੈ। ਮਹਿਲਾ ਕਿਸਾਨਾਂ ਨੂੰ ਮਾਨਤਾ ਦੇਣ ਦੀ ਇੱਛਾ ਵੀ ਵਧੀ ਹੈ, ਜਿਹੜੀਆਂ ਕਿਰਤ ਵਿੱਚ ਦੋ-ਤਿਹਾਈ ਯੋਗਦਾਨ ਪਾਉਂਦੀਆਂ ਹਨ।

ਵਿਚਾਰਧਾਰਕ ਮੱਦਾਂ ਵਿੱਚ ਨਵਾਂ ਕਿਸਾਨ ਅੰਦੋਲਨ ਪੁਰਾਣੀਆਂ ਲੀਹਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪਹਿਲਾਂ ਧਿਆਨ ਜ਼ਿਮੀਂਦਾਰ ਬਨਾਮ ਬੇਜ਼ਮੀਨਿਆਂ ਉੱਤੇ ਕੇਂਦ੍ਰਿਤ ਹੁੰਦਾ ਸੀ, ਪਰ ਹੁਣ ਇਹ ਅਹਿਸਾਸ ਹੋਣ ਲੱਗ ਪਿਆ ਹੈ ਕਿ ਉਹ ਦੋਵੇਂ ਹੀ ਆਰਥਿਕ ਪ੍ਰਣਾਲੀ ਦੇ ਪੀੜਤ ਹਨ। ਭਾਰਤ ਬਨਾਮ ਇੰਡੀਆ ਵੱਲੋਂ ਜਿਹੜੀ ਸ਼ਹਿਰੀ-ਦਿਹਾਤੀ ਵੰਡ ਕੀਤੀ ਗਈ ਸੀ, ਉਸ ਉੱਤੇ ਵੀ ਹੁਣ ਮੁੜ-ਵਿਚਾਰ ਕੀਤਾ ਜਾ ਰਿਹਾ ਹੈ। ਦਰਅਸਲ, ਇੰਡੀਆ ਵਿੱਚ ਹੀ ਤਾਂ ਭਾਰਤ ਦਾ ਵੱਡਾ ਹਿੱਸਾ ਵੱਸਦਾ ਹੈ। ਇਹ ਅਹਿਸਾਸ ਵੀ ਵਧ ਰਿਹਾ ਹੈ ਕਿ ਵਾਤਾਵਰਣਕ ਸੰਕਟ ਸਿਰਫ਼ ਕਿਸਾਨਾਂ ਨੂੰ ਹੀ ਨਹੀਂ ਸਗੋਂ ਗ਼ੈਰ-ਕਿਸਾਨਾਂ ਨੂੰ ਵੀ ਪ੍ਰਭਾਵਤ ਕਰ ਰਿਹਾ ਹੈ। ਗ਼ੈਰ-ਸਿਹਤਮੰਦ ਕਿਸਾਨ ਤਾਂ ਦੇਸ਼ ਲਈ ਗ਼ੈਰ-ਸਿਹਤਮੰਦ ਅਨਾਜ ਹੀ ਪੈਦਾ ਕਰੇਗਾ।

ਵਿਚਾਰਧਾਰਕ ਪਾਬੰਦੀਆਂ ਤੋਂ ਅਗਾਂਹ ਹੋ ਕੇ ਸੋਚਣ ਸਦਕਾ ਹੀ ਸਿਆਸੀ ਏਕਤਾ ਸੰਭਵ ਹੋਈ ਹੈ ਤੇ ਨੀਤੀ ਉੱਤੇ ਧਿਆਨ ਕੇਂਦ੍ਰਿਤ ਹੋਇਆ ਹੈ। 150 ਤੋਂ ਵੱਧ ਜਥੇਬੰਦੀਆਂ ਦਾ 'ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ' ਦੇ ਬੈਨਰ ਹੇਠ ਇੱਕਜੁਟ ਹੋਣਾ ਆਪਣੇ-ਆਪ ਵਿੱਚ ਬੇਮਿਸਾਲ ਕਦਮ ਹੈ। ਇਸ ਗਠਜੋੜ ਵਿੱਚ ਬਿਲਕੁਲ ਵੱਖਰੇ-ਵੱਖਰੀ ਵਿਚਾਰਧਾਰਾ ਵਾਲੀਆਂ ਜਥੇਬੰਦੀਆਂ ਸ਼ਾਮਲ ਹਨ। ਇਹ ਦੇਸ਼ ਦੇ ਵੱਖੋ-ਵੱਖਰੇ ਭਾਗਾਂ ਨਾਲ ਸਬੰਧਤ ਹਨ ਤੇ ਵੱਖੋ-ਵੱਖਰੀਆਂ ਫ਼ਸਲਾਂ ਦੀ ਨੁਮਾਇੰਦਗੀ ਵੀ ਕਰਦੀਆਂ ਹਨ। ਜੇ ਇਹ ਗਠਜੋੜ ਕਾਇਮ ਰਹਿੰਦਾ ਹੈ ਤਾਂ ਇਸ ਵਿੱਚ ਇਸ ਮੁੱਦੇ 'ਤੇ ਫ਼ੈਸਲਾਕੁਨ ਭੂਮਿਕਾਵਾਂ ਨਿਭਾਉਣ ਦੀ ਅਥਾਹ ਸਮਰੱਥਾ ਮੌਜੂਦ ਹੈ।

ਸ਼ਾਇਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਸਾਂਝੇ ਏਜੰਡੇ ਉੱਤੇ ਸਹਿਮਤ ਹੋਈਆਂ ਹਨ। ਇਸ ਨਵੇਂ ਕਿਸਾਨ ਗਠਜੋੜ ਵਿੱਚ ਸ਼ਾਮਲ ਤੇ ਉਸ ਤੋਂ ਬਾਹਰ ਦੀਆਂ ਜਥੇਬੰਦੀਆਂ ਦੋ ਮੁੱਖ ਮੁੱਦਿਆਂ ਵਾਜਬ ਤੇ ਲਾਹੇਵੰਦ ਕੀਮਤਾਂ ਅਤੇ ਕਰਜ਼ੇ ਤੋਂ ਛੁਟਕਾਰੇ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਲਈ ਸਹਿਮਤ ਹੋਈਆਂ ਹਨ। ਕਿਸਾਨ ਦੀ ਵਿਆਪਕ ਪਰਿਭਾਸ਼ਾ ਨੂੰ ਧਿਆਨ ਵਿਚ ਰੱਖਦਿਆਂ ਇਹ ਦੋਵੇਂ ਮੰਗਾਂ ਵੀ ਵਧੇਰੇ ਵਿਆਪਕ ਰੂਪ ਵਿੱਚ ਪਰਿਭਾਸ਼ਿਤ ਕੀਤੀਆਂ ਗਈਆਂ ਹਨ। ਵਾਜਬ ਅਤੇ ਲਾਹੇਵੰਦ ਕੀਮਤ ਸਿਰਫ਼ 'ਘੱਟੋ-ਘੱਟ ਸਮਰਥਨ ਮੁੱਲ' ਅਤੇ ਫ਼ਸਲਾਂ ਦੀ ਖ਼ਰੀਦ ਤੱਕ ਹੀ ਸੀਮਤ ਨਹੀਂ ਹੈ, ਜੋ ਭਾਰਤ ਦੇ 1/10ਵੇਂ ਹਿੱਸੇ ਤੋਂ ਵੀ ਘੱਟ ਕਿਸਾਨਾਂ ਨੂੰ ਲਾਭ ਪਹੁੰਚਾਉਂਦੀ ਹੈ। ਹੁਣ ਕਿਸਾਨ ਅੰਦੋਲਨ ਸਾਰੀਆਂ ਫ਼ਸਲਾਂ ਤੇ ਸਾਰੇ ਕਿਸਾਨਾਂ ਲਈ ਸਰਕਾਰ ਤੋਂ ਸਮਰਥਨ ਮੁੱਲ ਅਸਲ ਰੂਪ ਵਿੱਚ ਦੇਣ ਦੀ ਮੰਗ ਕਰ ਰਹੇ ਹਨ। ਬਦਲਵੇਂ ਤੌਰ 'ਤੇ, ਉਹ ਸਰਕਾਰ ਵੱਲੋਂ ਐਲਾਨੀ ਕੀਮਤ ਅਤੇ ਕਿਸਾਨਾਂ ਨੂੰ ਅਸਲ ਵਿਚ ਮਿਲੀ ਕੀਮਤ ਦਾ ਫ਼ਰਕ ਖ਼ਤਮ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਕਰਜ਼ੇ ਤੋਂ ਆਜ਼ਾਦੀ ਦੀ ਮੰਗ ਸਿਰਫ਼ ਕਿਸਾਨ ਕ੍ਰੈਡਿਟ ਕਰਜ਼ਿਆਂ ਜਾਂ ਦਿਹਾਤੀ ਸਹਿਕਾਰੀ ਬੈਂਕਾਂ ਦੇ ਕਰਜ਼ਿਆਂ ਤੱਕ ਹੀ ਸੀਮਤ ਨਹੀਂ ਹੈ। ਇਸ ਵਿੱਚ ਨਿੱਜੀ ਸ਼ਾਹੂਕਾਰਾਂ ਦੇ ਕਰਜ਼ਿਆਂ ਦੀ ਕੁੜਿੱਕੀ ਤੋਂ ਆਜ਼ਾਦੀ ਵੀ ਸ਼ਾਮਲ ਹੋ ਗਈ ਹੈ।

ਇਹ ਬੁਨਿਆਦੀ ਤਬਦੀਲੀ ਨਵੇਂ ਕਿਸਾਨਾਂ ਦੀ ਤਬਦੀਲ ਹੋਈ ਲੀਡਰਸ਼ਿਪ ਵਿੱਚ ਉਜਾਗਰ ਹੋਈ ਹੈ। ਕਿਸਾਨ ਅੰਦੋਲਨ ਦੀ ਲੀਡਰਸ਼ਿਪ ਵਿੱਚ ਹੁਣ ਅਜਿਹੇ ਆਗੂ ਵੀ ਸ਼ਾਮਲ ਹਨ ਜਿਨ੍ਹਾਂ ਦੀਆਂ ਜੜ੍ਹਾਂ ਤਾਂ ਪਿੰਡਾਂ ਵਿੱਚ ਹੀ ਹਨ, ਪਰ ਉਹ ਸ਼ਹਿਰੀ ਜੀਵਨ ਤੋਂ ਵੀ ਵਾਕਫ਼ ਹਨ। ਉਹ ਕਿਸਾਨ ਪਰਿਵਾਰਾਂ ਤੋਂ ਹਨ, ਪਰ ਸਦਾ ਕਿਸਾਨ ਵਜੋਂ ਨਹੀਂ ਵਿਚਰਦੇ। ਉਹ ਕਿਸਾਨਾਂ ਦਾ ਦਰਦ ਸਮਝਦੇ ਹਨ, ਪਰ ਉਹ ਨੀਤੀ-ਘਾੜਿਆਂ ਦੀ ਬੋਲੀ ਵੀ ਬੋਲਦੇ ਹਨ। ਉਹ ਬੁਨਿਆਦੀ ਤੌਰ ਉੱਤੇ ਸੰਘਰਸ਼ਾਂ ਦੀ ਅਗਵਾਈ ਕਰਦੇ ਹਨ, ਪਰ ਆਰਟੀਆਈ ਤੇ ਅਦਾਲਤੀ ਮੁਕੱਦਮੇਬਾਜ਼ੀਆਂ ਨੂੰ ਵੀ ਹਥਿਆਰ ਵਜੋਂ ਵਰਤਦੇ ਹਨ। ਨਵੇਂ ਕਿਸਾਨ ਅੰਦੋਲਨਾਂ ਲਈ ਨੌਜਵਾਨਾਂ ਦੀ ਇਹ ਲੀਡਰਸ਼ਿਪ ਰੀੜ੍ਹ ਦੀ ਹੱਡੀ ਹੈ।

ਕੀ ਕਿਸਾਨ ਅੰਦੋਲਨ ਦੀ ਇਹ ਨਵੀਂ ਪੀੜ੍ਹੀ ਪੁਰਾਣੇ ਅੰਦੋਲਨਕਾਰੀਆਂ ਤੋਂ ਵਧੇਰੇ ਪ੍ਰਭਾਵਸ਼ਾਲੀ ਹੈ? ਹੁਣ ਕਿਸਾਨ ਸੰਘਰਸ਼ਾਂ ਦੀ ਜ਼ਰੂਰਤ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਤੀਖਣ ਹੋ ਗਈ ਹੈ ਅਤੇ ਉਨ੍ਹਾਂ ਦੀ ਲਾਮਬੰਦੀ ਦੀਆਂ ਸ਼ਰਤਾਂ ਅੱਜ ਵਧੇਰੇ ਔਖੀਆਂ ਹੋ ਗਈਆਂ ਹਨ। ਇਸ ਨਾਲ ਇੱਕ ਕਲਪਨਾਤਮਕ ਤੇ ਸਮਝੌਤਾ ਨਾ ਕਰਨ ਵਾਲੀ ਪਰ ਸਮਾਵੇਸ਼ੀ ਲੀਡਰਸ਼ਿਪ ਬਣੇਗੀ। ਕਿਸਾਨ ਅੰਦੋਲਨਾਂ ਦੀ ਚੁਣੌਤੀ ਇਸੇ ਵਿੱਚ ਹੈ।

ਸੰਪਰਕ: yogendra.yadav'gmail.com

# ਤੇਰੇ ਬੱਚੇ ਦੁੱਧ ਨੂੰ ਤਰਸਣ, ਤੂੰ ਮੱਝੀਆਂ ਦਾ ਪਾਲ਼ੀ ਵੇ...

**ਇਹ ਸ਼ੋਸ਼ਣ ਤਾਂ ਭਾਵੇਂ ਲੰਮੇ ਸਮੇਂ ਤੋਂ ਹੋ ਰਿਹਾ ਸੀ, ਪਰ ਇਸ ਦੇ ਲੁਕਵੇਂ ਪ੍ਰਭਾਵ ਕਿਸਾਨ ਦੀ ਸਮਝਣ ਸ਼ਕਤੀ ਦੇ ਬੋਧ ਤੋਂ ਬਾਹਰ ਸਨ। ਸਹਿਕਾਰੀ ਲਹਿਰ ਰਾਹੀਂ ਸਹੂਲਤਾਂ ਦਾ ਛਲਾਵਾ ਦੇਣ ਦੇ ਨਾਮ 'ਤੇ, ਜਿਸ ਤਰ੍ਹਾਂ ਸਹਿਕਾਰੀ ਅਦਾਰਿਆਂ ਨੇ ਸਹਿਕਾਰੀ ਸੇਵਾ ਸੁਸਾਇਟੀਆਂ ਅਤੇ ਭੂਮੀ ਰਹਿਣ ਬੈਂਕਾਂ ਨੇ ਉਸ ਨੂੰ ਕੰਗਾਲ ਕੀਤਾ ਹੈ, ਉਸ ਦੀ ਸਮੀਖਿਆ ਕਰਨੀ ਬਣਦੀ ਹੈ। ਪੰਜਾਬ ਦੇ ਕਿਸਾਨ ਨੂੰ ਦਿੱਤੀ ਜਾਣ ਵਾਲੀ ਹੱਦ ਕਰਜ਼ਿਆਂ ਦੀ ਸਹੂਲਤ ਕਾਰਨ ਉਸ ਨੇ ਆਪਣੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ 'ਤੇ ਵੱਡੇ ਵੱਡੇ ਕਰਜ਼ੇ ਚੁੱਕ ਲਏ। ਕਰਜ਼ਾ ਦੇਣ ਵਾਲੇ ਸਹਿਕਾਰੀ, ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਨੇ ਇਹ ਜ਼ਰਾ ਨਾ ਸੋਚਿਆ ਕਿ ਜੋ ਕਿਸਾਨ ਕਰਜ਼ਾ ਲੈ ਰਿਹਾ, ਕੀ ਉਸ ਦੀ ਖੇਤੀ ਆਮਦਨ, ਉਸ ਵੱਲੋਂ ਚੁੱਕੇ ਗਏ ਕਰਜ਼ੇ ਦੀ ਕਿਸ਼ਤ, ਅਦਾ ਕਰਨ ਯੋਗ ਵੀ ਹੈ ਜਾਂ ਨਹੀਂ।**

**ਬੀਰ ਦਵਿੰਦਰ ਸਿੰਘ**
ਮੋਬਾਈਲ : 98140- 33362





ਪੰਜਾਬ ਦੇ ਕਿਸਾਨ ਦੀ ਰਵਾਇਤੀ ਖੇਤੀ ਨੂੰ ਜਦੋਂ ਵਿਗਿਆਨਕ ਪ੍ਰਣਾਲੀ ਦੇ ਅਨੁਕੂਲ ਬਣਾਉਣ ਦੇ ਅਸਥਾਈ ਦੌਰ ਵਿੱਚੋਂ ਗੁਜ਼ਰਨਾ ਪਿਆ, ਉਸ ਸਮੇਂ ਚੌਕਸ ਨਜ਼ਰਸਾਨੀ ਦੀ ਬਹੁਤ ਜ਼ਰੂਰਤ ਸੀ ਪਰ ਅਜਿਹਾ ਨਹੀਂ ਹੋਇਆ।

ਪੰਜਾਬ ਵਿੱਚ ਕਰਜ਼ੇ ਦੀ ਤ੍ਰਾਸਦੀ ਦੇ ਮਾਰੇ ਕਿਸਾਨ ਨੂੰ, ਮੌਤ ਤੋਂ ਸਿਵਾਏ, ਕਿਸੇ ਪਾਸੇ ਵੀ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਚਾਰ ਚੁਫ਼ੇਰਿਓਂ ਜ਼ਲਾਲਤ ਵਿੱਚ ਘਿਰੇ ਕਿਸਾਨ ਨੂੰ ਜਦੋਂ ਕਿਸੇ ਪਾਸੇ ਵੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ ਤਾਂ ਉਹ ਆਪਣੀ ਜੀਵਨ ਲੀਲ੍ਹਾ ਮੁਕਾਉਣ ਦੇ ਰਾਹ ਤੁਰ ਪੈਂਦਾ ਹੈ। ਜ਼ਿੰਦਗੀ ਜਿਊਣ ਨੂੰ ਭਲਾ ਕਿਸਦਾ ਜੀਅ ਨਹੀਂ ਕਰਦਾ। ਮਨੁੱਖੀ ਜੀਵਨ ਦੀ ਸੋਝੀ ਆਉਣ ਨਾਲ ਹੀ, ਮਨੁੱਖ ਦੀ ਮੂਲ ਪ੍ਰਵਿਰਤੀ ਵਿੱਚ ਹਰ ਵੇਲੇ, ਆਪਣਾ ਬਚਾਅ ਕਰਕੇ ਜਿਊਂਦੇ ਰਹਿਣ ਦਾ ਸੰਸਾ ਭਾਰੂ ਰਹਿੰਦਾ ਹੈ। ਪਰ ਜੇ ਪੰਜਾਬ ਦੇ ਕਿਸਾਨ ਦੀ ਤਰਜੀਹ, ਜ਼ਿੰਦਗੀ ਦੀ ਬਜਾਏ ਮੌਤ ਬਣ ਜਾਵੇ ਤਾਂ ਇਸ ਤੋਂ ਵੱਧ ਖ਼ੌਫ਼ਨਾਕ ਸਥਿਤੀ ਹੋਰ ਕੀ ਹੋ ਸਕਦੀ ਹੈ?

ਪੰਜਾਬ ਦੇ ਕਿਸਾਨ ਦੀ ਆਰਥਿਕ ਮੰਦਹਾਲੀ ਦੀ ਸਮੀਖਿਆ ਕਰਦਿਆਂ ਉਸ ਦੀ ਬਰਬਾਦੀ ਦੀ ਹਰ ਤਹਿ ਤੱਕ ਜਾਣ ਦੀ ਜ਼ਰੂਰਤ ਹੈ। ਪੰਜਾਬ ਦੀ ਖੇਤੀ ਦੇ ਸਰਬਪੱਖੀ ਵਿਕਾਸ ਵਿੱਚ, ਪੰਜਾਬ ਦੀ ਸਹਿਕਾਰਤਾ ਲਹਿਰ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਨੇ ਵੱਡਾ ਯੋਗਦਾਨ ਪਾਇਆ ਹੈ। ਪਰ ਮੇਰਾ ਮੰਨਣਾ ਹੈ ਕਿ ਖੇਤੀ ਦੇ ਅੰਨ੍ਹੇਵਾਹ ਉਤਪਾਦਨ ਲਈ ਅਪਣਾਈਆਂ ਗਈਆਂ ਇੱਕਪਾਸੜ ਨੀਤੀਆਂ ਨੇ ਕਿਸਾਨ ਨੂੰ ਖੇਤੀ ਉਤਪਾਦਕਤਾ ਦੀ ਉਲਾਰ ਦੌੜ ਵਿੱਚ ਅਜਿਹਾ ਅੜੁੰਗ ਲਿਆ ਕਿ ਉਹ ਇਸ ਤੇਜ਼-ਤਰਾਰ ਦੌੜ ਵਿੱਚ ਉਹ ਆਪਣਾ ਰਵਾਇਤੀ ਸਹਿਜ, ਸਾਦਗੀ, ਕਿਸਾਨ ਸਭਿਆਚਾਰ ਤੇ ਸਦੀਆ ਪੁਰਾਣੇ ਸਮਾਜਿਕ ਸਰੋਕਾਰ ਵੀ ਗਵਾ ਬੈਠਾ। ਪੰਜਾਬ ਵਿੱਚ ਖੇਤੀ ਦੇ ਇੱਕਪਾਸੜ ਤੇ ਅਸੰਤੁਲਿਤ ਵਿਕਾਸ ਨੇ ਪੰਜਾਬ ਦੇ ਕਿਸਾਨ ਦੀ ਬੇੜੀ ਵਿੱਚ ਵੱਟੇ ਪਾਏ ਹਨ। ਦੇਸ਼ ਦੇ ਜਿਨ੍ਹਾਂ ਨੀਤੀ ਘਾੜਿਆਂ ਨੇ ਭਾਰਤ ਨੂੰ ਅੰਨ ਦੇ ਖੇਤਰ ਵਿੱਚ ਸਵੈਨਿਰਭਰ ਕਰਨ ਦੇ ਮਨਸ਼ੇ ਨਾਲ, ਕਿਸਾਨ ਅਤੇ ਉਸਦੇ ਪਰਿਵਾਰ ਦੀ ਮਾਸੂਮੀਅਤ, ਉੱਦਮ, ਮਿਹਨਤ, ਨਿੱਠਤਾ, ਉਸ ਦੀ ਧਰਤੀ ਅਤੇ ਸਾਧਨਾਂ ਨੂੰ ਦੇਸ਼ ਦੇ ਸਵਾਰਥ ਲਈ ਬੇਰਹਿਮ ਸ਼ੋਸ਼ਣ ਦੀ ਹੱਦ ਤੱਕ ਵਰਤਿਆ ਹੈ, ਅੱਜ ਉਸ ਦੀ ਮੰਦਹਾਲੀ ਸਮੇਂ ਉਸ ਦਾ ਕੋਈ ਵੀ ਬੇਲੀ ਨਹੀਂ। ਉਸ ਦੀ ਮਾਸੂਮੀਅਤ ਦੇ ਦਰਦ ਨੂੰ ਇਹ ਸਤਰਾਂ ਸਾਦਕ ਬਿਆਨ ਕਰਦੀਆ ਹਨ: 'ਤੇਰੇ ਬੱਚੇ ਦੁੱਧ ਨੂੰ ਤਰਸਣ ਤੇ ਤੂੰ ਮੱਝੀਆਂ ਦਾ ਪਾਲ਼ੀ ਵੇ'।

ਇਹ ਸ਼ੋਸ਼ਣ ਤਾਂ ਭਾਵੇਂ ਲੰਮੇ ਸਮੇਂ ਤੋਂ ਹੋ ਰਿਹਾ ਸੀ, ਪਰ ਇਸ ਦੇ ਲੁਕਵੇਂ ਪ੍ਰਭਾਵ ਕਿਸਾਨ ਦੀ ਸਮਝਣ ਸ਼ਕਤੀ ਦੇ ਬੋਧ ਤੋਂ ਬਾਹਰ ਸਨ। ਸਹਿਕਾਰੀ ਲਹਿਰ ਰਾਹੀਂ ਸਹੂਲਤਾਂ ਦਾ ਛਲਾਵਾ ਦੇਣ ਦੇ ਨਾਮ 'ਤੇ, ਜਿਸ ਤਰ੍ਹਾਂ ਸਹਿਕਾਰੀ ਅਦਾਰਿਆਂ ਨੇ ਸਹਿਕਾਰੀ ਸੇਵਾ ਸੁਸਾਇਟੀਆਂ ਅਤੇ ਭੂਮੀ ਰਹਿਣ ਬੈਂਕਾਂ ਨੇ ਉਸ ਨੂੰ ਕੰਗਾਲ ਕੀਤਾ ਹੈ, ਉਸ ਦੀ ਸਮੀਖਿਆ ਕਰਨੀ ਬਣਦੀ ਹੈ। ਪੰਜਾਬ ਦੇ ਕਿਸਾਨ ਨੂੰ ਦਿੱਤੀ ਜਾਣ ਵਾਲੀ ਹੱਦ ਕਰਜ਼ਿਆਂ ਦੀ ਸਹੂਲਤ ਕਾਰਨ ਉਸ ਨੇ ਆਪਣੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ 'ਤੇ ਵੱਡੇ ਵੱਡੇ ਕਰਜ਼ੇ ਚੁੱਕ ਲਏ। ਕਰਜ਼ਾ ਦੇਣ ਵਾਲੇ ਸਹਿਕਾਰੀ, ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਨੇ ਇਹ ਜ਼ਰਾ ਨਾ ਸੋਚਿਆ ਕਿ ਜੋ ਕਿਸਾਨ ਕਰਜ਼ਾ ਲੈ ਰਿਹਾ, ਕੀ ਉਸ ਦੀ ਖੇਤੀ ਆਮਦਨ, ਉਸ ਵੱਲੋਂ ਚੁੱਕੇ ਗਏ ਕਰਜ਼ੇ ਦੀ ਕਿਸ਼ਤ, ਅਦਾ ਕਰਨ ਯੋਗ ਵੀ ਹੈ ਜਾਂ ਨਹੀਂ। ਸਹਿਕਾਰੀ ਬੈਂਕਾਂ ਵਾਂਗ ਪ੍ਰਾਈਵੇਟ ਤੇ ਸਰਕਾਰੀ ਬੈਂਕਾਂ ਨੇ ਵੀ ਆਪਣੇ ਤਜਾਰਤੀ ਮਕਸਦਾਂ ਦੀ ਪੂਰਤੀ ਲਈ ਛੋਟੇ ਤੇ ਵੱਡੇ ਕਿਸਾਨਾਂ ਨੂੰ ਧੜਾਧੜ ਕਰਜ਼ੇ ਦੇਣੇ ਸ਼ੁਰੂ ਕਰ ਦਿੱਤੇ। ਆਖਿਰ ਨਤੀਜਾ ਇਹ ਹੋਇਆ ਕਿ ਆਸਾਨ ਕਰਜ਼ਿਆਂ ਦੀ ਸਹੂਲਤ ਨੇ ਪੰਜਾਬ ਦੇ ਕਿਸਾਨ ਨੂੰ ਹਰ ਪੱਖੋਂ ਕਰਜ਼ਈ ਕਰ ਦਿੱਤਾ ਹੈ।

ਪੰਜਾਬ ਵਿੱਚ ਸਹਿਕਾਰਤਾ ਲਹਿਰ ਦਾ ਆਗਾਜ਼ 1961 ਵਿੱਚ ਬੜੇ ਧੂਮ-ਧੜੱਕੇ ਨਾਲ ਕੀਤਾ ਗਿਆ ਸੀ। 1962 ਵਿੱਚ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ ਨਾਲ, ਪੰਜਾਬ ਵਿੱਚ ਉਨੱਤ ਖੇਤੀ ਦੇ ਜ਼ਰੀਏ ਹਰੇ ਇਨਕਲਾਬ ਦਾ ਦੌਰ ਸ਼ੁਰੂ ਹੋਇਆ। ਆਧੁਨਿਕ ਢੰਗ-ਤਰੀਕਿਆਂ ਰਾਹੀਂ ਖੇਤੀ ਉਤਪਾਦਕਤਾ ਵਧਾਉਣ ਲਈ ਨਵੇਂ ਹਾਈਬ੍ਰਿਡ ਬੀਜਾਂ ਤੇ ਰਸਾਇਣਕ ਖਾਦਾਂ ਦਾ ਪ੍ਰਯੋਗ ਵੀ ਇਸੇ ਦੌਰ ਵਿੱਚ ਸ਼ੁਰੂ ਹੋ ਗਿਆ। ਲਾਹੇਵੰਦ ਖੇਤੀ ਦਾ ਲਾਲਚ ਦੇ ਕੇ, ਸਮੇ ਦੀਆਂ ਸਰਕਾਰਾਂ ਤੇ ਖੇਤੀ ਮਾਹਿਰਾਂ ਨੇ ਕਿਸਾਨ ਨੂੰ ਅਜਿਹੇ ਚੱਕਰਵਿਊ ਵਿੱਚ ਉਲਝਾਇਆ ਕਿ ਉਹ ਸਭ ਕੁੱਝ ਭੁੱਲ ਕੇ ਦੇਸ਼ ਦੇ ਖਾਲੀ ਅੰਨ ਭੰਡਾਰਾਂ ਨੂੰ ਭਰਨ ਵਿੱਚ ਜੁੱਟ ਗਿਆ। ਪਰ ਇਸ ਨਾਲ ਉਸਦੀ ਆਰਥਿਕਤਾ ਦਿਨੋ-ਦਿਨ ਖੋਖਲੀ ਹੁੰਦੀ ਗਈ। ਕੈਂਸਰ ਰੋਗ ਵਾਂਗ ਇਸ ਨਿਘਾਰ ਦਾ ਪਤਾ ਉਸ ਵੇਲੇ ਲੱਗਾ ਜਦੋਂ ਉਹ ਅੰਦਰੋਂ ਬੁਰੀ ਤਰ੍ਹਾਂ ਟੁੱਟ ਚੁੱਕਿਆ ਸੀ। ਮੇਰੀ ਜਾਚੇ ਉੱਨਤ ਖੇਤੀ ਦਾ ਜੋ ਜਦੀਦ ਵਿਕਾਸ ਮਾਡਲ ਪੰਜਾਬ ਦੀ ਕਿਰਸਾਨੀ ਨੂੰ ਦਿੱਤਾ ਗਿਆ ਉਹ ਪੂਰੀ ਤਰ੍ਹਾਂ ਅਮਰੀਕੀ ਕਾਰਪੋਰੇਟ ਮਾਡਲ ਦੀ ਰਲਾਵਟ ਤੋਂ ਪ੍ਰਭਾਵਿਤ ਸੀ। ਪੰਜਾਬ ਦੇ ਕਿਸਾਨ ਦੀ ਰਵਾਇਤੀ ਖੇਤੀ ਨੂੰ, ਜਦੋਂ ਵਿਗਿਆਨਕ ਪ੍ਰਣਾਲੀ ਦੇ ਅਨੁਕੂਲ ਬਣਾਉਣ ਦੇ ਅਸਥਾਈ ਦੌਰ ਵਿੱਚੋਂ ਗੁਜ਼ਰਨਾ ਪਿਆ, ਉਸ ਸਮੇਂ ਚੌਕਸ ਨਜ਼ਰਸਾਨੀ ਦੀ ਜ਼ਰੂਰਤ ਸੀ। ਇਹ ਸਮਾਂ ਕਿਰਸਾਨੀ ਲਈ ਬੜਾ ਨਾਜ਼ੁਕ ਸੀ। ਇਸ ਸੰਕਟਮਈ ਸਮੇਂ ਵਿੱਚ ਖੇਤੀ ਮਾਹਰਾਂ ਤੇ ਸਰਕਾਰਾਂ ਨੂੰ ਕਿਸਾਨ ਦੀ ਆਰਥਿਕਤਾ ਦੀ ਪਾਸਬਾਨੀ ਕਰਨੀ ਚਾਹੀਦੀ ਸੀ। ਉਸ ਦੀ ਸਮਾਜਿਕ ਸੁਰੱਖਿਆ ਵੱਲ ਵੀ ਧਿਆਨ ਦੇਣਾ ਚਾਹੀਦਾ ਸੀ ਤਾਂ ਕਿ

**ਬਾਕੀ ਸਫ਼ਾ 31 'ਤੇ**

# ਫ਼ੌਰੀ ਹੱਲ ਤੋਂ ਮੁਕਤੀ ਨਾਲ ਹੀ ਹੋ ਸਕਦੈ ਅਸਲੀ ਸੁਧਾਰ

**ਪ੍ਰੀਤੀਸ਼ ਨੰਦੀ**
ਮੁੱਖ ਪੱਤਰਕਾਰ ਅਤੇ ਫ਼ਿਲਮ ਡਾਇਰੈਕਟਰ

**ਕਰਜ਼ਾ ਮਾਫ਼ੀ ਕੋਈ ਹੱਲ ਨਹੀਂ ਹੈ। ਇਸ ਨਾਲ ਸਮੱਸਿਆ ਹੋਰ ਵਧਦੀ ਜਾਵੇਗੀ ਅਤੇ ਖ਼ੁਦਕੁਸ਼ੀਆਂ ਨਹੀਂ ਰੁਕਣਗੀਆਂ। ਉਹ ਕਰਜ਼ੇ ਦੀ ਪਵਿੱਤਰਤਾ ਨੂੰ ਤਬਾਹ ਕਰ ਦਿੰਦੀ ਹੈ। ਇਕ ਵਾਰ ਤੁਸੀਂ ਕਿਸਾਨਾਂ ਦਾ ਕਰਜ਼ਾ ਮਾਫ਼ ਕਰ ਦਿੰਦੇ ਹੋ ਤਾਂ ਫਿਰ ਤੁਸੀਂ ਬੇਰੁਜ਼ਗਾਰ ਹੋ ਚੁੱਕੇ ਉਦਯੋਗਿਕ ਮਜ਼ਦੂਰਾਂ ਦਾ ਕਰਜ਼ਾ ਕਿਉਂ ਮਾਫ਼ ਨਹੀਂ ਕਰਦੇ ਜਾਂ ਉਸ ਗ਼ਰੀਬ ਵਿਦਿਆਰਥੀ, ਜਿਸ ਨੇ ਪੜ੍ਹਾਈ ਲਈ ਕਰਜ਼ਾ ਲਿਆ ਅਤੇ ਹੁਣ ਚੁਕਾ ਨਹੀਂ ਸਕਦਾ ਜਾਂ ਮਾਓਵਾਦੀਆਂ ਤੋਂ ਪ੍ਰਭਾਵਤ ਇਲਾਕੇ 'ਚ ਉਸ ਆਦੀਵਾਸੀ ਨੌਜਵਾਨ ਨੂੰ ਰਾਹਤ ਕਿਉਂ ਨਹੀਂ ਦਿੰਦੇ, ਜਿਸ ਦਾ ਛੋਟਾ ਕਾਰੋਬਾਰ ਖ਼ਤਮ ਹੋ ਗਿਆ? ਜਾਂ ਕਸ਼ਮੀਰ ਦੇ ਉਹ ਕਾਲੀਨ ਬਣਾਉਣ ਵਾਲੇ, ਜਿਨ੍ਹਾਂ ਲਈ ਹੁਣ ਗਾਹਕ ਹੀ ਨਹੀਂ ਹਨ?**

ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਗ਼ੈਰ-ਭੌਤਿਕ ਚੀਜ਼ਾਂ ਨਹੀਂ ਵਿਖਾਈ ਦਿੰਦੀਆਂ। ਮੈਂ ਕਦੇ ਕੋਈ ਦਰੱਖ਼ਤ, ਪੰਛੀ, ਜਾਨਵਰ, ਕਿਤਾਬ, ਅਖ਼ਬਾਰ, ਟੀ.ਵੀ. ਚੈਨਲ, ਫਲ ਜਾਂ ਕੋਈ ਸਬਜ਼ੀ ਨਹੀਂ ਵੇਖੀ। ਹਾਂ, ਮੈਂ ਬਰਗਦ, ਸਾਲ, ਇਕ ਬਿਮਾਰ ਦਰੱਖ਼ਤ ਵੇਖਿਆ ਹੈ। ਮੈਂ ਡਿਕੇਨਸ, ਮੰਟੋ, ਪ੍ਰੇਮਚੰਦ ਨੂੰ ਪੜ੍ਹਿਆ ਹੈ। ਮੈਂ ਕਈ ਆਵਾਰਾ ਕੁੱਤਿਆਂ ਨੂੰ ਦੋਸਤ ਬਣਾਇਆ ਹੈ। ਉਨ੍ਹਾਂ ਦੇ ਨਾਂ, ਪੂੰਛ ਹਿਲਾਉਣ ਦੇ ਤਰੀਕੇ, ਉਨ੍ਹਾਂ ਦੇ ਭੌਂਕਣ ਦੀ ਆਵਾਜ਼ ਅਤੇ ਉਨ੍ਹਾਂ ਦੀਆਂ ਅੱਖਾਂ 'ਚ ਨਜ਼ਰ ਆਉਂਦੇ ਪਿਆਰ ਨੂੰ ਪਛਾਣਦਾ ਹਾਂ। ਮੈਨੂੰ ਲੀਚੀ ਪਸੰਦ ਹੈ ਅਤੇ ਉਨ੍ਹਾਂ ਸਾਰੇ ਫਲਾਂ ਨੂੰ ਪਛਾਣ ਲੈਂਦਾ ਹਾਂ, ਜੋ ਲੀਚੀ ਹੋਣ ਦਾ ਵਿਖਾਵਾ ਕਰਦੇ ਹਨ। ਪਾਸਤਰਨਾਕ ਦੀਆਂ ਕਵਿਤਾਵਾਂ ਮੈਨੂੰ ਕਾਫੀ ਪ੍ਰਭਾਵਤ ਕਰਦੀਆਂ ਹਨ। ਹਾਲਾਂਕਿ ਉਹ ਡਾ. ਜਿਵਾਗੋ 'ਚ ਪੋਸਟਸਕ੍ਰਿਪਟ ਵਜੋਂ ਪੇਸ਼ ਹੁੰਦੀਆਂ ਹਨ। ਨਾਟੋਰ ਦੀ ਬਨਾਲਤਾ ਸੇਨ ਹਾਲੇ ਮੇਰੇ ਦਿਲ 'ਚ ਜ਼ਿੰਦਾ ਹੈ। ਹਾਲਾਂਕਿ ਇਸ ਕਵਿਤਾ ਦੇ ਰਚਨਾਕਾਰ ਜੀਬਨਾਨੰਦਾ ਦਾਸ ਹੁਣ ਨਹੀਂ ਰਹੇ। ਇਹ ਵਿਲੱਖਣਤਾ ਦੀ ਸ਼ਕਤੀ ਹੈ, 'ਐਨਸ਼ੰਟ ਮਰੀਨਰ' ਦੀਆਂ ਅੱਖਾਂ ਦੀ ਚਮਕ। ਪਤੰਗ ਦੀ ਉਡਾਣ ਕਿਸੇ ਬਾਜ਼ ਦੇ ਝਪੱਟਾ ਮਾਰਨ ਤੋਂ ਵੱਖ ਹੁੰਦੀ ਹੈ। ਕੋਈ ਅਣਜਾਣ ਆਵਾਜ਼ ਸੁਣਾਈ ਦੇਵੇ ਤਾਂ ਮੈਂ ਟੈਰੇਸ 'ਤੇ ਇਹ ਵੇਖਣ ਪਹੁੰਚ ਜਾਂਦਾ ਹਾਂ ਕਿ ਕੌਣ ਮੇਰੇ ਨਾਲ ਦੋਸਤੀ ਕਰਨ ਲਈ ਆਇਆ ਹੈ। ਮੈਂ ਅੱਖਾਂ ਬੰਦ ਕਰਕੇ ਆਵਾਜ਼ ਦੀ ਤੀਬਰਤਾ ਨਾਲ ਦੱਸ ਸਕਦਾ ਹਾਂ ਕਿ ਤੁਸੀਂ ਕਿਹੜਾ ਚੈਨਲ ਵੇਖ ਰਹੇ ਹੋ। ਇਹ ਓਨਾ ਹੀ ਆਸਾਨ ਹੈ, ਜਿੰਨਾ ਗੀਤ ਸੁਣ ਕੇ ਉਸ ਰਾਗ ਨੂੰ ਪਛਾਨਣਾ ਜਿਸ 'ਤੇ ਗੀਤ ਆਧਾਰਤ ਹੈ ਜਾਂ ਕਿਸੇ ਲੀਵਿੰਗ ਰੂਮ 'ਚ ਜਾ ਕੇ ਕੰਧ 'ਤੇ ਲੱਗੀ ਤਸਵੀਰ ਦੇ ਕਲਾਕਾਰ ਨੂੰ ਪਛਾਣ ਲੈਣਾ। ਕਿਸੇ ਦਾ ਲਹਿਜ਼ਾ ਜਾਂ ਬੋਲੀ ਦੱਸ ਦਿੰਦੀ ਹੈ ਕਿ ਇਹ ਵਿਅਕਤੀ ਕਿੱਥੋਂ ਆਇਆ ਹੈ। ਜਿਵੇਂ ਨੀਰਦ ਸੀ ਚੌਧਰੀ ਕਿਸੇ ਵੀ ਵਾਈਨ ਦੀ ਚੁਸਕੀ ਲੈ ਕੇ ਮੈਨੂੰ ਦੱਸ ਦਿੰਦੇ ਸਨ ਕਿ ਦੁਨੀਆ ਦੇ ਕਿਹੜੇ ਵਿਨਯਾਰਡ 'ਚ ਇਹ ਬਣਾਈ ਗਈ ਹੈ।

ਇਹ ਵਿਲੱਖਣਤਾ ਦਾ ਜਾਦੂ ਹੈ। ਜਦੋਂ ਤੁਸੀਂ ਇਸ ਦੀ ਖੋਜ ਕਰਦੇ ਹੋ ਤਾਂ ਤੁਹਾਡੇ ਅੱਗੇ ਦੁਨੀਆ ਖੁੱਲ੍ਹ ਜਾਂਦੀ ਹੈ। ਟੈਗੋਰ ਨੇ ਅਜਿਹਾ ਲਿਖਿਆ ਹੈ। ਮਹਾਤਮਾ ਗਾਂਧੀ ਆਮ ਤੌਰ 'ਤੇ ਇਸ ਬਾਰੇ ਕਹਿੰਦੇ ਸਨ। ਸਾਡਾ ਵਿਲੱਖਣ ਬਿਊਰਾ ਹੀ ਇਤਿਹਾਸ ਹੈ, ਸਾਡਾ ਭਵਿੱਖ ਹੈ ਅਤੇ ਇਕ ਸ਼ਬਦ 'ਚ ਸਾਡਾ ਲੇਖਾ-ਜੋਖਾ ਹੈ। ਤੁਹਾਡੇ ਸਰੀਰ ਦੀ ਹਰ ਜੀਨ ਦੱਸਦੀ ਹੈ ਕਿ ਤੁਸੀਂ ਕੌਣ ਹੋ ਅਤੇ ਕੀ ਬਣੋਗੇ। ਇਹ ਵਿਲੱਖਣਤਾ ਸਾਨੂੰ ਪ੍ਰੇਮ, ਸਨਮਾਨ, ਭਰੋਸਾ ਅਤੇ ਰੰਗ, ਆਸਥਾ ਤੇ ਨਸਲ ਤੋਂ ਦੂਰ ਹਰ ਵਿਅਕਤੀ ਨੂੰ ਸਨਮਾਨ ਦੇਣ ਦੀ ਪਛਾਣ ਕਰਦੀ ਹੈ।

ਕੋਈ ਵੀ ਸਿਰਫ਼ ਅਫਰੀਕੀ ਨਹੀਂ ਹੁੰਦਾ ਨਾ ਕੋਈ ਮੁਸਲਿਮ ਹੁੰਦਾ ਹੈ। ਕੋਈ ਭਾਰਤੀ ਨਹੀਂ ਹੁੰਦਾ। ਮੈਂ ਭਾਗਲਪੁਰ 'ਚ ਜੰਮਿਆ, ਕਲਕੱਤਾ 'ਚ ਪਲਿਆ, ਕੰਮ ਕਰਨ ਮੁੰਬਈ ਆਇਆ ਅਤੇ ਸੰਸਦ ਮੈਂਬਰ ਵਜੋਂ ਦਿੱਲੀ ਗਿਆ। ਇਹੀ ਮੈਨੂੰ ਉਹ ਬਣਾਉਂਦਾ ਹੈ, ਜੋ ਮੈਂ ਹਾਂ- ਮੇਰੀ ਭਾਸ਼ਾ, ਮੇਰੇ ਅਧਿਆਪਕ, ਮੇਰੇ ਪਾਲਕ, ਜਿਨ੍ਹਾਂ ਕਿਤਾਬਾਂ ਨਾਲ ਮੈਂ ਵੱਡਾ ਹੋਇਆ। ਇਹੀ ਸਾਨੂੰ ਸਾਰਿਆਂ ਨੂੰ ਵਿਲੱਖਣ ਬਣਾਉਂਦੇ ਹਨ। ਇਸੇ ਲਈ ਰਾਸ਼ਟਰ ਨਿਰਮਾਣ ਬਹੁਤ ਮੁਸ਼ਕਲ ਕੰਮ ਹੈ। ਇਹ ਸਿਰਫ਼ ਉਨ੍ਹਾਂ ਲੋਕਾਂ ਵੱਲੋਂ ਕੀਤਾ ਜਾ ਸਕਦਾ ਹੈ, ਜੋ ਸਾਡੇ ਮਤਭੇਦਾਂ ਨੂੰ ਪਛਾਣਦੇ ਹਨ। ਤੁਹਾਡੀ ਪੱਗ ਤੁਹਾਡਾ ਸਨਮਾਨ ਚਿੰਨ ਹੈ, ਠੀਕ ਇਸੇ ਤਰ੍ਹਾਂ ਕਿਸੇ ਮੁਸਲਿਮ ਟੋਪੀ ਜਾਂ ਕਿਸੇ ਦੀ ਮਾਲਾ, ਕਿਸੇ ਦਾ ਜਨੇਊ।

ਜਿੰਨਾ ਤੁਸੀਂ ਵਿਲੱਖਣਤਾ 'ਤੇ ਨਿਰਭਰ ਰਹੋਗੇ, ਤੁਹਾਨੂੰ ਅਸਲੀ ਜਵਾਬ ਮਿਲਣ ਦੀ ਉਨੀ ਸੰਭਾਵਨਾ ਰਹੇਗੀ। ਕੋਈ ਵੀ ਸ਼ੋਧਕਰਤਾ, ਕੋਈ ਚੰਗਾ ਡਾਕਟਰ ਤੁਹਾਨੂੰ ਇਹ ਦੱਸ ਦੇਵੇਗਾ। ਤੁਸੀਂ ਡੇਂਗੂ ਦੇ ਸਾਰੇ ਮਰੀਜ਼ਾਂ ਦਾ ਇਕ ਹੀ ਤਰੀਕੇ ਨਾਲ ਇਲਾਜ ਨਹੀਂ ਕਰ ਸਕਦੇ। ਇਕ ਮਰੀਜ਼ ਤੁਹਾਡੇ ਸਾਹਮਣੇ ਹੈ, ਆਪਣੀ ਪ੍ਰੇਸ਼ਾਨੀਆਂ ਦੇ ਨਾਲ, ਜਿਸ ਦਾ ਤੁਹਾਨੂੰ ਇਕਦਮ ਖਾਸ ਤਰੀਕੇ ਨਾਲ ਇਲਾਜ ਕਰਨਾ ਹੋਵੇਗਾ, ਨਹੀਂ ਤਾਂ ਉਹ ਮਰ ਜਾਵੇਗਾ। ਖੰਭ ਟੁੱਟੀ ਇੱਲ ਨੂੰ ਉਡਦੀ ਫਿਰ ਰਹੀ ਉਸ ਚਿੜੀ ਤੋਂ ਵੱਖਰਾ ਇਲਾਜ ਚਾਹੀਦਾ ਹੈ, ਜੋ ਉੱਡ ਨਹੀਂ ਸਕਦੀ। ਮਰੀਨ ਡਰਾਈਵ ਦਾ ਮੀਂਹ ਉਂਜ ਨਹੀਂ ਹੈ, ਜਿਵੇਂ ਧਾਰਾਵੀ ਦੀਆਂ ਝੁੱਗੀਆਂ 'ਚ ਅਤੇ ਉਥੇ ਦਾ ਮੀਂਹ ਫੁੱਲਾਂ ਦੀ ਘਾਟੀ ਜਾਂ ਚੀਰਾਪੂੰਜੀ ਦੇ ਮੀਂਹ ਤੋਂ ਵੱਖਰਾ ਹੈ।

ਮੁੰਬਈ 'ਚ ਸੈਂਕੜੇ ਸਾਲ ਪੁਰਾਣੇ ਦਰੱਖ਼ਤ ਇਸ ਵਾਅਦੇ ਨਾਲ ਉਖਾੜੇ ਜਾ ਰਹੇ ਹਨ ਕਿ ਉਹ ਉਨ੍ਹਾਂ ਨੂੰ ਕਿਤੇ ਹੋਰ ਜਾ ਕੇ ਲਗਾ ਦੇਣਗੇ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਫਿਰ ਲਗਾਉਣ 'ਚ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਹੋਵੇਗਾ, ਕਿਉਂਕਿ ਹਰ ਦਰੱਖ਼ਤ ਬਿਲਕੁਲ ਵੱਖਰਾ ਹੈ। ਜੰਗਲਾਂ ਨੂੰ ਵਧਣ 'ਚ ਸਦੀਆਂ ਲੱਗਦੀਆਂ ਹਨ। ਦੂਜੇ ਪਾਸੇ ਮੈਟਰੋ ਦੇ ਸ਼ੈੱਡ ਤਾਂ ਸਿਰਫ਼ ਧੁੱਪ ਤੋਂ ਬਚਾਉਂਦੇ ਹਨ। ਤੁਸੀਂ ਇਕ ਝਟਕੇ ਨਾਲ ਉਸ ਨੂੰ ਵੱਢ ਸਕਦੇ ਹੋ, ਜਿਸ ਨੂੰ ਕੁਦਰਤ ਨੇ ਕਈ ਸਾਲ ਤਕ ਪਾਲਿਆ ਹੈ।

ਜੋ ਦਰੱਖ਼ਤਾਂ ਬਾਰੇ ਸਹੀ ਹੈ, ਉਹ ਲੋਕਾਂ, ਕਿਸਾਨਾਂ ਬਾਰੇ ਵੀ ਸੱਚ ਹੈ। ਕਰਜ਼ਾ ਮਾਫ਼ੀ ਕੋਈ ਹੱਲ ਨਹੀਂ ਹੈ। ਇਸ ਨਾਲ ਸਮੱਸਿਆ ਹੋਰ ਵਧਦੀ ਜਾਵੇਗੀ ਅਤੇ ਖ਼ੁਦਕੁਸ਼ੀਆਂ ਨਹੀਂ ਰੁਕਣਗੀਆਂ। ਉਹ ਕਰਜ਼ੇ ਦੀ ਪਵਿੱਤਰਤਾ ਨੂੰ ਤਬਾਹ ਕਰ ਦਿੰਦੀ ਹੈ। ਇਕ ਵਾਰ ਤੁਸੀਂ ਕਿਸਾਨਾਂ ਦਾ ਕਰਜ਼ਾ ਮਾਫ਼ ਕਰ

**ਬਾਕੀ ਸਫ਼ਾ 31 'ਤੇ**

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 13)

## ਜਾਗਦੇ ਰਹੋ

ਗਰਮੀਆਂ ਦੀਆਂ ਰਾਤਾਂ–
ਲੇਡਣ ਬੂਆ ਦਾ ਬਾੜਾ–
ਦਸ ਪੰਦਰਾਂ ਮੰਜੀਆਂ ਰੋਜ਼ ਡਹਿੰਦੀਆਂ ਹਨ ਸਾਡੀਆਂ ਇੱਥੇ, ਤਿੰਨ ਚਾਰ ਘਰਾਂ ਦੀਆਂ, ਆਪਣੇ ਆਪਣੇ ਬਾਰ ਮੂਹਰੇ ਨਾਲੋ ਨਾਲ।

ਔਧਰ ਪਰ੍ਹਾਂ, ਦਰੱਖਤਾ ਹੇਠ ਡੰਗਰ ਬੰਨ੍ਹੇ ਹੋਏ ਹਨ, ਸਾਡੀ ਗਾਂ–ਸਣੇ – ਧੂਣੀਆਂ ਲਾ ਲਾ।

ਤੇ ਐਧਰ ਸੱਜੀ ਨੁੱਕਰ ਵਿਚ ਕੱਚਾ ਕੋਠਾ ਹੈ, ਮਾਲ ਡੰਗਰਾਂ ਦੀਆਂ ਖੁਰਲੀਆਂ, ਹਲ ਪੰਜਾਲੀਆਂ, ਤੂੜੀ ਘਾਹ ਫੂਸ, ਫੱਕ ਤੇ ਹੋਰ ਨਿੱਕ ਸੁੱਕ ਨਾਲ ਤੂੜਿਆ ਪਿਆ, ਗੁੱਲਰ ਪਾਥੀਆਂ, ਇੰਨਣ ਸਣੇ–ਸਭ ਦਾ ਸਾਂਝਾ।

ਕੋਠੇ ਦੇ ਬਾਹਰਵਾਰ ਕਰਕੇ ਤਾਈ ਹੋਰਾਂ ਦਾ ਇਕ ਹਾਰਾ ਪਿਆ ਹੈ ਤੇ ਕੋਲ ਹੀ ਇਕ ਲੋਹੇ ਦਾ ਵੱਡਾ ਸਾਰਾ ਕੜਾਹਾ ਜਿਵੇ ਵਾਧੂ ਹੀ ਪਿਆ ਹੋਵੇ। ਕੀਹਦਾ ਹੈ ਕਾਹਨੂੰ ਪਿਆ ਰਹਿੰਦਾ ਹੈ ਇੱਥੇ ਸਾਨੂੰ ਨੀ ਪਤਾ। ਬੱਸ ਮੈਨੂੰ ਤਾਂ ਐਨਾ ਹੀ ਪਤਾ ਹੈ ਖ਼ਬਰਨੀ ਇਕ ਵਾਰ ਕੀਹਦੇ ਵਿਆਹ ਵੇਲੇ ਇਹਦੇ ਵਿਚ ਢੇਰ ਸਾਰੇ ਆਲੂ ਉਬਾਲੇ ਗਏ ਤੇ ਅਸੀਂ ਨਿਆਣੇ ਤਰਪਾਲ 'ਤੇ ਬੈਠੇ ਅੰਮਾ ਮੁੱਢ ਨਾਲੇ ਆਲੂ ਛਿੱਲੀ ਜਾਈਏ ਨਾਲੇ ਖਾਈ ਜਾਈਏ। ਨਿੱਕੇ ਨਿੱਕੇ ਆਲੂ, ਜਿਹੜਾ ਰਤਾ ਕੁਲ ਪੀਲੇ ਜਿਹੇ ਰੰਗ ਦਾ ਹੁੰਦਾ ਮੈਂ ਛਿੱਲ ਕੇ ਧਰ ਦਿੰਦੀ ਹਾਂ ਜਿਹੜਾ ਸੁਫੇਦ ਚੁਰਮੁਰਾ ਜਿਹਾ ਲੱਗਾ ਮੂੰਹ ਵਿਚ ਪਾ ਮਿੱਠੀ ਗੋਲੀ ਵਾਂਗ ਕਚੋਲੀ ਜਾਂਦੀ, ਸੁਆਦ ਲਾ ਲਾ – ਐਨੇ ਆਲੂ ਉਬਲੇ ਤਾਂ ਮੈਂ ਪਹਿਲੀ ਵਾਰ ਦੇਖੇ ਹਨ, ਖਬਰਨੀ ਸਲੂਣਾ ਬਣਨਾ ਹੈ ਇਨ੍ਹਾਂ ਦਾ ਚੌਲਾਂ ਨਾਲ ਖਾਣ ਨੂੰ, ਉੱਬਲੇ ਚੌਲਾਂ ਦੇ ਵੀ ਤਾਂ ਮੰਜੇ ਭਰੇ ਪਏ ਹਨ, ਖੱਦਰ ਦੀਆਂ ਚਾਦਰਾਂ 'ਤੇ ਵਿਛਾ ਵਿਛਾ ਕੇ – ਬਰਾਤ ਜੋਗੇ, ਪ੍ਰਾਹੁਣਿਆਂ ਜੋਗੇ ਢੇਰ ਸਾਰੇ ਪਿੰਡ ਆਲਿਆਂ ਜੋਗੇ ਵੀ, ਜਿਹੜੇ ਰੋਟੀ ਖਾਣ ਆਉਂਦੇ ਤੇ ਜਿਹੜੇ ਨਾ ਵੀ ਆਉਂਦੇ, ਸਾਰਿਆਂ ਲਈ। ਮੈਨੂੰ ਤੇ ਕੁਲਵੰਤ ਨੂੰ ਵੀ ਤਾਂ ਇਹ ਸਲੂਣੇ ਨਾਲ ਚੌਲ ਖਾਣੇ ਅੰਤਾਂ ਦੇ ਚੰਗੇ ਲਗਦੇ ਹਨ, ਭਾਵੇਂ ਦੋ ਦੋ ਦਿਨ ਦੇ 'ਬਾਸੇ' ਹੀ ਕਿਉਂ ਨਾ ਪਏ ਹੋਣ। ਉਹ ਹੋ, ਮੈਂ ਵੀ ਕਿਹੜੀ 'ਕਥਾ' ਕਰਨ ਲਗ ਜਾਂਦੀ ਹਾਂ।

ਕਥਾ ਕਰਨ ਤਾਂ ਸੱਚ ਅੱਜ ਭਾਈ ਜੀ ਨੇ ਆਉਣਾ ਹੈ। ਕੋਈ ਕਥਾ, ਕੋਈ ਕਹਾਣੀ ਜਾਂ ਸਾਖੀ ਸੁਣਾਉਣ ਨੂੰ, ਗੁਰਦੁਆਰੇ ਦੇ ਭਾਈ, ਭਾਈ ਅਮਰ ਸਿੰਘ ਜੀ ਨੇ, ਭਾਈ ਜੀ ਫਾਹੁੜੀ ਨਾਲ ਚਲਦੇ ਹਨ, ਇਕ ਲੱਤ ਮਰੀ ਹੋਈ ਹੈ, ਜਿੱਧਰ ਜਿੱਧਰ ਨੂੰ ਜਾਂਦੇ, ਫਹੁੜੀ ਦੇ ਸਰੀਏ ਨਾਲ ਕੱਚੀ ਧਰਤੀ 'ਤੇ ਥਾਂ ਥਾਂ 'ਗਲੀਆਂ' (ਮੋਰੀਆਂ) ਕਰੀ ਜਾਂਦੇ ਹਨ, ਕੁਝ ਨਵੀਆਂ ਕੁਝ ਪੁਰਾਣੀਆਂ ਗਲੀਆਂ। ਫੇਰ ਅਸੀਂ ਦੇਖ ਕੇ ਅਨੁਮਾਨ ਲਾ ਲੈਂਦੇ ਹਾਂ ਕਿ ਭਾਈ ਜੀ ਹੁਣ ਕੀਹਦੇ ਘਰ ਜਾਂ ਕਿੱਥੇ ਬੈਠੇ ਹਨ। ਸਾਨੂੰ ਡਰ ਵੀ ਬਹੁਤ ਲਗਦਾ ਕਿਉਂਕਿ ਮੁਹਾਰਨੀ ਪੜ੍ਹਨ ਵੇਲੇ ਜਿਹੜੀਆਂ ਸ਼ਰਾਰਤਾਂ ਕਰਦੇ ਅਸੀਂ, ਹੁਣ ਮੌਕਾ ਹੁੰਦਾ – ਉਨ੍ਹਾਂ ਨੂੰ ਸਾਨੂੰ ਘਰਦਿਆਂ ਤੋਂ 'ਝਾੜਾਂ' ਪੁਆਉਣ ਦਾ। ਫੇਰ ਅਸੀਂ ਬਾਹਰੋਂ ਹੀ ਦੇਖ ਸਾਵਧਾਨ ਹੋ ਜਾਂਦੀਆਂ ਹਾਂ – "ਮਰਜੋ ਅੰਦਰ ਭਾਈ ਜੀ ਬੈਠਾ।" ਦੇਖ ਬਾਹਰੋਂ ਬਾਹਰ ਜਾਂ ਬਹਿੰਦੀਆਂ ਕਿਸੇ ਦੂਜੇ ਦੇ ਘਰ – ਲੁਕ ਕੇ – ਜਦ ਤੱਕ ਭਾਈ ਜੀ ਉੱਥੇ ਬਿਰਾਜਮਾਨ ਰਹਿੰਦਾ।

ਅੱਜ ਭਾਈ ਜੀ ਲਈ ਇਕ ਮੰਜੀ 'ਤੇ ਸਾਫ਼ ਸੁਥਰੀ ਦਰੀ–ਚੱਦਰ ਵਿਛਾ ਦਿੱਤੀ ਗਈ ਹੈ। ਮੂਹਰੇ ਇਕ ਸਟੂਲ ਉੱਤੇ ਲਾਲਟੈਣ ਤੇ ਕੋਲ ਹੇਠਾਂ ਕ੍ਰਮੰਡਲ ਵਿਚ ਪਾਣੀ ਵੀ ਰੱਖ ਦਿੱਤਾ ਗਿਆ ਹੈ। ਆਪਣੀ ਪੁਸਤਕ ਤੇ 'ਰਹੇਲ' ਭਾਈ ਜੀ ਨਾਲ ਲੈ ਕੇ ਆਉਂਦੇ ਹਨ ਕਿਸੇ ਚੇਲੇ ਤੋਂ ਚੁਕਵਾ ਕੇ – ਉਂਜ ਰਹੇਲਾਂ ਵੀ ਭਾਈ ਜੀ ਦੇ ਹਰ ਸ਼ਗਿਰਦ ਕੋਲ ਆਪਣੀ ਆਪਣੀ ਹੁੰਦੀ ਹੈ ਪੜ੍ਹਨ ਵੇਲੇ। ਉਂਜ ਭਾਈ ਜੀ ਲਈ ਇਕ ਗੜਵੀ ਦੁੱਧ ਦੀ ਵੀ ਆਉਂਦੀ ਹੈ – ਉਹ ਰਤਾ ਠਹਿਰ ਕੇ – ਜੋ ਸਾਡੇ ਸਾਰਿਆਂ ਦੇ ਘਰੋਂ ਰੋਜ਼ ਵਾਰੋ ਵਾਰੀ ਆਉਂਦੀ ਹੈ। ਰੋਟੀ ਟੁੱਕ ਤੋਂ ਵਿਹਲੇ ਹੋ ਸਭ ਆਈ ਜਾਂਦੇ ਹਨ ਆਪੋ ਆਪਣੀਆਂ ਮੰਜੀਆਂ 'ਤੇ, ਬਿਰਾਜਮਾਨ ਹੋਣ ਨੂੰ ਪਰ ਨਿਆਣੇ, ਉਹ ਤਾਂ ਵਿਚ ਵਿਚ ਨੂੰ ਸੌਂਈ ਜਾ ਰਹੇ ਹਨ, ਜੋ ਮਾੜੀ ਮਾੜੀ ਜੀ ਸੋਝੀ ਆਲੇ ਹਨ – ਮਹਾਤੜ ਸਾਥੀ, ਉਹ ਘੜੀ ਕੁ ਨੂੰ ਊਂਘਦੇ ਊਂਘਦੇ ਸੌਂ ਜਾਣਗੇ।



ਭਾਈ ਜੀ – ਵਰੀ ਵੀਰਾਂਗਣਾਂ, ਸਾਧਾਂ ਭਗਤਾਂ ਦੀਆਂ ਸਾਖੀਆਂ, ਕਥਾਵਾਂ ਸੁਣਾਉਂਦੇ ਹਨ – ਰੋਜ਼, ਵਾਰੋਵਾਰੀ। ਬੀਬੀ ਸਾਹਿਬ ਕੌਰ, ਬੀਬੀ ਸਤਵੰਤ ਕੌਰ, ਭਾਈ ਕਾਨ੍ਹਈਆ, ਧਰੂ, ਪਰਹਿਲਾਦ, ਧੰਨਾ ਭਗਤ ਹੋਰ ਪਤਾ ਨਹੀਂ ਕੀਹਦੀਆਂ ਕੀਹਦੀਆਂ ਤੇ ਉਨ੍ਹਾਂ ਵਿਚੋਂ ਇਕ ਰਾਜਾ ਹਰੀਸ਼ ਚੰਦਰ ਦੀ ਰਾਣੀ ਦੀ – 'ਖੜਾਓਂ ਨਾਲ ਖੜਾਓਂ' ਜੁੜਨ ਦੀ ਕਹਾਣੀ ਜੋ ਮੈਨੂੰ ਬਹੁਤ ਹੀ ਚੰਗੀ ਲਗਦੀ ਹੈ। ਪਤਾ ਨਹੀਂ ਰੱਬ ਕਹੀਆਂ ਕਹੀਆਂ ਜੀਆਂ ਕਰਾਮਾਤਾਂ ਕਰ ਦਿੰਦਾ ਹੈ–ਮੈਂ ਸੋਚਦੀ ਹਾਂ – ਤੇ ਇੰਜ ਕਈ ਦਿਨ ਚਲਦਾ ਰਹਿੰਦਾ ਹੈ ਇਹ ਜੁੜਦੇ ਹਨ, ਫੇਰ ਕੀ ਫੇਰ ਤਾਂ ਮੰਜੀਆਂ ਦੇ 'ਭਾਅ' ਦੀ ਬਣ ਜਾਂਦੀ – ਜੀਹਨੂੰ ਜਿੱਥੇ ਭੋਰਾ ਕੁ ਥਾਂ ਮਿਲਦੀ – ਬੈਠ ਜਾਂਦਾ – ਕਈ ਪਰ੍ਹਾਂ ਖੜ੍ਹੇ ਗੱਡੇ 'ਤੇ ਹੀ ਬੈਠੀ ਜਾਂਦੇ ਹਨ ਤੇ ਜੋ ਗੱਡੇ ਦੇ ਪਿਛਲੇ ਪਾਸੇ ਭਾਰ ਹੋ ਜਾਂਦਾ ਕਦੀ ਫੇਰ ਗੱਡਾ ਉਲਰ ਵੀ ਜਾਂਦਾ। ਕੋਈ ਐਧਰ ਕੱਚੀ ਕੰਧ 'ਤੇ ਹੀ ਬੈਠ ਜਾਂਦਾ ਹੈ – ਥਾਂ ਬਣਾ ਕੇ ਜੀਹਨੂੰ ਹੋਰ ਕਿਤੇ ਬੈਠਣ ਨੂੰ ਥਾਂ ਨਾ ਲੱਭਦੀ, ਉਂਜ ਬੁੜੀਆਂ, ਉਹ ਤਾਂ ਆਪਣੇ ਆਪਣੇ ਮੂਹੜੇ ਲੈ, ਮੂਹਰੇ ਆ ਬਹਿੰਦੀਆਂ ਭਾਈ ਜੀ ਦੇ ਗੋਡੇ ਕੋਲੇ ਜਿਵੇਂ ਭਾਈ ਜੀ ਦੇ ਮੂੰਹ ਵਿਚੋਂ ਨਿਕਲਿਆ ਇਕ ਇਕ ਬੋਲ – ਸੱਚਾ ਸੁੱਚਾ, ਮਿੱਠਾ ਮਿੱਠਾ, ਤੱਤਾ ਤੱਤਾ ਸਭ ਤੋਂ ਪਹਿਲਾਂ ਉਨ੍ਹਾਂ ਦੇ ਹੀ ਕੰਨਾਂ ਵਿਚ ਚੋਣਾ ਚਾਹੀਦਾ ਹੈ। ਫੇਰ ਉਹ ਮੰਤਰ–ਮੁਗਧ ਹੋ ਜਦ 'ਬਾਖਰੂ–ਬਾਖਰੂ' ਕਰਦੀਆਂ ਤਾਂ ਉਨ੍ਹਾਂ ਨੂੰ ਲਗਦਾ ਜਿਵੇਂ ਹਾਲ ਦੀ ਘੜੀ ਜਾਂ ਤਾਂ ਰੱਬ ਨੇ ਉਨ੍ਹਾਂ ਦੀ ਬਾਂਹ ਫੜੀ ਹੋਈ ਹੈ ਜਾਂ ਉਨ੍ਹਾਂ ਨੇ ਰੱਬ ਦੀ, ਬਾਕੀ ਸਾਰੇ ਦਾ ਸਾਰਾ ਜੱਗ–ਜਹਾਨ ਝੂਠਾ।




ਐਧਰ ਮੰਜੀਆਂ ਵੱਲ ਨੂੰ ਆ ਜੋ।

ਛੋਟੀਆਂ ਵੱਡੀਆਂ, ਨਵੀਆਂ ਪੁਰਾਣੀਆਂ – ਸਣ, ਸੂਤ, ਮੁੰਜ, ਬੱਬੜ ਦੀਆਂ ਬਣੀਆਂ – ਕਿਸੇ ਦੇ ਚਾਰੇ ਪਾਵੇ ਨਵੇਂ, ਕਿਸੀ ਦੇ ਦੋ ਨਵੇਂ, ਦੋ ਪੁਰਾਣੇ, ਕਿਸੀ ਦਾ ਇਕ ਹੀ ਨਵਾਂ ਹੈ, ਤਿੰਨ ਪੁਰਾਣੇ – ਜਿਹੜਾ ਟੁੱਟ ਗਿਆ, ਬਦਲ ਦਿੱਤਾ ਜਾਂਦਾ ਹੈ – ਘੜਿਆਂ–ਅਣਘੜਿਆ। ਕਿਸੀ ਦੀ ਚੂਲ ਹਿੱਲ ਰਹੀ ਹੈ, ਕਿਸੀ ਦਾ ਪਾਵਾ ਬੁੜੇ ਦੇ ਦੰਦ ਵਾਂਗ ਡਲਕ–ਡਲਕ ਕਰ ਰਿਹਾ ਹੈ – ਕੋਈ ਚੀਂ ਚੀਂ ਕਰੀ ਜਾਂਦਾ ਬੈਠਣ ਲੱਗੇ – ਕੋਈ ਕਾਣ – ਸੂਤਾ ਹੋਇਆ – ਤੀਰ ਕਮਾਨ ਬਣਿਆ ਪਿਆ ਕਿਸੀ ਦੀ ਦੌਣ ਕੱਸੀ ਹੋਈ ਹੈ, ਕੋਈ ਜਮ੍ਹਾ ਈ ਝੌਲੀ ਹੋਇਆ ਪਿਆ ਹੈ – ਕਿਸੇ ਤੇ ਬਿਸਤਰਾ ਹੈ – ਕਿਸੇ ਆਲਣੇ ਮੰਜੇ ਤੇ ਹੀ ਕੋਈ ਪਿਆ ਹੈ – ਕਿਸੇ 'ਤੇ ਦਰੀ ਹੈ, ਚਾਦਰ ਹੈ, ਸਿਰ੍ਹਾਣਾ ਹੈ, ਕਿਸੇ 'ਤੇ ਖਾਲੀ ਖੇਸ ਲਈ ਪਿਆ ਹੈ ਤੇ ਕਿਸੇ 'ਤੇ 'ਕੱਲਾ ਸਿਰਹਾਣਾ ਹੀ।

ਹੁਣ ਕੋਈ ਘੂਕ ਸੁੱਤਾ ਪਿਆ ਹੈ ਚੁੱਪ ਚਾਪ, ਕੋਈ ਘੁਰਾੜੇ ਮਾਰ ਰਿਹਾ ਹੈ – ਖ਼ਰਰ, ਖ਼ਰਰ। ਕਿਸੇ ਨੂੰ ਮੱਛਰ ਕਣਤਾ ਰਿਹਾ ਹੈ। ਕੋਈ ਫਰਾਟੇ ਮਾਰ ਮਾਰ ਭਜਾਈ ਜਾ ਰਿਹਾ ਹੈ – ਕੋਈ ਬਿਮਾਰ ਲੰਮੀਆਂ ਲੰਮੀਆਂ – "ਊਂ ਹੂੰ – – – – ਊਂ ਹੂੰ" ਹੰਗਰਾ ਮਾਰ ਰਿਹਾ ਹੈ ਤੇ ਕੋਈ ਮੇਰੇ ਵਰਗਾ ਵਿਹਲੜ ਜਦ ਜਾਗ ਖੁਲ੍ਹਗੀ ਤਾਂ ਜਾਗਦਾ ਹੀ ਚਲਾ ਜਾ ਰਿਹਾ ਹੈ।

ਰਾਤ ਚੰਨ ਚਾਨਣੀ ਹੋਵੇ ਜਾਂ ਹਨੇਰੀ, ਜਦ ਜਾਗ ਖੁਲ੍ਹ ਜਾਂਦੀ ਹੈ ਕਿਤੇ, ਤਾਂ ਮੈਨੂੰ ਬਹੁਤ ਡਰ ਲਗਦਾ ਹੈ, ਫੇਰ ਤਾਂ ਕੋਈ ਰੱਬ ਵੀ ਨਹੀਂ ਬਹੁੜਦਾ ਉਸ ਘੜੀ – ਤੇ ਜਦ ਕਦੀ ਟਿਕੀ ਰਾਤ, ਚੌਕੀਦਾਰ ਹੋਕਾ ਦਿੰਦਾ ਹੈ, "ਜਾਗਦੇ ਰਹੋ..." ਆਵਾਜ਼ ਪਹਿਲਾਂ ਪਿੰਡ ਦੇ ਦੂਜੇ ਪਾਸਿਓਂ ਆਉਂਦੀ ਹੌਲੀ ਹੌਲੀ ਨੇੜੇ ਆਉਂਦੀ ਜਾਂਦੀ ਹੈ – ਹੋਰ ਨੇੜੇ। ਫੇਰ ਮੇਰੀ ਜਾਨ ਨਿਕਲਣੀ ਸ਼ੁਰੂ ਹੋ ਜਾਂਦੀ – ਨਾ ਮੈਨੂੰ ਕਈ ਇਹ ਚੌਕੀਦਾਰ ਚੰਗਾ ਲਗਾ ਨਾ ਇਹਦਾ ਪਹਿਰਾ ਦੇਣਾ – ਨਿਰੀ ਇਕ ਡਰਾਉਣੀ ਸ਼ੈਅ, ਬਸ।

"ਈਹਦੀ ਕੀ ਲੋੜ ਹੈ, ਆਵਾਜ਼ ਸੁਣ ਕੇ ਤਾਂ ਚੋਰਾਂ ਨੂੰ ਚੰਗਾ ਭਾਲ ਪਤਾ ਲੱਗ ਜਾਂਦਾ ਹੈ ਕਿ ਚੌਕੀਦਾਰ ਕਿੱਧਰ ਹੈ। ਉਹ ਅਰਾਮ ਨਾਲ ਦੂਜੇ ਪਾਸੇ ਚੋਰੀ ਕਰ ਸਕਦੇ ਹਨ। ਉੱਤੋਂ ਇਹ ਆਵਾਜ਼ਾਂ ਮਾਰ ਮਾਰ ਕੇ ਚੰਗੇ ਭਲੇ ਸੁੱਤਿਆਂ ਪਿਆਂ ਦੀ ਨੀਂਦ ਖ਼ਰਾਬ ਕਰ ਦਿੰਦਾ ਹੈ।" ਮੈਂ ਆਪਣੇ ਆਪ ਨਾਲ ਗੱਲਾਂ ਕਰਦੀ ਰਹਿੰਦੀ ਹਾਂ, ਪਤਾ ਨੀ ਹੋਰ ਕਿਸੇ ਨੂੰ ਵੀ ਡਰ ਲਗਦਾ ਹੋਵੇਗਾ ਮੇਰੇ ਵਾਂਗ ਕਿ ਨਹੀਂ – ਪਰ ਆਸੇ ਪਾਸੇ ਤਾਂ ਸਭ ਸੁੱਤੇ ਪਏ ਹੁੰਦੇ ਹਨ।

ਉਂਜ ਮੈਨੂੰ ਸਦਾ 'ਕੱਲੇ ਸੌਣਾ ਹੀ ਚੰਗਾ ਲਗਦਾ ਹੈ ਆਪਣੀ ਨਿੱਕੀ ਜਿਹੀ ਮੰਜੀ 'ਤੇ – ਉਹ ਵੀ ਇਕ ਪਾਸੇ ਕਰਕੇ ਪਰ ਜਿਵੇਂ ਜਿਵੇਂ ਆਵਾਜ਼ ਨੇੜੇ ਆਉਂਦੀ ਜਾਂਦੀ ਮੈਂ ਹੋਰ ਗੁੱਛਾ ਮੁੱਛਾ ਹੋਈ ਜਾਂਦੀ ਹਾਂ, ਅੱਖਾਂ ਘੁੱਟ ਘੁੱਟ ਕੇ ਤੇ ਉਨੀ ਹੀ ਜ਼ੋਰ ਜ਼ੋਰ ਨਾਲ ਕਾਲਜਾ ਧੱਕ ਧੱਕ ਕਰੀ ਜਾਂਦਾ – ਸੋਚਦੀ ਕੱਲ੍ਹ ਨੂੰ ਆਪਣੀ ਮੰਜੀ ਮੈਂ ਐਨ ਵਿਚਕਾਰ ਡਾਹੂੰਗੀ। ਮੈਂ ਆਪਣੀ ਲੱਤ ਜਾਂ ਬਾਂਹ ਕੋਲ ਪਏ ਬੀਜੀ ਦੇ ਮੰਜੇ 'ਤੇ ਰੱਖਣਾ ਚਾਹੁੰਦੀ ਹਾਂ ਖ਼ਬਰਨੀ ਬੀਜੀ ਜਾਗ ਹੀ ਜਾਣ – ਮੈਂ ਇੰਜ ਵੀ ਨਹੀਂ ਕਰ ਸਕਦੀ – ਮੈਂ ਤਾਂ ਜਮਾਂ ਈ ਪੱਥਰ ਬਣੀ ਪਈ ਹਾਂ – ਸਾਹ ਸੂਤ ਕੇ। ਚੌਕੀਦਾਰ ਆਉਂਦਾ ਹੈ, ਹੋਕਾ ਦਿੰਦਾ ਹੈ, ਲੰਘ ਜਾਂਦਾ ਹੈ। ਫੇਰ ਪਤਾ ਨੀ ਕਦ ਕੁ ਜਾ ਕੇ ਨੀਂਦ ਆਉਂਦੀ।

ਹੁਣ ਮੈਂ ਰੋਜ਼ ਸੌਣ ਵੇਲੇ ਆਪਣੀ ਮੰਜੀ ਕਿਸੇ ਨਾ ਕਿਸੇ ਨਾਲ ਜੋੜ ਕੇ ਸੌਂਦੀ ਹਾਂ ਤਾਂ ਜੋ ਸੌਣ ਵੇਲੇ ਮੈਂ ਆਪਣੀ ਲੱਤ ਬਾਂਹ ਦੂਜੇ ਦੇ ਮੰਜੇ 'ਤੇ ਰੱਖ ਕੇ ਅਰਾਮ ਨਾਲ ਸੌਂ ਸਕਾਂ। ਇਹ ਮੈਨੂੰ ਚੰਗਾ ਵੀ ਲਗਦਾ ਹੈ ਤੇ ਅਰਾਮਦਾਇਕ ਵੀ।

ਇਕ ਵਾਰ ਪਤਾ ਨੀ ਕਿੱਥੋਂ ਬਹੁਤ ਸਾਰੀਆਂ ਤੀਵੀਆਂ ਆਈਆਂ ਸਾਡੇ ਘਰ – ਕਹਿੰਦੀਆਂ, "ਪਹੋਏ ਨਾਹੁਣ ਜਾਣਾ ?" 'ਪਹੋਇਆ ਕੀ ਬਲਾ ਹੈ, ਮੈਂ ਨਹੀਂ ਜਾਣਦੀ ਹਾਂ ਪਰ ਉਨ੍ਹਾਂ ਨੇ ਤਾਂ ਰਾਤ ਕੱਟਣੀ ਹੈ ਸਾਡੇ ਘਰ। ਸੌਣ ਦਾ ਵੇਲਾ ਆ ਗਿਆ। ਬੀਜੀ ਮੇਰੀ ਮੰਜੀ ਕਿਸੀ ਬੁੜੀ ਨੂੰ ਦੇ ਮੈਨੂੰ ਦੂਜੇ ਮੰਜੇ 'ਤੇ ਕਿਸੀ ਤੀਵੀਂ ਨਾਲ ਸੌਣ ਨੂੰ ਕਹਿੰਦੇ ਹਨ ਪਰ ਮੈਂ ਨਹੀਂ ਮੰਨਦੀ ਹਾਂ। "ਬੀਜੀ ਮੈਂ ਤਾਂ ਇਕੱਲੀ ਸੌਣਾ ਹੈ, ਆਪਣੀ ਮੰਜੀ 'ਤੇ। ਜੇ ਨਹੀਂ ਤਾਂ ਪੀੜ੍ਹੀ ਤੇ ਸੌਂ ਜਾਵਾਂਗੀ ਪਰ ਮੈਂ ਕਿਸੇ ਹੋਰ ਤੀਵੀਂ ਨਾਲ ਨਹੀਂ ਸੌਣਾ।" ਮੈਂ ਜ਼ਿੱਦ ਕਰਦੀ ਹਾਂ। ਉਂਜ ਸਾਡੇ ਘਰਾਂ ਵਿਚ ਦੋ ਦੋ ਨਿਆਣਿਆਂ ਨੂੰ 'ਕੱਠੇ ਸੁਲਾ ਦੇਣਾ ਆਮ ਰਿਵਾਜ਼ ਹੈ। ਅੰਤ ਨੂੰ ਬੀਜੀ ਨੂੰ ਹਾਰ ਮੰਨਣੀ ਪੈਂਦੀ ਹੈ ਤੇ ਮਿਲ ਜਾਂਦੀ ਹੈ ਮੈਨੂੰ ਮੇਰੀ ਨਿੱਕੀ ਜਿਹੀ, ਪਿਆਰੀ ਜਿਹੀ ਮੰਜੀ।

ਜਿਵੇਂ ਅਸੀਂ ਇੱਥੇ ਸਾਰੇ ਘਰਾਂ ਤੇ ਖ਼ਾਮਖ਼ਾਹ ਹੀ ਲੇਡਣ ਬੂਆ ਦੇ ਬਾੜੇ ਦੀ ਮੱਲ ਮੱਲੀ ਹੋਈ ਹੈ (ਉਂਜ ਬਾਅਦ ਵਿਚ ਖਰੀਦ ਵੀ ਲਿਆ ਜਾਂਦਾ ਹੈ) ਇਵੇਂ ਪਿੰਡ ਦੇ ਅਵਾਰਾ ਕੁੱਤਿਆਂ ਦਾ ਵੀ ਇੱਥੇ ਇਕਬਹੁਤ ਵੱਡਾ ਗੜ੍ਹ ਹੈ। ਕੁੱਤੇ–ਕੁੱਤੀਆਂ, ਕਤੂਰੇ... ਜਿੱਥੇ ਜੀਅ ਕਰਦਾ ਆ ਬਹਿੰਦੇ ਥਾਂ ਥਾਂ, ਖਾਸ ਕਰ ਠੰਢੀ ਥਾਂ ਜਿੱਥੇ ਇਨ੍ਹਾਂ ਨੇ ਪੌਂਚਿਆਂ ਨਾਲ ਖੁਰਚ ਖੁਰਚ ਟੋਹਣੇ ਪੱਟੇ ਪਏ ਹਨ। ਕੀ ਮਜਾਲ ਇਨ੍ਹਾਂ ਨੂੰ ਕੋਈ ਰੋਕੇ ਜਾਂ ਟੋਕੇ – ਜਿੰਨਾ ਮਰਜ਼ੀ ਖਦੇੜੋ ਆ ਬਹਿੰਦੇ ਫੇਰ ਨਵਾਬਾਂ ਵਾਂਗ ਆਪਣੀ ਆਪਣੀ ਥਾਂਵੇ। ਉਂਜ ਦੇਖਿਆ ਜਾਏ ਇਨ੍ਹਾਂ ਦਾ ਪੂਰਾ ਹੱਕ ਵੀ ਬਣਦਾ ਹੈ, ਦਿਨੇ ਰਾਤ ਚੌਕੀਦਾਰੀ ਜੁ ਕਰਦੇ ਹਨ। ਕੀ ਮਜਾਲ ਕੋਈ ਅਣਜਾਣ ਬੰਦਾ, ਚਿੜੀ–ਪਰਿੰਦਾ ਫਟਕ ਜਾਏ ਐਧਰ। ਕੋਈ ਦੇਖਿਆ ਨੀ ਕਿ ਭੌਂਕ ਭੌਂਕ ਚੁੱਕ ਲੈਂਦੇ ਹਨ ਸਾਰਾ ਅਸਮਾਨ ਸਿਰ 'ਤੇ ਤੇ ਮੈਂ ਸੋਚਦੀ ਹਾਂ ਚੌਕੀਦਾਰੀ ਕਰਨ ਨੂੰ ਤਾਂ ਇਹੋ ਬਥੇਰੇ ਹਨ, ਹੋਰ ਕਿਸੇ ਦੀ ਕੀ ਲੋੜ ਹੈ। ਪਰ ਮੇਰੀ ਕੋਈ ਸੁਣੇ ਵੀ ਤਾਂ ਨਾ।

ਰਾਤ ਨੂੰ ਜਦ ਨਿਆਣੇ ਸਿਆਣੇ ਸੌਂ ਜਾਂਦੇ ਆਪਣੀਆਂ ਆਪਣੀਆਂ ਮੰਜੀਆਂ 'ਤੇ – ਮਿੰਦਰ ਬਾਈ, ਜੋ ਅੰਤਾਂ ਦਾ ਸ਼ਰਾਰਤੀ, ਜੁਗਤੀ ਪਰ ਹਸਮੁੱਖ–ਕਤੂਰੇ ਚੁੱਕ ਚੁੱਕ ਨਿਆਣਿਆਂ ਨਾਲ ਪਾ ਦਿੰਦਾ ਹੈ। ਉਂਜ ਇਹ ਨਿਆਣੇ ਕਿਹੜਾ ਘੱਟ ਹੁੰਦੇ ਹਨ, ਸਾਰਾ ਸਾਰਾ ਦਿਨ ਧੂ ਘੜੀਸ ਰਹਿੰਦੇ ਇਨ੍ਹਾਂ ਕਤੂਰਿਆਂ ਦੀ – ਜੀਹਦੇ ਜੋ ਹੱਥ ਆਉਂਦਾ। ਗਰਦਨ, ਪੂੰਛ, ਲੱਤ–ਗੱਤ ਬਣਾਈ ਰਖਦੇ ਹਨ ਇਨ੍ਹਾਂ ਬੇਜ਼ਬਾਨਾ ਦੀ।

ਫੇਰ ਸਾਰੀ ਸਾਰੀ ਰਾਤ ਕਿਸੇ ਨੇ ਚੂੰ ਚੂੰ ਕਰੀ ਜਾਣਾ, ਕਿਸੇ ਨੇ ਕਾਂਤਣੀ ਜਾਣਾ – ਨਾ ਸੌਣਾ ਨਾ ਸੌਣ ਦੇਣਾ। ਰਾਤ ਭਰ ਕੀਹਦੇ ਨਾਲ ਕੀ ਕੀ ਬੀਤਦੀ ਇਹ ਤਾਂ ਉਹੀ ਜਾਣਦਾ ਜਾਂ ਉਹਦਾ ਰੱਬ ਜਾਂ ਫੇਰ ਕਤੂਰੇ ਪਾਉਣ ਵਾਲਾ।

ਸਵੇਰੇ ਉੱਠ ਕੇ ਹੀ ਪਤਾ ਲਗਦਾ ਉਨ੍ਹਾਂ ਨੂੰ ਤਾਂ ਜਦ ਉਹ ਅੱਖਾਂ ਮਲਦੇ ਰਾਅਟ ਪਾਉਂਦੇ, ਨਾਸਾਂ ਪੂੰਝਦੇ, ਡੈਂਬਰਿਆਂ ਵਾਂਗ ਆਸੇ ਪਾਸੇ ਝਾਕਦੇ, ਗੀਂ ਗੀਂ ਕਰਦੇ, ਮੱਖੀਆਂ ਹਟਾਉਂਦੇ –ਉੱਠਦੇ – ਤੇ ਤਾੜੀਆਂ ਮਾਰ ਮਾਰ ਦੇਖਦਾ – ਹੱਸਦਾ ਬਾਈ...।

ਈਸਰ ਬਾਈ ਤੋਂ ਬਾਅਦ ਫੇਰ ਸਾਡੇ ਘਰਾਂ ਵਿਚ ਸਭ ਤੋਂ ਵੱਡਾ ਮਿੰਦਰ ਬਾਈ ਹੀ ਤਾਂ ਹੈ। ਛੇੜਖਾਨੀਆਂ, ਝੇਡਾਂ, ਮਖੌਲਾਂ, ਸ਼ਰਾਰਤਾਂ ਕਰਨਾ – ਨਾਂ ਕੁਨਾਂ ਧਰਨਾ – ਜਿਵੇਂ ਜੰਮਣ ਵੇਲੇ ਦਾਈ ਨੇ ਹੀ ਇਹਦੇ ਕੰਨਾਂ ਵਿਚ ਫੂਕ ਮਾਰ ਸਭ ਭਰ ਦਿੱਤਾ ਹੋਵੇ।

ਪਿਆਰਾ ਸਿੰਘ ਤਾਇਆ ਜੀ (ਮਿੰਦਰ ਬਾਈ ਦੇ ਪਿਤਾ ਜੀ) ਜੰਗਲਾਤ ਦੇ ਮਹਿਕਮੇ ਵਿਚ ਕੰਮ ਕਰਦੇ ਹਨ। ਹੁਣ ਜਦ ਉਹ ਪਿੰਡ ਛੱਡ ਕੇ ਪੱਕੇ ਤੌਰ 'ਤੇ ਖੈੜ (ਖਰੜ) ਆ ਵਸੇ ਤਾਂ ਬਾਈ ਉਦੋਂ ਵੀ ਪਿੰਡ ਹੀ ਰਹਿੰਦਾ ਰਿਹਾ ਚਾਚਾ ਜੀ ਹੋਰਾਂ ਕੋਲ, ਖ਼ਬਰੇ ਪੜ੍ਹਾਈ ਕਰਕੇ।

ਸਾਮਾਨ ਲੱਦਿਆ ਗਿਆ ਗੱਡਿਆਂ "ਤੇ ਸਾਰਾ ਪਰਿਵਾਰ ਵੀ ਹੁਣ ਨਾਲ ਹੀ ਚਲਾ ਗਿਆ ਹੈ, ਪਰ ਬਾਈ – ਬਾਈ ਤਾਂ ਉਨ੍ਹਾਂ ਨੂੰ ਵੀ ਨਹੀਂ ਬਖਸ਼ ਰਿਹਾ ਹੈ, ਜੀਹਦੇ ਘਰ ਜੀਹਦੇ ਚੁੱਲ੍ਹੇ ਮੂਹਰੇ ਬੈਠ ਜਾਂਦਾ, ਗੀਤ ਬਣਾ ਬਣਾ ਗਾਉਣ ਲੱਗ ਪੈਂਦਾ – ਹੱਸਦਾ ਹੱਸਦਾ – ਦੂਜਿਆਂ ਦੇ ਢਿੱਡੀ ਪੀੜਾਂ ਪਾ ਦਿੰਦਾ ਹੈ:–

"ਨਾ ਚਿਮਟੇ ਭੂਖਣੇ ਛੱਡੇ
ਭਰਲੇ ਗੱਡਿਆਂ ਦੇ ਗੱਡੇ
ਤੁਰ ਗਏ – ਘਰ ਬਾਰ ਛੱਡ ਕੇ...
ਮਿੰਦਰ ਸਿਓਂ ਵਾਂਰਾਂ ਗਾਵੇ ਗੱਜ ਵੱਜ ਕੇ..."

ਅੱਜ ਵੀ ਬਾਈ ਦਾ ਇਹ ਗਤਿ – ਕਿਸੀ ਮੁਹਾਵਰੇ ਵਾਂਗ – ਸਾਡੇ ਸਾਰਿਆਂ ਦੇ ਮੂੰਹ ਚੜ੍ਹਿਆ ਹੋਇਆ ਹੈ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : ਕਸ਼ਮੀਰੀ ਕਿਸ ਤੋਂ 'ਆਜ਼ਾਦੀ' ਚਾਹੁੰਦੇ ਹਨ ?

**ਕੀ ਤੁਸੀਂ ਕਦੇ ਸੋਚਿਆ ਹੈ ਕਿ ਦਹਾਕਿਆਂ ਤੋਂ ਤਣਾਅ ਅਤੇ ਹਿੰਸਾ ਦਾ ਕੇਂਦਰ ਰਹੀ ਕਸ਼ਮੀਰ ਵਾਦੀ ਵਿਚ ਵੱਡੀਆਂ ਹੋ ਰਹੀਆਂ ਕੁੜੀਆਂ ਅਤੇ ਬਾਕੀ ਭਾਰਤ ਵਿਚ ਰਹਿਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਕਿੰਨੀ ਇਕੋ ਜਿਹੀ ਅਤੇ ਕਿੰਨੀ ਵੱਖਰੀ ਹੋਵੇਗੀ ? ਇਹ ਸਮਝਣ ਲਈ ਬੀ.ਬੀ.ਸੀ. ਹਿੰਦੀ ਨੇ ਵਾਦੀ ਵਿਚ ਰਹਿ ਰਹੀ ਦੁਆ ਅਤੇ ਦਿੱਲੀ ਵਿਚ ਰਹਿ ਰਹੀ ਸੌਮਿਆ ਨੂੰ ਇਕ-ਦੂਸਰੇ ਨੂੰ ਖ਼ਤ ਲਿਖਣ ਲਈ ਕਿਹਾ। ਸੌਮਿਆ ਅਤੇ ਦੁਆ ਕਦੇ ਇਕ-ਦੂਜੇ ਨੂੰ ਨਹੀਂ ਮਿਲੀਆਂ। ਉਨ੍ਹਾਂ ਨੇ ਇਕ-ਦੂਸਰੇ ਦੀ ਜ਼ਿੰਦਗੀ ਨੂੰ ਪਿਛਲੇ ਡੇਢ ਮਹੀਨੇ ਵਿਚ ਇਨ੍ਹਾਂ ਖ਼ਤਾਂ ਰਾਹੀਂ ਜਾਣਿਆ। ਆਓ, ਇਨ੍ਹਾਂ ਲੜੀਵਾਰ ਖ਼ਤਾਂ ਰਾਹੀਂ ਤੁਸੀਂ ਵੀ ਇਨ੍ਹਾਂ ਕੁੜੀਆਂ ਦੀ ਜ਼ਿੰਦਗੀ ਤੇ ਭਾਰਤ ਦੇ ਹਾਲਾਤ ਨਾਲ ਰੂਬਰੂ ਹੋਵੋ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ**









**ਪਿਆਰੀ ਦੁਆ**

**ਕਿਵੇਂ ਹੈਂ ਤੂੰ ਤੇ ਤੇਰੇ ਪਰਿਵਾਰ ਦਾ ਕੀ ਹਾਲ ਹੈ ?**

ਆਪਣੇ ਪਿਛਲੇ ਖ਼ਤ ਵਿਚ ਤੂੰ ਮੈਨੂੰ ਸਵਾਲ ਪੁਛਿਆ ਸੀ ਕਿ ਸਾਡਾ ਸਕੂਲ ਸਾਨੂੰ ਪਿਕਨਿਕ 'ਤੇ ਕਿੱਥੇ ਲੈ ਜਾਂਦਾ ਹੈ। ਇਸ ਸਾਲ ਸਾਡਾ ਸਕੂਲ ਸਾਨੂੰ ਮਾਨੇਸਰ ਲੈ ਗਿਆ ਸੀ ਜੋ ਕਿ ਦਿੱਲੀ ਤੋਂ ਬਾਹਰ ਇਕ ਪਿੰਡ ਵਰਗਾ ਇਲਾਕਾ ਹੈ। ਮਾਨੇਸਰ ਵਿਚ ਅਸੀਂ ਇਕ ਰਿਜ਼ਾਰਟ ਵਿਚ ਰੁਕੇ ਸੀ। ਅਸੀਂ ਉਥੇ ਟਰੈਕਟਰ ਦੀ ਸਵਾਰੀ ਕੀਤੀ ਤੇ ਪਿੰਡ ਦੀ ਜ਼ਿੰਦਗੀ ਬਾਰੇ ਜਾਣਿਆ। ਜਦੋਂ ਮੈਂ ਤੈਨੂੰ ਆਪਣੇ ਪਿਛਲੇ ਖ਼ਤ ਵਿਚ ਇਹ ਸਵਾਲ ਪੁਛਿਆ ਸੀ ਕਿ ਤੂੰ ਭਾਰਤ ਦੇ ਕਿਸੇ ਹੋਰ ਸ਼ਹਿਰ ਵਿਚ ਪੜ੍ਹਨਾ ਚਾਹੇਂਗੀ ਤਾਂ ਤੇਰਾ ਜਵਾਬ ਸੁਣ ਕੇ ਮੈਨੂੰ ਹੈਰਾਨੀ ਨਹੀਂ ਹੋਈ ਕਿਉਂਕਿ ਜਿਸ ਤਰ੍ਹਾਂ ਦਾ ਵਿਹਾਰ ਕਸ਼ਮੀਰੀਆਂ ਨਾਲ ਹੁੰਦਾ ਹੈ, ਮੈਂ ਵੀ ਉਸ ਬਾਰੇ ਥੋੜ੍ਹਾ ਬਹੁਤ ਜਾਣਦੀ ਹਾਂ।

ਕਾਸ਼! ਸਾਨੂੰ ਬੱਚਿਆਂ ਨੂੰ ਇਸ ਤਰ੍ਹਾਂ ਦੇ ਵਿਹਾਰ ਤੋਂ ਸਾਡਾ ਸਮਾਜ ਸਾਨੂੰ ਬਚਾ ਸਕਦਾ।

ਜਿਸ ਤਰ੍ਹਾਂ ਦੇ ਗੈਰ ਮਨੁੱਖੀ ਵਿਹਾਰ ਸਾਡੇ ਸਮਾਜ ਵਿਚ ਚਾਰੋ ਪਾਸੇ ਹੋ ਰਹੇ ਹਨ, ਉਹ ਸਿਰਫ਼ ਕਸ਼ਮੀਰੀਆਂ ਲਈ ਨਹੀਂ ਬਲਕਿ ਹਰ ਦੂਸਰੇ ਜਾਂ ਅਣਜਾਣ ਇਲਾਕੇ ਦੇ ਲੋਕਾਂ ਨਾਲ ਹੋ ਰਿਹਾ ਹੈ। ਰੈਗਿੰਗ ਵੀ ਉਸੇ ਦਾ ਪ੍ਰਗਟਾਅ ਹੈ। ਮੈਂ ਤੇਰੀਆਂ ਭੇਜੀਆਂ ਹੋਈਆਂ ਸੋਨਮਰਗ ਦੀਆਂ ਤਸਵੀਰਾਂ ਦੇਖੀਆਂ। ਉਨ੍ਹਾਂ ਨੂੰ ਦੇਖ ਕੇ ਮੇਰਾ ਮਨ ਕਰ ਰਿਹਾ ਹੈ ਕਸ਼ਮੀਰ ਆਉਣ ਦਾ। ਜਦੋਂ ਮੈਂ ਅਖ਼ਬਾਰ ਵਿਚ ਇਹ ਪੜ੍ਹਿਆ ਕਿ ਇਕ ਵਿਅਕਤੀ ਨੂੰ ਕਸ਼ਮੀਰ ਵਿਚ 'ਮਨੁੱਖੀ ਢਾਲ' ਵਾਂਗ ਇਸਤੇਮਾਲ ਕੀਤਾ ਗਿਆ ਤਾਂ ਮੈਨੂੰ ਬਹੁਤ ਦੁੱਖ ਹੋਇਆ। ਇਸ ਤਰ੍ਹਾਂ ਦੀਆਂ ਘਨਟਾਵਾਂ ਗੈਰ ਮਨੁੱਖੀ ਗਤੀਵਿਧੀਆਂ ਨੂੰ ਹੱਲਾਸ਼ੇਰੀ ਦਿੰਦੀਆਂ ਹਨ।

ਕਦੇ ਕਦੇ ਮੈਂ ਸੋਚਦੀ ਹਾਂ ਕਿ ਕੀ ਅਸੀਂ ਲੋਕ ਆਪਣੇ ਸਮਾਜ 'ਚੋਂ ਇਹ ਸਭ ਖ਼ਤਮ ਨਹੀਂ ਕਰ ਸਕਦੇ ? ਅਤੇ ਅਜਿਹਾ ਕਰ ਦਿੰਦੇ ਕਿ ਦੁਨੀਆ ਦੇ ਕਿਸੇ ਕੋਨੇ ਵਿਚ ਆਉਣ-ਜਾਣ 'ਤੇ ਕੋਈ ਪਾਬੰਦੀ ਨਾ ਹੋਵੇ। ਕਦੇ ਕਦੇ ਅਖ਼ਬਾਰ ਤੋਂ ਪਤਾ ਚਲਦਾ ਹੈ ਕਿ ਕਸ਼ਮੀਰ ਆਜ਼ਾਦੀ ਚਾਹੁੰਦੇ ਹਨ। ਮੈਂ ਜਾਣਨਾ ਚਾਹੁੰਦੀ ਹਾਂ ਕਿ ਉਹ ਕਿਸ ਤੋਂ ਆਜ਼ਾਦੀ ਚਾਹੁੰਦੇ ਹਨ ਤੇ ਕਸ਼ਮੀਰ ਦਾ ਵਿਕਾਸ ਹਾਲੇ ਤਕ ਕਿਉਂ ਨਹੀਂ ਹੋ ਸਕਿਆ ? ਤੇਰੇ ਖ਼ਤ ਤੋਂ ਇਹ ਵੀ ਪਤਾ ਚੱਲਿਆ ਕਿ ਕਸ਼ਮੀਰ ਵਿਚ ਸਕੂਲ 6-7 ਮਹੀਨਿਆਂ ਲਈ ਬੰਦ ਹੋ ਜਾਂਦੇ ਹਨ।

ਤਾਂ ਮੈਨੂੰ ਲਗਦਾ ਹੈ ਕਿ ਬੱਚਿਆਂ ਲਈ ਸਮਾਂ ਬਿਤਾਉਣਆ ਬਹੁਤ ਮੁਸ਼ਕਲ ਹੁੰਦਾ ਹੋਵੇਗਾ ਤੇ ਉਥੇ ਜਿਸ ਤਰ੍ਹਾਂ ਡਰ ਦਾ ਮਾਹੌਲ ਬਣਿਆ ਹੋਇਆ ਹੈ, ਬੱਚਿਆਂ ਦਾ ਪੂਰਾ ਵਿਕਾਸ ਹੋ ਹੀ ਨਹੀਂ ਪਾਉਂਦਾ ਹੋਵੇਗਾ। ਮੈਂ ਇਸ ਬਾਰੇ ਤੇਰੀ ਰਾਏ ਜਾਣਨਾ ਚਾਹਾਂਗੀ। ਕੀ ਤੂੰ ਇਸ ਮਾਹੌਲ ਤੋਂ ਅੱਕ ਨਹੀਂ ਗਈ ? ਆਖ਼ਰ ਮੈਂ ਇਸ ਉਮੀਦ ਨਾਲ ਆਪਣਾ ਖ਼ਤ ਕਰਾਂਗੀ ਕਿ ਕਦੇ ਤਾਂ ਅਜਿਹਾ ਸਮਾਂ ਆਏਗਾ ਜਦੋਂ ਕੋਈ ਵੀ ਕਿਤੇ ਵੀ ਜਾ ਕੇ ਰਹਿ ਸਕੇਗਾ ਤੇ ਕਿਸੇ ਨੂੰ ਕੋਈ ਫ਼ਰਕ ਨਹੀਂ ਪਏਗਾ। ਸਾਰੇ ਆਪਸ ਵਿਚ ਪਿਆਰ ਨਾਲ ਰਹਿ ਸਕਣਗੇ।

ਤੇਰੇ ਜਵਾਬ ਦੇ ਇੰਤਜ਼ਾਰ ਵਿਚ

ਤੇਰੀ ਦੋਸਤ

**ਸੌਮਿਆ**

## ਕਸ਼ਮੀਰੀਆਂ ਲਈ ਇਹ ਨੇ ਆਜ਼ਾਦੀ ਦੇ ਮਾਇਨੇ










**ਪਿਆਰੀ ਸੌਮਿਆ**

ਮੈਨੂੰ ਤੇਰਾ ਖ਼ਤ ਮਿਲਿਆ ਤੇ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਤੈਨੂੰ ਸੋਨਮਰਗ ਪਸੰਦ ਆਇਆ। ਜੇਕਰ ਤੂੰ ਇੱਥੇ ਆਉਣਾ ਚਾਹੁੰਦੀ ਹੋਵੇ, ਤਾਂ ਮੈਨੂੰ ਤੇਰੀ ਮਹਿਮਾਨਨਵਾਜ਼ੀ ਕਰਨਾ ਬਹੁਤ ਚੰਗਾ ਲੱਗੇਗਾ। ਮੈਨੂੰ ਦੱਸਿਆ ਗਿਆ ਹੈ ਕਿ ਇਸ ਪ੍ਰੋਜੈਕਟ ਵਿਚ ਤੇਰੇ ਲਈ ਇਹ ਮੇਰਾ ਆਖ਼ਰੀ ਖ਼ਤ ਹੈ ਪਰ ਮੈਂ ਤੇਰੇ ਨਾਲ ਜ਼ਰੂਰੀ ਗੱਲਬਾਤ ਕਰਦੀ ਰਹਿਣਾ ਚਾਹਾਂਗੀ।

ਮੈਂ ਅੱਜ ਆਪਣਾ ਪਹਿਲਾ ਖ਼ਤ ਬੀਬੀਸੀ ਹਿੰਦੀ ਤੇ ਉਰਦੂ ਦੀ ਵੈੱਬਸਾਈਟ 'ਤੇ ਦੇਖਿਆ ਤੇ ਮੇਰੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਮੇਰੇ ਪਰਿਵਾਰ ਦਾ ਰਿਐਕਸ਼ਨ ਵੀ ਹੈਰਾਨੀ ਭਰਿਆ ਸੀ। ਉਨ੍ਹਾਂ ਨੂੰ ਸਾਡਾ ਵੀਡੀਓ ਤੇ ਖ਼ਤ ਦੋਵੇਂ ਬਹੁਤ ਚੰਗੇ ਲੱਗੇ। ਉਮੀਦ ਹੈ ਤੇਰੇ ਪਰਿਵਾਰ ਤੇ ਦੋਸਤਾਂ ਨੂੰ ਵੀ ਅਜਿਹਾ ਹੀ ਲੱਗਿਆ ਹੋਵੇ।

ਤੇਰੇ ਖ਼ਤ ਵਿਚ ਤੂੰ ਮੈਨੂੰ ਪੁਛਿਆ ਸੀ ਕਿ ਕਸ਼ਮੀਰੀਆਂ ਨੂੰ ਕਿਸ ਚੀਜ਼ ਤੋਂ ਆਜ਼ਾਦੀ ਚਾਹੀਦੀ ਹੈ।

ਸਾਨੂੰ ਆਜ਼ਾਦੀ ਇਸ ਦੁਨੀਆ ਦੀ ਕਰੂਰਤਾ ਤੋਂ ਚਾਹੀਦੀ ਹੈ, ਸਾਨੂੰ ਆਜ਼ਾਦੀ ਭੇਦ-ਭਾਵ ਤੋਂ ਚਾਹੀਦੀ ਹੈ, ਸਾਨੂੰ ਆਜ਼ਾਦੀ ਉਨ੍ਹਾਂ ਲੋਕਾਂ ਤੋਂ ਚਾਹੀਦੀ ਹੈ ਜੋ ਸਾਨੂੰ ਉਨ੍ਹਾਂ ਤੋਂ ਘੱਟ ਸਮਝਦੇ ਹਨ।

ਮੇਰਾ ਯਕੀਨ ਕਰੀਂ, ਅਸੀਂ ਕਿਸੇ ਤੋਂ ਘੱਟ ਨਹੀਂ ਹਾਂ, ਅਸੀਂ ਉਨ੍ਹਾਂ ਵਾਂਗ ਹੀ ਹਾਂ। ਮੈਂ ਸਮਝ ਸਕਦੀ ਹਾਂ ਕਿ ਇਹ ਗੱਲਾਂ ਤੈਨੂੰ ਕਨਫਿਊਜ਼ ਕਰ ਰਹੀਆਂ ਹੋਣਗੀਆਂ। ਪਰ ਜੇਕਰ ਤੂੰ ਸੱਚ ਵਿਚ ਕਸ਼ਮੀਰੀਆਂ ਦੀ ਆਜ਼ਾਦੀ ਦੀ ਮੰਗ ਸਮਝਣੀ ਹੈ ਤਾਂ ਤੈਨੂੰ ਬਾਲੀਵੁੱਡ ਦੀ ਫ਼ਿਲਮ 'ਹੈਦਰ' ਦੇਖਣੀ ਚਾਹੀਦੀ ਹੈ। ਉਸ ਫ਼ਿਲਮ ਵਿਚ ਕਸ਼ਮੀਰ ਬਾਰੇ ਜੋ ਵੀ ਦਿਖਾਇਆ ਗਿਆ ਹੈ, ਉਹ ਸੱਚ ਹੈ। ਸਭ ਸੱਚ ਹੈ, ਬੱਸ ਸਾਡੇ ਇੰਗਲਿਸ਼ ਐਕਸੈਂਟ ਨੂੰ ਛੱਡ ਕੇ। ਅਸੀਂ 'ਪਲਾਂਟੇਡ' ਨੂੰ 'ਪਲਾਂਟਿਡ' ਤੇ 'ਹਟਰੇਡ' ਨੂੰ 'ਹੁਅਰਰਟੀਡਡ' ਪਰਨਾਉਂਸ ਨਹੀਂ ਕਰਦੇ।

ਅਤੇ ਰਹੀ ਵਿਕਾਸ ਦੀ ਗੱਲ, ਤਾਂ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਸ਼ਮੀਰ ਉਨ੍ਹਾਂ ਪਹਿਲੇ ਸੂਬਿਆਂ ਵਿਚੋਂ ਸੀ ਜਿੱਥੇ ਵਿਕਾਸ ਦੀ ਸ਼ੁਰੂਆਤ ਹੋਈ। ਇੱਥੇ ਭਾਰਤ ਦਾ ਦੂਸਰਾ 'ਹਾਈਡਰੋ ਪਾਵਰ ਪ੍ਰੋਜੈਕਟ' ਬਣਾਇਆ ਗਿਆ ਸੀ। ਪੜ੍ਹਾਈ ਲਿਖਾਈ ਲਈ ਸਕੂਲ, ਕੁੜੀਆਂ ਲਈ ਸਿੱਖਿਆ ਤੇ ਵੈਸਟਰਨ ਹਾਸਪਿਟਲ ਵਗੈਰਾ ਸਭ 1900 ਦਹਾਕੇ ਵਿਚ ਬਣਾਏ ਜਾਣ ਲੱਗੇ ਸਨ।

ਮਤਲਬ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ, ਬਾਕੀ ਸਾਰੇ ਸੂਬਿਆਂ ਤੋਂ ਪਹਿਲਾਂ। ਇਹ ਸਭ ਵਿਕਾਸ 'ਡੋਗਰਾ' ਰਾਜ ਵਿਚ ਹੋਇਆ। ਮੇਰਾ ਸਕੂਲ ਜੋ ਕਿ ਇਕ ਮਿਸ਼ਨਰੀ ਸਕੂਲ ਹੈ, ਇਹ ਵੀ ਮਹਾਰਾਜ ਹਰੀ ਸਿੰਘ ਦੇ ਰਾਜ ਵਿਚ ਬਣਿਆ ਸੀ।

ਤਾਂ ਇਹ ਸਮਝਣਾ ਚਾਹੀਦਾ ਹੈ ਕਿ ਕਸ਼ਮੀਰ ਸਭ ਤੋਂ ਵਿਕਸਤ ਸੂਬਾ ਹੋ ਸਕਦਾ ਸੀ, ਪਰ ਵਰ੍ਹਿਆਂ ਤੋਂ ਬਦਲਦੀਆਂ ਸਰਕਾਰਾਂ, ਸਾਰੀਆਂ ਪ੍ਰਸ਼ਾਸਨਿਕ ਇਕਾਈਆਂ ਵਿਚ ਵਧਦੇ ਭ੍ਰਿਸ਼ਟਾਚਾਰ ਅਤੇ ਅਜਿਹੇ ਹਾਲਾਤ ਕਾਰਨ ਵਿਕਾਸ ਦੀ ਰਫ਼ਤਾਰ ਹੌਲੀ ਹੋਣ ਲੱਗੀ। ਪਰ ਅਜਿਹਾ ਨਹੀਂ ਹੈ ਕਿ ਸਾਡਾ ਵਿਕਾਸ ਹੋ ਨਹੀਂ ਰਿਹਾ ਹੈ, ਬਾਕੀ ਸੂਬਿਆਂ ਵਾਂਗ ਸਾਡਾ ਵੀ ਵਿਕਾਸ ਹੋ ਰਿਹਾ ਹੈ। ਤੂੰ ਪੁਛਿਆ ਸੀ ਕਿ ਲੋਕ ਇਨ੍ਹਾਂ ਹਾਲਾਤ ਤੋਂ ਅੱਕ ਚੁੱਕੇ ਹਨ ਜਾਂ ਨਹੀਂ। ਜਿਵੇਂ ਮੈਂ ਆਪਣੇ ਪਹਿਲੇ ਖ਼ਤ ਵਿਚ ਵੀ ਲਿਖਿਆ ਸੀ ਕਿ ਸਾਨੂੰ ਇਸ ਦੀ ਆਦਤ ਹੋ ਗਈ ਹੈ। ਅਤੇ ਜੇਕਰ ਲੋਕਾਂ ਨੂੰ ਅਜਿਹੇ ਹਾਲਾਤ ਦੀ ਆਦਤ ਹੋ ਜਾਵੇ ਤਾਂ ਉਹ ਉਨ੍ਹਾਂ ਤੋਂ ਥੱਕਦੇ ਨਹੀਂ ਹਨ। ਮੈਂ ਇਸ ਉਮੀਦ ਨਾਲ ਇਹ ਖ਼ਤ ਖ਼ਤਮ ਕਰ ਰਹੀ ਹਾਂ ਕਿ ਅਸੀਂ ਅੱਗੋਂ ਵੀ 'ਪੈੱਨ ਪੈਲਸ' ਬਣੇ ਰਹਾਂਗੇ।

ਬਹੁਤ ਸਾਰੇ ਪਿਆਰ ਨਾਲ

ਤੇਰੀ ਦੋਸਤ, **ਦੁਆ**

## 'ਕਸ਼ਮੀਰ ਵਾਂਗ ਮਾਨਵਤਾ ਨੂੰ ਆਜ਼ਾਦੀ ਚਾਹੀਦੀ ਹੈ'

**ਪਿਆਰੀ ਦੁਆ**

ਤੇਰਾ ਖ਼ਤ ਮਿਲਿਆ ਤੇ ਖ਼ਤ ਵਿਚ ਤੂੰ ਮੈਨੂੰ ਕਸ਼ਮੀਰ ਆਉਣ ਦਾ ਸੱਦਾ ਦਿੱਤਾ ਤੇ ਇਹ ਮੈਨੂੰ ਬਹੁਤ ਚੰਗਾ ਲੱਗਾ ਪਰ ਹਾਲੇ ਦੋ ਸਾਲ ਮੈਂ ਕਿਤੇ ਨਿਕਲਣ ਦਾ ਨਹੀਂ ਸੋਚ ਰਹੀ ਕਿਉਂਕਿ ਇਹ ਦੋ ਸਾਲ ਮੇਰੇ ਕਰੀਅਰ ਲਈ ਬਹੁਤ ਅਹਿਮ ਹਨ।

ਸਾਡਾ ਖ਼ਤ ਪ੍ਰਕਾਸ਼ਤ ਹੋਣ ਨਾਲ ਮੇਰੇ ਪਰਿਵਾਰ ਤੇ ਜਾਣਵਾਲਿਆਂ ਤੋਂ ਮੈਨੂੰ ਵੀ ਬਹੁਤ ਸਾਰੀਆਂ ਵਧਾਈਆਂ ਮਿਲੀਆਂ। ਸਾਡੇ ਖ਼ਤ ਨੂੰ ਬੀਬੀਸੀ ਦੀ ਵੈੱਡਸਾਈਟ 'ਤੇ ਕਰੀਬ 96000 ਲੋਕਾਂ ਨੇ ਦੇਖਿਆ ਤੇ ਇਹ ਸਭ ਮੇਰੇ ਲਈ ਬਹੁਤ ਐਕਸਾਈਟਿੰਗ ਹੈ।

ਮੇਰੇ ਦੋਸਤਾਂ ਨੇ ਵੀ ਇਸ ਨੂੰ ਪੜ੍ਹਿਆ ਤੇ ਉਨ੍ਹਾਂ ਨੂੰ ਵੀ ਇਹ ਖ਼ਤਾਂ ਦਾ ਸਿਲਸਿਲਾ ਬਹੁਤ ਚੰਗਾ ਲੱਗਾ। ਵੈਸੇ ਮੈਂ ਆਜ਼ਾਦੀ ਬਾਰੇ ਤੇਰੇ ਤੋਂ ਨਹੀਂ ਸੀ ਪੁੱਛਣਾ ਚਾਹੁੰਦੀ ਪਰ ਮੈਂ ਆਪਣੀ ਉਤਸੁਕਤਾ ਦਬਾ ਨਹੀਂ ਸਕੀ। ਮੈਨੂੰ ਤੇਰਾ ਜਵਾਬ ਬਹੁਤ ਚੰਗਾ ਲੱਗਾ। ਕਸ਼ਮੀਰੀ ਜਿਨ੍ਹਾਂ ਚੀਜ਼ਾਂ ਤੋਂ ਆਜ਼ਾਦੀ ਚਾਹੁੰਦੇ ਹਨ, ਉਨ੍ਹਾਂ ਚੀਜ਼ਾਂ ਤੋਂ ਪੂਰੀ ਮਾਨਵਤਾ ਨੂੰ ਆਜ਼ਾਦੀ ਚਾਹੀਦੀ ਹੈ।




ਨਿਤ ਦਿਨ ਸਾਡਾ ਅਖ਼ਬਾਰ ਕਰੂਰਤਾ ਤੇ ਨਫ਼ਰਤ ਦੀਆਂ ਉਦਾਹਰਣਾਂ ਨਾਲ ਰੰਗਿਆ ਹੁੰਦਾ ਹੈ। ਕਦੇ ਪਿਤਾ ਆਪਣੇ ਪੁੱਤ ਨੂੰ ਨਸ਼ੇ ਵਿਚ ਮਾਰ ਦਿੰਦਾ ਹੈ ਤੇ ਕਦੇ ਪੁੱਤ ਆਪਣੇ ਬਜ਼ੁਰਗ ਬਾਪ ਨੂੰ।

ਕਿਤੇ ਕੋਈ ਇਕਤਰਫ਼ਾ ਪਿਆਰ ਕਰਨ ਵਾਲਾ ਮੁੰਡਾ, ਕੁੜੀ 'ਤੇ ਤੇਜ਼ਾਬ ਸੁੱਟ ਦਿੰਦਾ ਹੈ, ਤੇ ਕਦੇ ਕੋਈ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਗੋਲੀਆ ਨਾਲ ਭੁੰਨ ਦਿੰਦਾ ਹੈ।

ਮੈਂ ਚਾਹੁੰਦੀ ਹਾਂ ਕਿ ਕਸ਼ਮੀਰ ਦੀ ਆਜ਼ਾਦੀ ਦੇ ਸਵਾਲ 'ਤੇ ਹੋਰ ਜ਼ਿਆਦਾ ਜਾਣ ਸਕਾਂ ਇਸ ਲਈ ਅੱਗੇ ਵੀ ਅਸੀਂ ਇਹ 'ਪੱਤਰ ਵਿਹਾਰ' ਕਰਦੇ ਰਹੀਏ ਤਾਂ ਮੈਨੂੰ ਚੰਗਾ ਲੱਗੇਗਾ। ਮੈਂ ਇਹ ਮੰਨਦੀ ਹਾਂ ਕਿ ਹਰ ਇਨਸਾਨ ਦੀ ਕੋਈ ਨਾ ਕੋਈ ਵਿਸ਼ੇਸ਼ਤਾ ਹੁੰਦੀ ਹੈ, ਸਾਰਿਆਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੀ ਕਾਬਲੀਅਤ ਹੁੰਦੀ ਹੈ ਤੇ ਸਾਰਿਆਂ ਨੂੰ ਤਰੱਕੀ ਕਰਨ ਦਾ ਮੌਕਾ ਚਾਹੀਦਾ ਹੈ। ਇਹ ਜਾਣ ਕੇ ਵੀ ਮੈਨੂੰ ਚੰਗਾ ਲੱਗਾ ਕਿ ਹਸਪਤਾਲ, ਸਕੂਲ, ਕਾਲਜ ਸਾਰੇ 20ਵੀਂ ਸਦੀ ਵਿਚ ਹੀ ਬਣੇ ਸਨ ਕਸ਼ਮੀਰ ਵਿਚ। ਇਸ ਪੱਤਰ ਵਿਹਾਰ ਦੇ ਜ਼ਰੀਏ ਮੈਨੂੰ ਲੱਗਾ ਕਿ ਸਾਡੇ ਵਰਗੀਆਂ ਕੁੜੀਆਂ ਦੀ ਪਸੰਦ-ਨਾਪਸੰਦ ਮਿਲਦੀ-ਜੁਲਦੀ ਹੁੰਦੀ ਹੈ। ਇਸ ਪ੍ਰੋਜੈਕਟ ਨਾਲ ਮੈਨੂੰ ਕਸ਼ਮੀਰ ਬਾਰੇ ਚੰਗੀ ਜਾਣਕਾਰੀ ਮਿਲੀ। ਜਿਵੇਂ ਮੇਰੀ ਉਮੀਦ ਸੀ, ਉਵੇਂ ਹੀ ਵਿਕਾਸ ਕੀਤਾ ਹੈ ਕਸ਼ਮੀਰ ਨੇ, ਪਰ ਸਮੇਂ ਸਮੇਂ 'ਤੇ ਟੂਰਿਜ਼ਮ ਪ੍ਰਭਾਵਤ ਹੁੰਦਾ ਰਿਹਾ ਹੈ ਅਸ਼ਾਂਤੀ ਕਾਰਨ। ਅਤੇ ਉਸ ਦਾ ਅਸਰ ਆਮ ਜੀਵਨ 'ਤੇ ਪੈਂਦਾ ਰਿਹਾ ਹੈ ਤੇ ਮੈਂ ਚਾਹਾਂਗੀ ਕਿ ਇਨ੍ਹਾਂ ਵਿਸ਼ਿਆਂ 'ਤੇ ਅਸੀਂ ਅੱਗੇ ਵੀ ਗੱਲ ਕਰਦੇ ਰਹੀਏ।

ਜਿਥੋਂ ਤੱਕ ਭ੍ਰਿਸ਼ਟ ਪ੍ਰਸ਼ਾਸਨ ਦਾ ਸਵਾਲ ਹੈ ਤਾਂ ਭਾਰਤ ਦੇ ਦੂਸਰੇ ਸੂਬਿਆਂ ਦੀ ਹਾਲਤ ਕਸ਼ਮੀਰ ਨਾਲੋਂ ਬਿਹਤਰ ਨਹੀਂ ਹੈ ਤੇ ਵਿਕਾਸ ਵਿਚ ਇਸ ਨਾਲ ਰੁਕਾਵਟ ਪੈਂਦੀ ਹੈ। ਆਖ਼ਰ ਵਿਚ ਮੈਂ ਬੀਬੀਸੀ ਦਾ ਧੰਨਵਾਦ ਕਰਨਾ ਚਾਹਾਂਗੀ ਜਿਸ ਨੇ ਸਾਨੂੰ ਮਿਲਣ ਦਾ ਮੌਕਾ ਦਿੱਤਾ। ਉਮੀਦ ਹੈ ਇਹ ਖ਼ਤਾਂ ਦਾ ਸਿਲਸਿਲਾ ਕਦੇ ਨਾ ਰੁਕੇ।

ਬਹੁਤ ਸਾਰਾ ਪਿਆਰ

ਤੇਰੀ ਦੋਸਤ, **ਸੌਮਿਆ**

ਬਾਕੀ

## ਸੁਖਪਾਲ ਖਹਿਰਾ ਦੇ ਵਿਰੋਧੀ ਧਿਰ ਦਾ ਆਗੂ ਬਣਨ ਪਿਛਲੇ ਤੱਥ-ਸੱਚ

ਹੋਇਆ ਵੀ ਕਾਂਗਰਸ ਹਾਈ ਕਮਾਂਡ ਵਾਗੂੰ ਉਸ ਆਗੂ ਨੂੰ ਹੀ ਬਨਾਉਣਾ ਪਿਆ ਜਿਵੇਂ ਉਨ੍ਹਾਂ ਨੂੰ ਕੈਪਟਨ ਬਨਾਉਣਾ ਪਿਆ ਸੀ। ਰਾਜਸੀ ਪਾਰਟੀਆਂ ਅੰਦਰ ਸੱਤਾ ਲਈ ਅੰਦਰਖ਼ਖਾਤੇ ਜੋ ਵੀ ਜੋੜ ਤੋੜ ਹੁੰਦੇ ਰਹਿਣ, ਗੱਲ ਸਾਰੀ ਲੋਕਾਂ 'ਤੇ ਟਿਕਦੀ ਹੈ। ਖਹਿਰਾ ਦੇ ਵਿਰੋਧੀ ਆਗੂ ਬਣਨ ਨਾਲ ਸਿਆਸੀ ਪਿੜ ਹੋਰ ਨਿਖਰ ਗਿਆ ਹੈ ਤੇ ਘੱਟੋ ਘੱਟ ਇਨ੍ਹਾਂ ਜ਼ਰੂਰ ਸਪੱਸ਼ਟ ਹੋ ਗਿਆ ਹੈ ਕਿ ਸੰਨ 2019 ਦਾ ਲੋਕ ਸਭਾ ਚੋਣ ਦੰਗਲ ਕੈਪਟਨ ਅਮਰਿੰਦਰ ਸਿੰਘ-ਸੁਖਬੀਰ ਸਿੰਘ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਦਰਮਿਆਨ ਹੀ ਲੜਿਆ ਜਾਵੇਗਾ। ਸੁਖਪਾਲ ਖਹਿਰਾ ਲੋਕਾਂ ਸਾਹਮਣੇ ਅਮਰਿੰਦਰ ਸਿੰਘ ਅਤੇ ਬਾਦਲਾਂ ਦੇ ਆਪਸ 'ਚ ਰਲੇ ਹੋਣ ਦੀ ਗੱਲ ਜਿੰਨੀ ਕਾਮਯਾਬੀ ਨਾਲ ਰੱਖਦਾ ਜਾਵੇਗਾ ਉਨ੍ਹਾਂ ਹੀ ਉਹਦਾ ਤੇ ਉਸਦੀ ਆਮ ਆਦਮੀ ਪਾਰਟੀ ਦਾ ਰਾਹ ਸੁਖਾਲਾ ਹੁੰਦਾ ਜਾਵੇਗਾ।

## ਕਿਵੇਂ ਭੁੱਲ ਜਾਵਾਂ '84 ਤੋਂ '94 ਤੇ ਉਹ 'ਅਣਪਛਾਤੀਆਂ' ਲਾਸ਼ਾਂ...

ਜਿਹੜਾ ਵੀ ਜਣਾ ਕਦੇ ਕੁੱਝ ਭੁਲਾਉਣ ਦੀ ਗੁਸਤਾਖ਼ੀ ਕਰ ਗਿਆ, ਉਸ ਨੂੰ ਮੈਂ ਸੱਦਾ ਦਿੰਦਾ ਹਾਂ ਕਿ ਪੱਟੀ ਵਿਚ ਮੇਰੇ ਸਿਵਲ ਹਸਪਤਾਲ ਦੀ ਹਰ ਇੱਟ ਵਿਚ ਸਮੋਈ ਪੀੜ ਜ਼ਰੂਰ ਇਕ ਵਾਰ ਮਹਿਸੂਸ ਕਰ ਆਏ ਤੇ ਇਹ ਵੀ ਯਾਦ ਰੱਖੇ ਕਿ ਇਤਿਹਾਸ ਦੁਹਰਾਉਂਦਾ ਜ਼ਰੂਰ ਹੈ। ਅਗਲੀ ਵਾਰੀ ਤੁਹਾਡੀ ਹੋ ਸਕਦੀ ਹੈ! ਇਹੀ ਬਥੇਰਾ ਹੈ ਉਨ੍ਹਾਂ ਵਾਸਤੇ ਜੋ ਕਹਿੰਦੇ ਹਨ-84 ਭੁੱਲਦੀ ਕਿਉਂ ਨਹੀਂ!

ਤਸੀਹੇ ਦੇਣ ਵਾਲੇ ਭਾਵੇਂ ਥੱਕ ਜਾਣ ਪਰ ਇਸ ਕੌਮ ਤੇ ਬਾਸ਼ਿੰਦੇ ਤਸੀਹੇ ਝੱਲਣ ਵੇਲੇ ਥੱਕਦੇ ਨਹੀਂ ਤੇ ਨਾ ਹੀ ਟੁੱਟਦੇ ਹਨ !

ਮੈਂ ਤਾਂ ਇਹੀ ਕਹਿੰਦਾ ਰਹਾਂਗਾ ਕਿ ਜ਼ਾਲਮ ਹਰ ਸਦੀ ਆਉਂਦੇ ਹਨ ਪਰ ਸ਼ੇਰਾਂ ਦੀ ਦਹਾੜ ਮੱਠੀ ਨਹੀਂ ਪੈਣੀ ਚਾਹੀਦੀ। ਹੁਣ ਇਹੋ ਲੋੜ ਬਾਕੀ ਹੈ ਕਿ ਰੋਜ਼ ਦੀ ਅਰਦਾਸ ਵਿਚ 1984 ਵੀ ਸ਼ਾਮਲ ਕਰ ਲਈ ਜਾਏ ਤਾਂ ਜੋ ਇਸ ਦਾ ਹਰ ਪਲ ਰਿਸਦਾ ਜ਼ਖ਼ਮ ਬਣ ਕੇ ਪਹਿਲਾਂ ਵਾਲੇ ਸਾਰੇ ਜ਼ੁਲਮਾਂ ਦੇ ਨਾਲ ਜੁੜ ਜਾਏ ਤੇ ਅਗਲੀ ਪੁਸ਼ਤ ਲਈ ਲਹੂ ਗਰਮਾਉਣ ਲਈ ਚਿੰਗਾਰੀ ਬਣਿਆ ਰਹੇ।

ਚੇਤੇ ਰਹੇ ਕਿ ਇਤਿਹਾਸ ਭੁਲਾਉਣ ਵਾਲੀਆਂ ਕੌਮਾਂ ਦਫ਼ਨ ਹੋ ਜਾਇਆ ਕਰਦੀਆਂ ਹਨ।

ਹੁਣ ਤਾਂ ਸਕੂਲਾਂ ਵਿਚ ਬੱਚਿਆਂ ਵੱਲੋਂ ਪੜ੍ਹੇ ਜਾ ਰਹੇ ਕੋਰਸ ਦੀਆਂ ਕਿਤਾਬਾਂ ਵਿਚਲੇ ਇਤਿਹਾਸ ਵਿਚ ਰਾਜੇ ਬਾਬਰ ਨੂੰ ਜਾਬਰ ਕਹਿਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਸਾਰ ਦਿੱਤੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਸਾਰ ਦਿੱਤੀ ਗਈ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਤੱਕ ਨਹੀਂ ਹੈ। ਆਜ਼ਾਦ ਹਿੰਦ ਫ਼ੌਜ ਸਥਾਪਤ ਕਰਨ ਵਾਲੇ ਜਰਨੈਲ ਮੋਹਨ ਸਿੰਘ ਦਾ ਖੁਰਾ ਖੋਜ ਮਿਟਾ ਦਿੱਤਾ ਹੈ। ਆਸਟਰੇਲੀਆ ਵਿਚ ਤਾਂ ਸਭ ਦਿੱਗਜਾਂ ਨੂੰ ਮਾਤ ਕਰ ਕੇ ਬਹਾਦਰੀ ਦੀ ਮਾਨਤਾ ਪ੍ਰਾਪਤ ਕਰ ਗਿਆ ਪਰ ਸਾਡੇ ਬੱਚਿਆਂ ਨੂੰ ਹਰੀ ਸਿੰਘ ਨਲੂਏ ਦਾ ਨਾਂ ਤੱਕ ਯਾਦ ਨਹੀਂ। ਬ੍ਰਿਟੇਨ ਵਿਚ ਫ਼ੌਜੀਆਂ ਨੂੰ ਸਾਰਾਗੜ੍ਹੀ ਦੀ ਲੜਾਈ ਬਾਰੇ ਪੜ੍ਹਾਉਂਦੇ ਹਨ ਪਰ ਸਾਡੇ ਬੱਚਿਆਂ ਵਾਸਤੇ ਲਹੂ ਗਰਮਾਉਣ ਲਈ ਇਹ ਵੀ ਯਾਦ ਨਹੀਂ ਰਹਿਣ ਦਿੱਤਾ ਗਿਆ। 1947 ਬਾਰੇ ਜ਼ਿਕਰ ਕਰਦੀਆਂ ਸਭ ਕਿਤਾਬਾਂ ਵਿਚੋਂ ਸਿੱਖਾਂ ਦੀ ਭੂਮਿਕਾ ਗ਼ਾਇਬ ਹੈ। ਹੁਣ 1984 ਵੀ ਭੁਲਾ ਦੇਣ ਲਈ ਪੂਰਾ ਜ਼ੋਰ ਲਾ ਦਿੱਤਾ ਗਿਆ ਹੈ। ਜਿਹੜੇ ਮਰ ਖੱਪ ਗਏ, ਉਹ ਵੀ, ਤੇ ਜਿਹੜੇ ਜਾਨ ਬਚਾ ਵਤਨੋਂ ਪਾਰ ਗਏ, ਉਹ ਵੀ ਵਿਸਾਰ ਦਿੱਤੇ ਗਏ।

ਦਸਤਾਰ ਵਾਲਿਆਂ ਉੱਤੇ ਜ਼ੁਲਮ ਹੋਣੇ ਕਿਸੇ ਸਦੀ ਵਿਚ ਬੰਦ ਨਹੀਂ ਹੋਏ ਤੇ ਨਾ ਹੀ ਅਤਿ ਦੇ ਜ਼ੁਲਮ ਸਹਿਣ ਬਾਅਦ ਹਾਲੇ ਤਕ ਇਸ ਕੌਮ ਨੂੰ ਨੇਸਤਾ-ਨਾਬੂਦ ਕੀਤਾ ਜਾ ਸਕਿਆ ਹੈ। ਪਰ ਇਹ ਇਤਿਹਾਸ ਖੋਹ ਲੈਣ ਵਾਲੀ ਚਾਲ ਭਾਰੀ ਪੈ ਜਾਣ ਵਾਲੀ ਹੈ। ਇਹੀ ਸਮਾਂ ਹੈ ਜਾਗਰੂਕ ਹੋ ਕੇ ਯਾਦਗਾਰਾਂ ਬਣਾਉਣ ਦਾ ਤੇ ਇਤਿਹਾਸ ਦੀਆਂ ਕਿਤਾਬਾਂ ਵਿਚ ਕੁਰਬਾਨੀਆਂ ਸ਼ਾਮਲ ਕਰਵਾਉਣ ਦਾ ਤਾਂ ਜੋ ਸ਼ੇਰਾਂ ਦੇ ਪੁੱਤਰ ਕਿਤੇ ਪਾਲਤੂ ਬਣ ਕੇ ਨਾ ਰਹਿ ਜਾਣ ਤੇ ਦਹਾੜ ਤਕ ਮਾਰਨੀ ਭੁੱਲ ਜਾਣ।

ਧਰਮੀ ਫ਼ੌਜੀਆਂ ਦਾ ਤਾਂ ਨਾਮੋ ਨਿਸ਼ਾਨ ਮਿਟਾ ਦਿੱਤਾ ਗਿਆ ਹੈ। ਪੂਰਾ ਮੁਲਕ ਕਿੱਤੂਰ ਚੇਨੰਮਾ (ਈਸਟ ਇੰਡੀਆ ਕੰਪਨੀ ਵਿਰੁੱਧ ਜੰਗ ਛੇੜਨ ਵਾਲੀ), ਰਾਣੀ ਝਾਂਸੀ, ਬੇਗਮ ਹਜ਼ਰਤ ਮਹਿਲ, ਦੇ ਨਾਂ ਜਾਣਦਾ ਹੈ ਪਰ ਪੰਜਾਬੋਂ ਬਾਹਰ ਕੋਈ ਮਾਈ ਭਾਗੋ, ਜੈਤੋ ਦੇ ਮੋਰਚੇ ਵਿਚ ਛਾਤੀ ਉੱਤੇ ਗੋਲੀ ਖਾ ਕੇ ਸ਼ਹੀਦ ਹੋਣ ਵਾਲੀਆਂ ਸ਼ੇਰਨੀਆਂ ਜਾਂ ਗੁਲਾਬ ਕੌਰ ਬਾਰੇ ਕਿਸੇ ਨੂੰ ਕੋਈ ਗਿਆਨ ਨਹੀਂ।

ਪੰਜਾਬ ਅੰਦਰ ਵੀ ਕੋਈ ਵਿਰਲਾ ਬੱਚਾ ਹੀ ਪੰਜਾਬਣਾਂ ਦੀ ਸ਼ਹਾਦਤ ਨੂੰ ਆਪਣੇ ਚੇਤੇ ਵਿਚ ਥਾਂ ਦੇ ਸਕਿਆ ਹੈ। ਇਹ ਤਾਂ ਅਸਲੋਂ ਹੀ ਅਸੀਂ ਆਪੇ ਵਿਸਾਰ ਦਿੱਤੀਆਂ ਹਨ।

ਇਹ ਯਕੀਨਨ ਇਸ ਕੌਮ ਲਈ ਇਕ ਮਾਰੂ ਟੱਕ ਸਾਬਤ ਹੋ ਜਾਏਗਾ।

# ਪਹਿਲੀ ਵਾਰ ਮਹਿਲਾ ਵਿਸ਼ਵ ਕੱਪ ਜਿੱਤਣ ਦਾ ਮੌਕਾ ਗੁਆਇਆ ਭਾਰਤੀ ਕੁੜੀਆਂ ਨੇ

## *ਇੰਗਲੈਂਡ ਚੌਥੀ ਵਾਰ ਬਣਿਆ ਵਿਸ਼ਵ ਚੈਂਪੀਅਨ; 9 ਦੌੜਾਂ ਨਾਲ ਭਾਰਤ ਨੂੰ ਦਿੱਤੀ ਮਾਤ*

ਲੰਡਨ/ਬਿਊਰੋ ਨਿਊਜ਼ : ਭਾਰਤੀ ਮਹਿਲਾਵਾਂ ਹੱਥੋਂ ਇਤਿਹਾਸਕ ਲਾਰਡਜ਼ ਮੈਦਾਨ 'ਤੇ ਇਤਿਹਾਸ ਤਿਲਕ ਗਿਆ। ਭਾਰਤੀ ਟੀਮ ਇੰਗਲੈਂਡ ਖ਼ਿਲਾਫ਼ ਐਤਵਾਰ ਨੂੰ ਤਿੰਨ ਵਿਕਟਾਂ 'ਤੇ 191 ਦੌੜਾਂ ਦੀ ਮਜ਼ਬੂਤ ਸਥਿਤੀ ਦੇ ਬਾਵਜੂਦ 219 ਦੌੜਾਂ 'ਤੇ ਢੇਰ ਹੋ ਗਈ ਤੇ ਪਹਿਲੀ ਵਾਰ ਮਹਿਲਾ ਵਿਸ਼ਵ ਕੱਪ ਜਿੱਤਣ ਦਾ ਮੌਕਾ ਗੁਆ ਬੈਠੀ।

ਇੰਗਲੈਂਡ ਨੇ ਭਾਰਤ ਨੂੰ ਨੌਂ ਦੌੜਾਂ ਨਾਲ ਹਰਾਇਆ। ਇੰਗਲੈਂਡ ਨੇ ਸੱਤ ਵਿਕਟਾਂ 'ਤੇ 228 ਦੌੜਾਂ ਬਣਾਈਆਂ ਜਦੋਂ ਕਿ ਭਾਰਤੀ ਟੀਮ 48.4 ਗੇਂਦਾਂ 'ਤੇ 219 ਦੌੜਾਂ ਹੀ ਬਣਾ ਸਕੀ। ਇੰਗਲੈਂਡ ਵੱਲੋਂ ਅਨਿਆ ਸ਼ਰਬਸੋਲ ਨੇ 46 ਦੌੜਾਂ ਦੇ ਛੇ ਵਿਕਟਾਂ ਲਈਆਂ। ਐਲਕਸ ਹਾਰਟਲੇ ਨੇ 58 ਦੌੜਾਂ ਦੇ ਕੇ 2 ਵਿਕਟਾਂ ਲਈਆਂ।

ਭਾਰਤ ਵੱਲੋਂ ਪੂਨਮ ਰਾਊਤ ਨੇ 80 ਗੇਂਦਾਂ 'ਤੇ 51 ਦੌੜਾਂ ਬਣਾਈਆਂ ਅਤੇ ਤੀਜੀ ਵਿਕਟ ਲਈ 95 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤੋਂ ਬਾਅਦ ਵੇਦਾ ਕ੍ਰਿਸ਼ਨਾਮੂਰਤੀ ਦੀਆਂ 34 ਗੇਂਦਾਂ 'ਤੇ 35 ਦੌੜਾਂ ਦੀ ਲਾਹੇਵੰਦ ਪਾਰੀ ਨਾਲ ਭਾਰਤ ਇਕ ਸਮੇਂ ਤੇਜ਼ੀ ਨਾਲ ਜਿੱਤ ਵੱਲ ਵਧ ਰਿਹਾ ਸੀ ਅਤੇ ਜਿੱਤ ਲਈ ਉਸ ਨੂੰ 38 ਦੌੜਾਂ ਦੀ ਲੋੜ ਸੀ। ਪਰ ਅਖੀਰ ਵਿੱਚ ਭਾਰਤੀ ਟੀਮ 48.4 ਓਵਰਾਂ ਵਿੱਚ 219 ਦੌੜਾਂ 'ਤੇ ਢੇਰ ਹੋ ਗਈ। ਇਹ ਦੂਜਾ ਮੌਕਾ ਹੈ ਜਦੋਂ ਭਾਰਤੀ ਮਹਿਲਾ ਟੀਮ ਵਿਸ਼ਵ ਕੱਪ ਦੇ ਫਾਈਨਲ ਵਿੱਚ ਹਾਰੀ ਹੈ। ਇਸ ਤੋਂ ਪਹਿਲਾਂ 2005 ਵਿੱਚ ਆਸਟਰੇਲੀਆ ਨੇ ਉਸ ਨੂੰ ਵਿਸ਼ਵ ਚੈਂਪੀਅਨ ਬਣਨ ਤੋਂ ਰੋਕਿਆ ਸੀ। ਭਾਰਤੀ ਬੱਲੇਬਾਜ਼ ਉਮੀਦ ਅਨੁਸਾਰ ਖਰੇ ਨਹੀਂ ਉਤਰੇ। ਸਮਿਰਤੀ ਮੰਧਾਨਾ ਸਿਫਰ 'ਤੇ ਆਊਟ ਹੋਈ ਅਤੇ ਲਗਾਤਾਰ ਸੱਤਵੇਂ ਮੈਚ ਵਿੱਚ ਨਾਕਾਮ ਰਹੀ। ਭਾਰਤ ਨੂੰ ਕਰਾਰਾ ਝਟਕਾ ਕਪਤਾਨ ਮਿਤਾਲੀ ਰਾਜ ਦੇ 17 ਦੌੜਾਂ ਦੇ ਆਊਟ ਹੋਣ 'ਤੇ ਲੱਗਾ ਜੋ ਆਪਣੀ ਗਲਤੀ ਨਾਲ ਰਨ ਆਊਟ ਹੋਈ। ਹਰਮਨਪ੍ਰੀਤ ਨੇ ਸੋਚ ਸਮਝ ਕੇ ਬੱਲੇਬਾਜ਼ੀ ਕੀਤੀ ਪਰ ਉਸ ਨੇ ਢਿੱਲੀਆਂ ਗੇਂਦਾਂ 'ਤੇ ਸ਼ਾਟ ਲਗਾਏ। ਉਸ ਨੇ ਐਲਕਸ ਹਰਟਲੇ ਦੇ ਓਵਰ ਵਿੱਚ ਦੋ ਛੱਕੇ ਮਾਰੇ। ਪਰ ਇਸ ਦੇ ਬਾਵਜੂਦ 25 ਓਵਰਾਂ ਤਕ ਭਾਰਤੀ ਟੀਮ ਦਾ ਸਕੋਰ ਦੋ ਵਿਕਟਾਂ 'ਤੇ 92 ਸੀ। ਭਾਰਤ ਨੇ 27ਵੇਂ ਓਵਰਾਂ ਵਿੱਚ ਸਕੋਰ ਤੀਜੇ ਅੰਕ ਤਕ ਪਹੁੰਚਾਇਆ। ਭਾਰਤ ਨੇ ਮਜ਼ਬੂਤ ਸ਼ੁਰੂਆਤ ਕੀਤੀ। ਪਰ ਮੱਧ ਗਤੀ ਦੀ ਗੇਂਦਬਾਜ਼ ਅਨਿਆ ਸ਼ਰਬਸੋਲ ਦੀ ਘਾਤਕ ਗੇਂਦਬਾਜ਼ੀ ਦੇ ਸਾਹਮਣੇ ਭਾਰਤ ਨੇ ਅੱਜ ਇਥੇ 28 ਦੌੜਾਂ ਦੇ ਸਕੋਰ 'ਤੇ ਆਪਣੀਆਂ ਸੱਤ ਵਿਕਟਾਂ ਗੁਆਈਆਂ। ਇੰਗਲੈਂਡ ਨੇ ਫਾਈਨਲ ਵਿੱਚ ਸ਼ਾਨਦਾਰ ਵਾਪਸੀ ਦਾ ਨਮੂਨਾ ਪੇਸ਼ ਕੀਤਾ ਅਤੇ ਆਖਿਰੀ ਨੌਂ ਵਿਕਟਾਂ ਨਾਲ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਤਜਰਬੇਕਾਰ ਝੂਲਨ ਗੋਸਵਾਮੀ ਦੀ ਘਾਤਕ ਗੇਂਦਬਾਜ਼ੀ ਅਤੇ ਫਿਰਕੀ ਗੇਂਦਬਾਜ਼ਾਂ ਦੇ ਚੰਗੇ ਯੋਗਦਾਨ ਨਾਲ ਭਾਰਤ ਨੇ ਆਈਸੀਸੀ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਮੇਜ਼ਬਾਨ ਇੰਗਲੈਂਡ ਨੂੰ ਸੱਤ ਵਿਕਟਾਂ 'ਤੇ 228 ਦੌੜਾਂ 'ਤੇ ਰੋਕ ਦਿੱਤਾ ਸੀ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਇੰਗਲੈਂਡ ਨੇ ਧੀਮੀ ਗਤੀ ਦੀ ਪਿੱਚ 'ਤੇ 16 ਗੇਂਦਾਂ 'ਤੇ ਆਪਣੀਆਂ ਤਿੰਨ ਵਿਕਟਾਂ ਗੁਆ ਦਿੱਤੀਆਂ। ਸਰਾਹ ਟੇਲਰ(45) ਅਤੇ ਨਤਾਲੀ ਸੀਵਰ(51) ਨੇ ਚੌਥੀ ਵਿਕਟ ਲਈ 83 ਦੌੜਾਂ ਬਣਾ ਕੇ ਟੀਮ ਨੂੰ ਕੁਝ ਮਜ਼ਬੂਤ ਦਿੱਤੀ। ਪਰ ਅਜਿਹੇ ਮੌਕੇ 'ਤੇ ਝੂਲਨ ਦੀ ਸ਼ਾਨਦਾਰ ਗੇਂਦਬਾਜ਼ੀ 'ਤੇ ਇੰਗਲੈਂਡ ਨੇ ਮੁੜ 18 ਗੇਂਦਾਂ 'ਤੇ ਆਪਣੀਆਂ ਤਿੰਨ ਵਿਕਟਾਂ ਗੁਆ ਦਿੱਤੀਆਂ। ਅਖੀਰ ਵਿੱਚ ਕੈਥਰੀਨ ਬਰੰਟ(34)ਅਤੇ ਜੇਨੀ ਗੁਨ (ਨਾਬਾਦ) ਦੀਆਂ ਕੋਸ਼ਿਸ਼ਾਂ ਦੀ ਬਦੌਲਤ ਇੰਗਲੈਂਡ ਚੁਣੌਤੀਪੂਰਨ ਸਕੋਰ ਬਣਾਉਣ ਵਿੱਚ ਸਫ਼ਲ ਰਿਹਾ। ਝੂਲਨ ਨੇ ਬਿਹਤਰੀਨ ਗੇਂਦਬਾਜ਼ੀ ਦਾ ਨਮੂਨਾ ਪੇਸ਼ ਕੀਤਾ। ਉਸ ਨੇ 10 ਓਵਰਾਂ ਵਿੱਚ 23 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ ਤੇ ਇੰਗਲੈਂਡ ਦੇ ਮੱਧਕ੍ਰਮ ਨੂੰ ਪੈਵੇਲੀਅਨ ਭੇਜ ਦਿੱਤਾ। ਲੈਗ ਸਪਿੰਨਰ ਪੂਨਮ ਯਾਦਵ ਨੇ ਸਿਖਰਲੇ ਕ੍ਰਮ ਨੂੰ ਤੋੜਨ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਨੇ 36 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਰਾਜੇਸ਼ਵਰੀ ਗਾਇਕਵਾੜ ਨੇ ਇਕ ਵਿਕਟ ਲਿਆ।



ਭਾਰਤੀ ਖਿਡਾਰਨਾਂ ਖ਼ਿਤਾਬੀ ਮੁਕਾਬਲੇ 'ਚ ਹਾਰਨ ਮਗਰੋਂ ਉਦਾਸੀ ਦੇ ਰੌਅ ਵਿਚ।

## ਕੈਪਟਨ ਸਰਕਾਰ ਹਰਮਨਪ੍ਰੀਤ ਨੂੰ ਦੇਵੇਗੀ ਪੰਜ ਲੱਖ ਰੁਪਏ

ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਈਸੀਸੀ ਮਹਿਲਾ ਵਿਸ਼ਵ ਕੱਪ ਵਿੱਚ ਭਾਰਤੀ ਟੀਮ ਲਈ ਸ਼ਾਨਦਾਰ ਪ੍ਰਦਰਸ਼ਨ ਕਰਨ ਉਤੇ ਹਰਮਨਪ੍ਰੀਤ ਕੌਰ ਨੂੰ ਪੰਜ ਲੱਖ ਰੁਪਏ ਦੇ ਨਕਦ ਪੁਰਸਕਾਰ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਇਹ ਸੂਚਨਾ ਹਰਮਨਪ੍ਰੀਤ ਦੇ ਪਿਤਾ ਹਰਮਿੰਦਰ ਸਿੰਘ ਨੂੰ ਫੋਨ ਉਤੇ ਦਿੱਤੀ। ਅਧਿਕਾਰਕ ਬੁਲਾਰੇ ਨੇ ਕਿਹਾ ਕਿ ਮੁੱਖ ਮੰਤਰੀ ਨੇ ਹਰਮਨਪ੍ਰੀਤ ਦੀ ਆਸਟਰੇਲੀਆ ਖ਼ਿਲਾਫ਼ 115 ਗੇਂਦਾਂ ਵਿੱਚ 171 ਦੌੜਾਂ ਦੀ ਨਾਬਾਦ ਪਾਰੀ ਦੀ ਪ੍ਰਸੰਸਾ ਕੀਤੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਮਨਪ੍ਰੀਤ ਕੌਰ ਨੂੰ ਪੁਲੀਸ ਵਿੱਚ ਡੀਐਸਪੀ ਦੀ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਹੈ।

## ਫ਼ੌਰੀ ਹੱਲ ਤੋਂ ਮੁਕਤੀ ਨਾਲ ਹੀ ਹੋ ਸਕਦੈ ਅਸਲੀ ਸੁਧਾਰ

ਦਿੰਦੇ ਹੋ ਤਾਂ ਫਿਰ ਤੁਸੀਂ ਬੇਰੁਜ਼ਗਾਰ ਹੋ ਚੁੱਕੇ ਉਦਯੋਗਿਕ ਮਜ਼ਦੂਰਾਂ ਦਾ ਕਰਜ਼ਾ ਕਿਉਂ ਮਾਫ਼ ਨਹੀਂ ਕਰਦੇ ਜਾਂ ਉਸ ਗ਼ਰੀਬ ਵਿਦਿਆਰਥੀ, ਜਿਸ ਨੇ ਪੜ੍ਹਾਈ ਲਈ ਕਰਜ਼ਾ ਲਿਆ ਅਤੇ ਹੁਣ ਚੁਕਾ ਨਹੀਂ ਸਕਦਾ ਜਾਂ ਮਾਓਵਾਦੀਆਂ ਤੋਂ ਪ੍ਰਭਾਵਤ ਇਲਾਕੇ 'ਚ ਉਸ ਆਦੀਵਾਸੀ ਨੌਜਵਾਨ ਨੂੰ ਰਾਹਤ ਕਿਉਂ ਨਹੀਂ ਦਿੰਦੇ, ਜਿਸ ਦਾ ਛੋਟਾ ਕਾਰੋਬਾਰ ਖ਼ਤਮ ਹੋ ਗਿਆ? ਜਾਂ ਕਸ਼ਮੀਰ ਦੇ ਉਹ ਕਾਲੀਨ ਬਣਾਉਣ ਵਾਲੇ, ਜਿਨ੍ਹਾਂ ਲਈ ਹੁਣ ਗਾਹਕ ਹੀ ਨਹੀਂ ਹਨ? ਇਹੀ ਕਾਰਨ ਹੈ ਕਿ ਸਾਨੂੰ ਫ਼ੌਰੀ ਹੱਲ ਤੋਂ ਦੂਰ ਜਾ ਕੇ ਵੇਖਣਾ ਹੋਵੇਗਾ। ਸਾਨੂੰ ਆਪਣੀ ਵਿਲੱਖਣਤਾ ਨੂੰ ਮਾਨਤਾ ਦੇਣੀ ਪਵੇਗੀ, ਸਾਡੇ ਮਤਭੇਦਾਂ 'ਤੇ ਭਰੋਸਾ ਕਰਨਾ ਹੋਵੇਗਾ। ਤੁਸੀਂ ਹੁਕਮ ਚਲਾ ਕੇ ਰਾਸ਼ਟਰ ਦੀ ਖਾਣ-ਪਾਣ ਦੀਆਂ ਆਦਤਾਂ ਨਹੀਂ ਬਦਲ ਸਕਦੇ, ਵਿਆਹ ਕਰਨ ਜਾਂ ਤਲਾਕ ਦੇਣ ਦੇ ਤਰੀਕੇ ਨੂੰ ਇਸ ਤਰ੍ਹਾਂ ਨਹੀਂ ਬਦਲ ਸਕਦੇ। ਤੁਸੀਂ ਉਨ੍ਹਾਂ ਨੂੰ ਉਹ ਸਭ ਛੱਡਣ ਲਈ ਮਜਬੂਰ ਨਹੀਂ ਕਰ ਸਕਦੇ, ਜਿਸ ਨੂੰ ਉਹ ਆਪਣੀ ਪਛਾਣ ਵਜੋਂ ਵੇਖਦੇ ਹਨ, ਤਾਂ ਕਿ ਉਹ ਰਾਸ਼ਟਰੀ ਰਜਿਸਟਰ 'ਚ ਅੰਕੜੇ ਬਣ ਜਾਣ ਅਤੇ ਕਾਨੂੰਨ ਤੋੜਨ ਵਾਲਿਆਂ ਦਾ ਆਸਾਨੀ ਨਾਲ ਪਤਾ ਲਗਾਇਆ ਜਾ ਸਕੇ। ਅਸੀਂ ਮਹਾਨ ਰਾਸ਼ਟਰ ਦੇ ਵਾਸੀ ਹਾਂ ਅਤੇ ਅਸੀਂ ਸਾਰੇ ਕਾਨੂੰਨ ਤੋੜਨ ਵਾਲੇ ਨਹੀਂ ਹਾਂ। ਇਕ ਵੱਡਾ ਵਰਗ ਇਮਾਨਦਾਰੀ, ਕਾਨੂੰਨ ਦਾ ਪਾਲਣ ਕਰਨ ਵਾਲੇ ਨਾਗਰਿਕਾਂ ਦਾ ਹੈ। ਤੁਸੀਂ ਉਨ੍ਹਾਂ 'ਤੇ ਇਨੀ ਆਸਾਨੀ ਨਾਲ ਟੈਕਸ ਚੋਰੀ ਜਾਂ ਗਊ ਮਾਸ ਖਾਣ ਵਾਲੇ ਜਾਂ ਪਸ਼ੂਆਂ ਦੀ ਚੋਰੀ ਕਰਨ ਵਾਲੇ ਜਾਂ ਲਵ ਜਿਹਾਦੀ ਜਾਂ ਰਾਸ਼ਟਰ ਵਿਰੋਧੀ ਹੋਣ ਦਾ ਲੇਬਲ ਨਹੀਂ ਲਗਾ ਸਕਦੇ। ਸਾਡੀਆਂ ਜੇਲ੍ਹਾਂ ਬੇਗੁਨਾਹ ਲੋਕਾਂ ਨਾਲ ਭਰੀਆਂ ਪਈਆਂ ਹਨ। ਸਾਡੀਆਂ ਅਦਾਲਤ 'ਚ ਫਰਜ਼ੀ ਮਾਮਲਿਆਂ ਦਾ ਢੇਰ ਲੱਗਿਆਪਿਆ ਹੈ। ਟੈਕਸ ਚੁਕਾਉਣ ਵਾਲੇ ਹਰ ਵਿਅਕਤੀ ਕੋਲ ਦੱਸਣ ਲਈ ਖੌਫਨਾਕ ਕਹਾਣੀਆਂ ਹਨ। ਦੇਸ਼ ਨੂੰ ਖ਼ਰਾਬ ਕਾਨੂੰਨਾਂ, ਭ੍ਰਿਸ਼ਟ ਅਧਿਕਾਰੀਆਂ, ਖ਼ੁਸ਼ਾਮਦੀ ਮੀਡੀਆ ਅਤੇ ਫ਼ੌਰੀ ਹੱਲ ਚਾਹੁਣ ਵਾਲੇ ਨੇਤਾਵਾਂ ਤੋਂ ਮੁਕਤ ਕਰਾਉਣ ਦਾ ਸਮਾਂ ਆ ਗਿਆ ਹੈ। ਇਹੀ ਅਸਲ ਸੁਧਾਰ ਹੋਵੇਗਾ ਅਤੇ ਇਹੀ ਸਾਨੂੰ ਉੱਥੇ ਲੈ ਜਾਵੇਗਾ, ਜਿੱਥੇ ਅਸੀਂ ਜਾਣਾ ਚਾਹੁੰਦੇ ਹਾਂ।

## ਤੇਰੇ ਬੱਚੇ ਦੁੱਧ ਨੂੰ ਤਰਸਣ, ਤੂੰ ਮੱਝੀਆਂ ਦਾ ਪਾਲੀ ਵੇ...

ਉਹ ਸਮਾਜਿਕ ਤੇ ਆਰਥਿਕ ਤੌਰ 'ਤੇ ਵੀ ਸੁਰੱਖਿਅਤ ਰਹਿ ਸਕਦਾ। ਇਸ ਕਾਰਜ ਲਈ, ਬਦਲਵੇਂ ਤੇ ਢੁਕਵੇਂ ਸਮਾਜਿਕ ਮਾਡਲ ਦੇ ਨਿਰਮਾਣ ਦੀ ਜ਼ਰੂਰਤ ਸੀ, ਜੋ ਬਦਲੀਆਂ ਹੋਈਆਂ ਪ੍ਰਸਥਿਤੀਆਂ ਵਿੱਚ ਕਿਸਾਨ ਦੀ ਅਗਵਾਈ ਕਰ ਸਕਦਾ, ਪਰ ਅਜਿਹਾ ਨਹੀਂ ਹੋਇਆ। ਖੇਤੀ ਮਾਹਰਾਂ ਅਤੇ ਵਿਗਿਆਨਕਾਂ ਵੱਲੋਂ ਆਧੁਨਿਕ ਖੇਤੀ ਲਈ ਵਿਕਾਸ ਮਾਡਲ ਦਾ ਆਵਿਸ਼ਕਾਰ ਕਰਨ ਸਮੇਂ ਇਸ ਦੇ ਨਾਕਾਰਾਤਮਿਕ ਪ੍ਰਭਾਵਾਂ ਨੂੰ ਪਰਖਣਾ ਵੀ ਜ਼ਰੂਰੀ ਸੀ। ਲਗਾਤਾਰ ਤੇਜ਼ੀ ਨਾਲ ਬਦਲਦੇ ਹਾਲਾਤ ਵਿੱਚ ਕਿਸਾਨ ਸਾਹਮਣੇ, ਬਦਲਵੇਂ ਵਿਕਲਪ ਨਾ ਪੇਸ਼ ਕਰਕੇ ਖੇਤੀ ਆਰਥਿਕਤਾ ਨਾਲ ਜੁੜੇ ਮਾਹਿਰਾਂ ਨੇ, ਪੰਜਾਬ ਦੇ ਕਿਸਾਨ ਨਾਲ ਜਾਣ-ਬੁੱਝ ਕੇ ਬੇਵਫ਼ਾਈ ਕੀਤੀ ਹੈ ਜਿਸਦਾ ਖਮਿਆਜ਼ਾ ਅੱਜ ਪੰਜਾਬ ਦੇ ਕਿਸਾਨ ਨੂੰ ਭੁਗਤਨਾ ਪੈ ਰਿਹਾ ਹੈ।

ਪੰਜਾਬ ਦੇ ਕਿਸਾਨ ਨੂੰ ਉੱਨਤ ਮਸ਼ੀਨੀ ਖੇਤੀ ਦੀ ਵਿਧੀ ਤੇ ਵਿਉਂਤ ਦੀ ਚਕਾਚੌਂਧ ਵਿੱਚ ਉਲਝਾ ਕੇ, ਉਸ ਦੀ ਘਰੇਲੂ ਆਰਥਿਕਤਾ ਵਿੱਚ ਆ ਰਹੇ ਪਰਤ-ਦਰ-ਪਰਤ ਨਿਘਾਰ ਦੀ ਸਮਾਜਿਕ ਨਜ਼ਰਸਾਨੀ ਕਿਸੇ ਵੀ ਨਾ ਕੀਤੀ। ਇਸ ਚੁਫੇਰੀ ਗਫ਼ਲਤ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ। ਹੁਣ ਹਰ ਕੋਈ ਕਿਸਾਨ ਦੀ ਬਰਬਾਦੀ 'ਤੇ ਮਗਰਮੱਛ ਦੇ ਹੰਝੂ ਵਹਾ ਰਿਹਾ ਹੈ! ਸਮਾਂ ਰਹਿੰਦੇ ਕਿਸੇ ਨੇ ਵੀ ਕੁੱਝ ਨਹੀਂ ਕੀਤਾ, ਹੁਣ ਸਭ ਸਿਵਿਆਂ ਦੀ ਰਾਖ ਫਰੋਲਣ ਵਿੱਚ ਰੁੱਝੇ ਹੋਏ ਹਨ। ਮਿਰਜ਼ਾ ਗਾਲਿਬ ਇਸ ਤ੍ਰਾਸਦੀ ਦੀ ਇੰਜ ਤਰਜਮਾਨੀ ਕਰਦੇ ਹਨ; 'ਜਲਾ ਹੈ ਜਿਸਮ ਜਹਾਂ ਦਿਲ ਭੀ ਜਲ ਗਯਾ ਹੋਗਾ, ਕੁਰੇਦਤੇ ਹੋ ਜੋ ਅਬ ਰਾਖ ਜੁਸਤਜੂ ਕਯਾ ਹੈ'

ਹਾਈਬ੍ਰਿਡ ਬੀਜਾਂ ਦੀਆਂ ਉੱਨਤ ਕਿਸਮਾਂ, ਹਾੜ੍ਹੀ ਅਤੇ ਸਾਉਣੀ ਦੇ ਨਵੇਂ ਫ਼ਸਲੀ ਚੱਕਰਾਂ, ਵਿਸ਼ੈਲੀਆਂ ਨਦੀਨਨਾਸ਼ਕ ਅਤੇ ਕੀਟਨਾਸ਼ਕ ਦਵਾਈਆਂ ਦੇ ਅੰਨ੍ਹੇਵਾਹ ਛਿੜਕਾਅ ਤੇ ਰਸਾਇਣਕ ਖਾਦਾਂ ਦੇ ਇਸਤੇਮਾਲ ਨੇ ਧਰਤੀ, ਹਵਾ, ਪਾਣੀ, ਅਤੇ ਖੇਤੀ ਉਤਪਾਦਨਾਂ ਨੂੰ ਵੀ ਜ਼ਿਹਿਰੀਲਾ ਕਰ ਦਿੱਤਾ। ਝੋਨੇ ਦੀ ਖੇਤੀ ਲਈ ਬੇਰੋਕ ਵਰਤੇ ਜਾਣ ਵਾਲੇ ਜ਼ਮੀਨੀ ਪਾਣੀ ਦੇ ਅਸੀਮ ਇਸਤੇਮਾਲ ਨੇ ਪੰਜ ਦਰਿਆਵਾਂ ਦੀ ਧਰਤੀ ਵਾਲੇ ਪੰਜਾਬ ਨੂੰ ਪਾਣੀ ਦੇ ਬੇਹੱਦ ਖਤਰਨਾਕ ਸੰਕਟ ਵਲ ਧਕੇਲ ਦਿੱਤਾ ਹੈ। ਹੁਣ ਸਮੇਂ ਦੀਆਂ ਸਰਕਾਰਾਂ ਦੁਹਾਈ ਦੇ ਰਹੀਆਂ ਹਨ ਕਿ ਝੋਨੇ ਦੀ ਖੇਤੀ ਹੇਠਲਾ ਰਕਬਾ ਘਟਾ ਕੇ ਨਵੇਂ ਫਸਲੀ ਚੱਕਰ ਅਪਣਾਏ ਜਾਣ, ਜਿਸ ਵਿੱਚ ਪਾਣੀ ਦੀ ਘੱਟੋ-ਘੱਟ ਵਰਤੋਂ ਹੋਵੇ। ਪਰ ਅਜਿਹਾ ਕਰਨ ਵਿੱਚ ਖੇਤੀ ਮਾਹਰਾਂ ਅਤੇ ਸਰਕਾਰਾਂ ਨੇ ਬਹੁਤ ਦੇਰ ਕਰ ਦਿੱਤੀ ਹੈ। ਹੁਣ ਤਾਂ ਸਭ ਕੁੱਝ ਤਬਾਹੀ ਦੇ ਕੰਢੇ 'ਤੇ ਹੈ। ਸਿਆਣਪ ਤਾਂ ਤਦ ਮੰਨੀ ਜਾਂਦੀ ਜੇ ਸਮਾਂ ਰਹਿੰਦਿਆਂ, ਭਾਵੀ ਖ਼ਤਰਿਆਂ ਦੇ ਘੁੱਗੂ ਬਜਾ ਕੇ, ਪੇਸ਼ਬੰਦੀਆਂ ਦੇ ਬਾਨ੍ਹਣੂ ਬੰਨ੍ਹੇ ਜਾਂਦੇ। ਤੁਆਜੁੱਬ ਹੈ ਕਿ ਹੁਣ ਤੱਕ ਵੀ ਇਸ ਨਾਜ਼ੁਕ ਮਾਮਲੇ ਨਾਲ ਜੁੜੇ ਸਾਰੇ ਪਹਿਲੂਆਂ ਨਾਲ ਸਬੰਧਤ ਵਿਭਾਗਾਂ ਦੇ ਆਪਸੀ ਤਾਲਮੇਲ ਤੇ ਘੋਖ-ਪੜਤਾਲ ਲਈ ਕੋਈ ਵਾਜਬ ਤੇ ਸਥਿਰ ਢਾਂਚਾ ਨਜ਼ਰ ਨਹੀਂ ਆ ਰਿਹਾ। ਸਮੇਂ ਦੀ ਲੋੜ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਵਰਗੀ ਕੋਈ ਸਮਰੱਥ ਤੇ ਵਿਧਾਨ ਰਾਹੀਂ ਸਥਾਪਤ ਅਧਿਕਾਰ ਪ੍ਰਾਪਤ ਸੰਸਥਾ ਕਾਇਮ ਕੀਤੀ ਜਾਵੇ ਜੋ ਖੇਤੀ, ਪਾਣੀ, ਵਾਤਾਵਰਣ, ਅਜੋਕੇ ਸਮਾਜਿਕ ਸੰਦਰਭ ਵਿੱਚ ਕਿਸਾਨ ਦੀ ਆਰਥਿਕਤਾ ਤੇ ਖੇਤੀ ਆਰਥਿਕਤਾ ਦੇ ਸਾਰੇ ਸਰੋਕਾਰਾਂ ਦਾ ਸਮੁੱਚਤਾ ਵਿੱਚ ਮੁਲਾਂਕਣ ਕਰਕੇ, ਕੋਈ ਨੀਤੀਗਤ ਵਿਹਾਰਕ ਵਿਧੀ ਅਪਣਾ ਕੇ ਸਮੁੱਚਾ ਦਿਸ਼ਾ ਨਿਰਦੇਸ਼ਨ ਤੈਅ ਕਰੇ। ਪਰ ਅਜਿਹਾ ਵੀ ਨਹੀਂ ਹੋ ਰਿਹਾ। ਸਮੁੱਚਾ ਸਰਕਾਰੀ ਤੰਤਰ ਤੇ ਰਾਜਨੀਤਕ ਪ੍ਰਣਾਲੀ, ਘਬਰਾਹਟ ਦੀ ਹੁੱਸੜ ਵਿੱਚ, ਕਿਸਾਨ ਦੇ ਕੇਵਲ ਮੂੰਹ ਰੱਖਣ ਲਈ, ਨਿੱਤ ਅਜਿਹੇ ਵਿਚਿੱਤਰ ਪ੍ਰਸਤਾਵ ਲਿਆ ਰਹੇ ਹਨ ਜਿਸ ਨਾਲ ਪੰਜਾਬ ਦੀ ਬਰਬਾਦ ਤੇ ਭੈਅਭੀਤ ਕਿਸਾਨੀ ਦਾ ਕੁੱਝ ਵੀ ਸੰਵਰਨ ਵਾਲਾ ਨਹੀਂ।

ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਉਲਾਰ ਇਕਰਾਰਾਂ ਨੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੇ ਮਨਾਂ ਵਿੱਚ ਜੋ ਉਮੀਦ ਜਗਾਈ ਸੀ, ਉਹ ਵੀ ਟੁੱਟ ਚੁੱਕੀ ਹੈ। ਕਿਸਾਨ ਨੂੰ ਕੀ ਪਤਾ ਸੀ ਕਿ ਵੋਟਾਂ ਬਟੋਰਨ ਤੋਂ ਬਾਅਦ, ਇਹ ਸ਼ੋਹਦੇ ਇਕਰਾਰ ਮਹਿਜ਼ ਸਿਆਸੀ ਦਗ਼ਾਬਾਜ਼ੀ ਹੀ ਸਾਬਤ ਹੋਣਗੇ। ਕੈਪਟਨ ਅਮਰਿੰਦਰ ਸਿੰਘ ਵੱਲੋਂ 19 ਜੂਨ ਨੂੰ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਵਿੱਚ ਕੀਤੇ ਫੋਕੇ ਐਲਾਨਾਂ ਨੇ ਕਰਜ਼ਾ ਪੀੜਤ ਕਿਸਾਨਾਂ ਦੀ ਮਾਯੂਸੀ ਵਿੱਚ ਹੋਰ ਵਾਧਾ ਕੀਤਾ ਹੈ। ਇਹੀ ਕਾਰਨ ਹੈ ਕਿ ਬਜਟ ਇਜਲਾਸ ਤੋਂ ਪਿੱਛੋਂ ਵੀ 60 ਤੋਂ ਵੱਧ ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ ਤੇ ਹਾਲ ਹੀ ਵਿੱਚ ਹੋਈਆਂ ਖੁਦਕੁਸ਼ੀਆਂ ਵਿੱਚ ਨੌਜਵਾਨ ਕਿਸਾਨਾਂ ਦੀ ਗਿਣਤੀ ਪੰਜਾਹ ਫੀਸਦੀ ਤੋਂ ਵੀ ਵੱਧ ਹੈ। ਹੁਣ ਕਰਜ਼ਾ ਮੁਆਫ਼ੀ ਦੇ ਮਾਮਲੇ ਨੂੰ ਵੱਟੇ-ਖਾਤੇ ਪਾਉਣ ਲਈ ਕੈਪਟਨ ਅਮਰਿੰਦਰ ਦੀ ਸਿਫ਼ਾਰਿਸ਼ 'ਤੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ ਸਿੰਘ ਨੇ ਵਿਧਾਨ ਸਭਾ ਮੈਂਬਰਾਂ ਦੀ ਸਰਬ ਪਾਰਟੀ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜੋ ਕਿਸਾਨ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਕਾਰਨਾਂ ਨੂੰ ਜਾਂਚਣ ਉਪ੍ਰੰਤ ਆਪਣੇ ਸੁਝਾਅ ਦੇਵੇਗੀ। ਮੇਰੀ ਜਾਚੇ ਇਸ ਕਮੇਟੀ ਦੀ ਸਥਾਪਨਾ ਫਜ਼ੂਲ ਮਸ਼ਕ ਤੋਂ ਸਿਵਾ ਹੋਰ ਕੁੱਝ ਵੀ ਨਹੀਂ। ਜੇ ਕੈਪਟਨ ਸਰਕਾਰ ਨੇ ਹਾਲੇ ਮਹਿਜ਼ ਖੁਦਕੁਸ਼ੀਆਂ ਦੇ ਕਾਰਨਾਂ ਦੀ ਜਾਂਚ ਹੀ ਕਰਨੀ ਹੈ ਤਾਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਕਿਸਾਨ ਦੇ ਸਾਰੇ ਕਰਜ਼ੇ ਮੁਆਫ਼ ਕਰਨ ਦਾ ਐਲਾਨ ਹੀ ਕਿਉਂ ਕੀਤਾ ਸੀ। ਸਰਕਾਰ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਅਖ਼ਬਾਰੀ ਬਿਆਨਾਂ ਤੇ ਕਮੇਟੀਆਂ ਦੇ ਭੰਬਲਭੂਸਿਆਂ ਵਿੱਚ ਕਿਸਾਨ ਨੂੰ ਉਲਝਾ ਕੇ ਇਹ ਨਾ ਸਮਝ ਬੈਠੇ ਕਿ ਕਰਜ਼ਿਆਂ ਦਾ ਮਾਰਿਆ ਕਿਸਾਨ ਕਿਸੇ ਭਰਮ ਵਿੱਚ ਆ ਕੇ ਖ਼ਮੋਸ਼ ਬੈਠ ਜਾਵੇਗਾ। ਅਜਿਹਾ ਨਹੀਂ ਹੈ। ਇਕ ਵੱਡੇ ਤੂਫ਼ਾਨ ਤੋਂ ਪਹਿਲਾਂ ਦੀ ਚੁੱਪ ਦੇ ਗਰਭ ਵਿੱਚ ਕੀ ਪਲ ਰਿਹਾ ਹੈ, ਸਰਕਾਰ ਨੂੰ ਉਸ ਬਾਰੇ ਹੁਣ ਤੋਂ ਹੀ ਸੋਚਣਾ ਚਾਹੀਦਾ ਹੈ।

ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ।

# ਕੈਨੇਡੀਅਨ ਪੰਜਾਬੀਆਂ ਨੇ 'ਦੀ ਬਲੈਕ ਪ੍ਰਿੰਸ' ਨੂੰ ਖੁੱਲ੍ਹੇ ਦਿਲ ਨਾਲ ਕੀਤਾ ਪ੍ਰਵਾਨ

## ਪਹਿਲੇ 3 ਦਿਨ 'ਚ ਕੀਤੀ 30 ਕਰੋੜ ਦੀ ਕਮਾਈ




**ਟੋਰਾਂਟੋ/ਪ੍ਰਤੀਕ ਸਿੰਘ :** ਬੀਤੇ ਸ਼ੁੱਕਰਵਾਰ ਦੁਨੀਆ ਭਰ ਵਿੱਚ ਰਿਲੀਜ਼ ਹੋਈ ਫ਼ਿਲਮ 'ਦੀ ਬਲੈਕ ਪ੍ਰਿੰਸ' ਨੂੰ ਦਰਸ਼ਕਾਂ ਨੇ ਖੁੱਲ੍ਹੇ ਦਿਲ ਅਤੇ ਉਤਸ਼ਾਹ ਨਾਲ ਪ੍ਰਵਾਨ ਕੀਤਾ ਹੈ। ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਬਣੀ ਲਗਭਗ 50 ਲੱਖ ਡਾਲਰ ਦੇ ਬਜਟ ਦੀ ਇਸ ਫ਼ਿਲਮ (ਅੰਗਰੇਜ਼ੀ ਤੇ ਪੰਜਾਬੀ) ਨੂੰ ਭਾਰਤ, ਪਾਕਿਸਤਾਨ, ਅਮਰੀਕਾ, ਨਿਊਜ਼ੀਲੈਂਡ ਤੇ ਆਸਟ੍ਰੇਲੀਆ ਤੋਂ ਇਲਾਵਾ ਕੈਨੇਡਾ ਦੇ 18 ਸਿਨੇਮਾ ਘਰਾਂ ਵਿੱਚ ਵਿਖਾਇਆ ਜਾ ਰਿਹਾ ਹੈ ਜਿਨ੍ਹਾਂ ਵਿਚੋਂ 7 ਸਿਨੇਮੇ ਇਕੱਲੇ ਉਂਟਾਰੀਓ ਵਿਚ ਹਨ। ਹੁਣ ਤੱਕ ਦੀਆਂ ਰਿਪੋਰਟਾਂ ਮੁਤਾਬਕ ਇਸ ਦੇ ਸਾਰੇ ਸ਼ੋਅ ਸੋਲਡ ਆਊਟ ਜਾ ਰਹੇ ਹਨ ਅਤੇ ਪਹਿਲੇ ਤਿੰਨ ਦਿਨਾਂ ਵਿਚ ਇਸ ਨੇ 30 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਬਰੈਂਪਟਨ ਦੇ ਸਿਨੇਪਲੈਕਸ ਵਿੱਚ ਸ਼ਾਮ ਦੇ ਸ਼ੋਅ ਵਿਚ ਪਰਿਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨਾਂ ਦੀ ਸੀ। ਸਿਨੇਮਾ ਹਾਲ ਵਿੱਚ ਫ਼ਿਲਮ ਦੌਰਾਨ ਚੁੱਪ ਵਰਤੀ ਰਹੀ ਜਿਵੇਂ ਹਰ ਕੋਈ ਇਤਿਹਾਸ ਜਾਣਨ ਲਈ ਉਤਸੁਕ ਹੋਵੇ। ਮਿਸੀਸਾਗਾ ਦੀ ਮਨਦੀਪ ਸੰਧੂ ਨੂੰ ਸਰਤਾਜ ਦੀ ਅਦਾਕਾਰੀ ਨੇ ਕੀਲਿਆ ਤਾਂ ਸਰਬਜੀਤ ਨੂੰ ਸ਼ਬਾਨਾ ਆਜ਼ਮੀ ਦਾ ਰਾਣੀ ਜਿੰਦਾਂ ਦਾ ਰੋਲ ਬਹੁਤ ਜਾਨਦਾਰ ਲੱਗਾ। ਗਾਇਕ ਹੈਪੀ ਅਰਮਾਨ ਨੇ ਕਿਹਾ ਕਿ ਉਹ ਅਜਿਹੀ ਕਹਾਣੀ ਵੇਖ ਕੇ ਸੁੰਨ ਹੋ ਗਿਆ। ਉਸ ਨੇ ਕਿਹਾ ਕਿ ਇਹ ਸਿੱਖ ਇਤਿਹਾਸ ਦਾ ਅਹਿਮ ਦਸਤਾਵੇਜ਼ ਹੈ ਤੇ ਹਰ ਪੰਜਾਬੀ ਲਈ ਵੇਖਣਾ ਲਾਜ਼ਮੀ ਹੈ। ਸਰਤਾਜ ਦੇ ਗਾਏ ਗੀਤਾਂ ਅਤੇ ਫ਼ਿਲਮਾਂਕਣ ਨੇ ਕਈਆਂ ਨੂੰ ਰੁਆਇਆ। ਪਾਕਿਸਤਾਨ ਵਿੱਚ ਪ੍ਰਮੋਸ਼ਨ ਲਈ ਗਏ ਹੋਏ ਫ਼ਿਲਮ ਦੇ ਨਿਰਦੇਸ਼ਕ ਕਵੀ ਰਾਜ਼ ਨੇ ਲਾਹੌਰ ਤੋਂ ਗੱਲਬਾਤ ਕਰਦਿਆਂ ਲੋਕਾਂ ਦੇ ਹੁੰਗਾਰੇ ਬਾਰੇ ਤਸੱਲੀ ਪ੍ਰਗਟ ਕੀਤੀ ਅਤੇ ਇਸ ਨੂੰ ਆਪਣੇ ਅਗਲੇ ਪ੍ਰੋਜੈਕਟ ਲਈ ਹੌਸਲਾ ਆਖਿਆ।

### ਆਲਮੀ ਸਫ਼ਾਂ ਵਿਚ ਸਿੱਖ ਇਤਿਹਾਸ ਦੀ ਅਦਬੀ ਪੇਸ਼ਕਾਰੀ

ਕਰਨ ਲੱਗਿਆਂ ਫ਼ਿਲਮਸਾਜ਼ ਤੇ ਨਿਰਦੇਸ਼ਕ ਕਵੀ ਰਾਜ਼ ਤੇ ਨਿਰਮਾਤਾ ਜਸਜੀਤ ਸਿੰਘ ਨੇ ਵੀ ਪੂਰੀ ਮਿਹਨਤ, ਲਗਨ ਤੇ ਜ਼ਿੰਮੇਵਾਰੀ ਨਾਲ ਇਹ ਚੁਣੌਤੀ ਕਬੂਲੀ ਸੀ ਤੇ ਉਹ ਇਸ ਨੂੰ ਬਿਹਤਰੀਨ ਤਰੀਕੇ ਨਾਲ ਪੇਸ਼ ਕਰਨ ਵਿਚ ਕਾਮਯਾਬ ਵੀ ਹੋਏ ਹਨ। ਦੋਹਾਂ ਦੀ ਜੁਗਲਬੰਦੀ ਨੇ ਸਿੱਖ ਇਤਿਹਾਸ ਨੂੰ ਫ਼ਿਲਮੀ ਪਰਦੇ 'ਤੇ ਬੜੇ ਅਦਬ ਨਾਲ ਪੇਸ਼ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਰਾਜ ਵਿਚ ਜੋ ਖਲਾਅ ਪੈਦਾ ਹੋਇਆ, ਜੋ ਗ਼ਲਤ ਧਾਰਨਾਵਾਂ ਬਣੀਆਂ, ਉਨ੍ਹਾਂ ਨੂੰ ਤੋੜਦੀ ਹੋਈ 'ਦੀ ਬਲੈਕ ਪ੍ਰਿੰਸ' ਨੇ ਸਿੱਖ ਇਤਿਹਾਸ ਨੂੰ ਸਤਿਕਾਰਤ ਸਥਾਨ 'ਤੇ ਬਿਠਾਇਆ ਹੈ। ਅਣਗੌਲੇ ਨਾਇਕ ਦੀ ਅਣਕਹੀ ਦਾਸਤਾਨ ਨੇ ਨਾ ਸਿਰਫ਼ ਸਿੱਖ ਮਨਾਂ ਨੂੰ ਬਲਕਿ, ਹਰ ਸੰਵੇਦਨਸ਼ੀਲ ਮਨ ਨੂੰ ਝੰਜੋੜਿਆ ਹੈ। ਵਰ੍ਹਿਆਂ ਬਾਅਦ ਕਿਸੇ ਸੱਚ ਦੇ ਰੂਬਰੂ ਹੋਣਾ ਸਹਿਜ ਭਾਅ ਨਹੀਂ ਹੁੰਦਾ, ਪਰ 'ਦਿ ਬਲੈਕ ਪ੍ਰਿੰਸ' ਨੇ ਜ਼ਖ਼ਮਾਂ ਨੂੰ ਉਚੇੜਨ ਦੀ ਥਾਂ ਟਕੋਰ ਦਾ ਕੰਮ ਕੀਤਾ ਹੈ।

ਕੌਮਾਂਤਰੀ ਪੱਧਰ 'ਤੇ ਨਾਮਨਾ ਖੱਟਣ ਤੋਂ ਬਾਅਦ ਇਹ ਭਾਰਤ, ਪੰਜਾਬ ਤੇ ਚੰਡੀਗੜ੍ਹ ਦੇ ਸਿਨੇਮਾਂ ਘਰਾਂ ਵਿਚ ਰਿਲੀਜ਼ ਹੋ ਗਈ ਹੈ। ਤਿੰਨ ਭਾਸ਼ਾਵਾਂ ਵਿਚ ਰਿਲੀਜ਼ ਹੋਈ ਫ਼ਿਲਮ ਨੂੰ ਜਿੱਥੇ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਉਥੇ ਫ਼ਿਲਮ ਦੇ ਆਲੋਚਕਾਂ ਨੇ ਵੀ ਚੰਗੇ ਅੰਕ ਦਿੱਤੇ ਹਨ। ਅਮਰੀਕਾ (ਨਿਊ ਯਾਰਕ ਟਾਈਮਜ਼, ਲਾਸ ਏਂਜਲਸ ਟਾਈਮਜ਼, ਐਨ.ਬੀ.ਸੀ. ਟੀਵੀ), ਕੈਨੇਡਾ (ਸੀ.ਟੀਵੀ., ਸੀਬੀਸੀ ਰੇਡੀਓ, ਟੋਰਾਂਟੋ ਸਟਾਰ, ਵੈਨਕੂਵਰ ਸਨ), ਲੰਡਨ (ਦੀ ਗਾਰਡੀਅਨ, ਸੀਐਨਐਨ), ਆਸਟਰੇਲੀਆ (ਦੀ ਆਸਟਰੇਲੀਅਨ, ਦੀ ਸਿਡਨੀ ਹੇਰਾਲਡ, ਦੀ ਐਡੀਲੇਡ ਰਿਵਿਊ), ਭਾਰਤ ਤੇ ਪਾਕਿਸਤਾਨ ਦੇ ਮੀਡੀਏ ਨੇ ਫ਼ਿਲਮ ਦੀ ਚੰਗੀ ਕਵਰੇਜ ਕੀਤੀ ਹੈ। 'ਦੀ ਬਲੈਕ ਪ੍ਰਿੰਸ' ਦੀ ਟੀਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਫ਼ਿਲਮ ਨੂੰ ਕੌਮਾਂਤਰੀ ਪੱਧਰ 'ਤੇ ਰੇਟਿੰਗ ਦੇਣ ਵਿਚ ਵਿਚਾਰਿਆ ਗਿਆ। ਕੈਨੇਡਾ ਦੇ ਬਿਹਤਰੀਨ ਟੀਵੀ ਸਟੇਸ਼ਨਾਂ ਵਿਚ ਇਕ ਸੀ.ਟੀਵੀ. ਦੇ ਜਿਮ ਗਾਰਡਨ ਨੇ 10 ਵਿਚੋਂ 7 ਅੰਕ ਦਿੱਤੇ ਹਨ। ਸੀਬੀਸੀ ਰੇਡੀਓ ਦੇ ਕੈਥਰੀਨ ਮੌਂਕ ਨੇ 3 ਸਟਾਰ ਦਿੱਤੇ ਹਨ। ਦੀ ਆਸਟਰੇਲੀਅਨ ਨੇ ਵੀ ਇਸ ਫ਼ਿਲਮ ਨੂੰ 3 ਸਟਾਰ ਦਿੱਤੇ ਹਨ। ਭਾਰਤ ਦੇ ਟਾਈਮਜ਼ ਆਫ਼ ਇੰਡੀਆ ਨੇ ਵੀ 3 ਸਟਾਰ ਦਿੱਤੇ ਹਨ। ਦਰਸ਼ਕਾਂ ਦੇ ਭਰਪੂਰ ਹੁੰਗਾਰੇ ਦੀ ਗੱਲ ਕਰਦਿਆਂ ਆਈ.ਐਮ.ਡੀ.ਬੀ. ਨੇ 10 ਵਿਚੋਂ 8.2 ਰੇਟਿੰਗ ਦਿੱਤੀ ਹੈ। 95% ਗੂਗਲ ਯੂਜ਼ਰਜ਼ ਨੇ ਫ਼ਿਲਮ ਨੂੰ ਪਸੰਦ ਕੀਤਾ ਹੈ। ਰੌਟਨ ਟੋਮੇਟੋਜ਼-ਟੋਮਾਟੋਮੀਟਰ ਨੇ ਦਰਸ਼ਕਾਂ ਦਾ 100 ਫੀਸਦੀ ਹੁੰਗਾਰਾ ਦਰਸਾਇਆ ਹੈ। ਬੁੱਕ ਮਾਈ ਸ਼ੋਅ ਦੀ ਇਕ ਦੀ ਰੇਟਿੰਗ 7.1 ਰਹੀ। ਸੋ, ਕੁੱਲ ਮਿਲਾ ਕੇ ਫ਼ਿਲਮ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਹਾਂ, ਕੁਝ ਨਾ-ਪੱਖੀ ਰੁਝਾਨਾਂ ਵਾਲੇ ਆਲੋਚਕਾਂ ਨੇ ਇਸ ਦੀ ਰੇਟਿੰਗ ਘੱਟ ਦੱਸੀ ਹੈ, ਪਰ ਇਹ ਆਲੋਚਕ ਕੌਮਾਂਤਰੀ ਪੱਧਰ ਦੇ ਫ਼ਿਲਮ ਆਲੋਚਕਾਂ ਵਿਚ ਮਾਨਤਾ ਨਹੀਂ ਰੱਖਦੇ। ਇਸ ਨੂੰ ਸਕਾਰਾਤਮਕ ਆਲੋਚਨਾ ਨਹੀਂ ਕਿਹਾ ਜਾ ਸਕਦਾ। ਸਦੀ ਪੁਰਾਣੇ ਇਤਿਹਾਸ ਨੂੰ ਪੇਸ਼ ਕਰਦਿਆਂ ਵਿਰੋਧਮਈ ਉਂਗਲਾਂ ਦਾ ਉਠਣਾ ਵੀ ਸੁਭਾਵਕ ਹੈ ਕਿਉਂਕਿ ਸੱਚ ਦੀਆਂ ਪਰਤਾਂ ਬਹੁਤ ਡੂੰਘੀਆਂ ਹੁੰਦੀਆਂ ਹਨ ਤੇ ਹਰ ਕੋਈ ਉਸ ਨੂੰ ਆਪਣੇ ਹੀ ਢੰਗ ਨਾਲ ਦੇਖਦਾ ਹੈ ਜਾਂ ਉਹੀ ਦੇਖਣਾ ਚਾਹੁੰਦਾ ਹੈ, ਜੋ ਉਸ ਨੂੰ ਸੰਤੁਸਟੀ ਦਿੰਦਾ ਹੈ। ਇਤਿਹਾਸ ਦੇ ਅਣਗੌਲੇ ਹਿੱਸੇ ਨੂੰ ਜੇਕਰ ਤੁਸੀਂ ਜਾਣਨਾ ਹੈ, ਤਾਂ ਤੁਹਾਨੂੰ ਇਹ ਫ਼ਿਲਮ ਸਿਨੇਮਾਂ ਘਰਾਂ ਵਿਚ ਜਾ ਕੇ ਜ਼ਰੂਰ ਦੇਖਣੀ ਚਾਹੀਦੀ ਹੈ ਤੇ ਆਪਣੀ ਰਾਏ ਖ਼ੁਦ ਬਣਾਉਣੀ ਚਾਹੀਦੀ ਹੈ।

### ਯੂ.ਕੇ. ਬੌਕਸ ਆਫ਼ਿਸ ਚਾਰਟਸ ਦੀਆਂ ਸਿਖ਼ਰਲੀਆਂ 10 ਫ਼ਿਲਮਾਂ 'ਚ 'ਦੀ ਬਲੈਕ ਪ੍ਰਿੰਸ' ਵੀ ਸ਼ੁਮਾਰ

ਮਾਂ-ਬਾਪ ਦਾ ਸਾਇਆ ਖੁਸ ਗਿਆ ਤੇ ਜਦੋਂ ਸੋਝੀ ਆਉਂਦੀ ਹੈ ਤਾਂ ਆਪਣੀ ਮਿੱਟੀ ਦੀ ਤਾਂਘ ਤੇ ਆਪਣੀ ਰਿਆਸਤ ਵਾਪਸ ਲੈਣ ਲਈ ਉਸ ਨੂੰ ਕਿਨ੍ਹਾਂ ਕਿਨ੍ਹਾਂ ਮੁਸ਼ਕਲਾਂ ਵਿਚੋਂ ਲੰਘਣਾ ਪੈਂਦਾ ਹੈ ਤੇ ਅੰਤ ਵੀ ਕਿੰਨਾ ਦਰਦਨਾਕ ਹੁੰਦਾ ਹੈ। ਫ਼ਿਲਮ ਨੇ ਦਲੀਪ ਸਿੰਘ ਦੇ ਮਹਾਰਾਣੀ ਵਿਕਟੋਰੀਆ, ਜੋ ਉਸ ਦੇ ਬੱਚਿਆਂ ਦੀ ਗੌਡਮਦਰ ਵੀ ਹੈ, ਨਾਲ ਤਿੜਕਦੇ ਰਿਸ਼ਤਿਆਂ ਨੂੰ ਬੜੀ ਕੋਮਲਤਾ ਨਾਲ ਪੇਸ਼ ਕੀਤਾ ਹੈ।

### ਮਹਾਰਾਜਾ ਦਲੀਪ ਸਿੰਘ ਦੀ ਅਣਕਹੀ-ਅਣਸੁਣੀ ਦਾਸਤਾਨ ਨੇ ਚੰਡੀਗੜ੍ਹੀਆਂ ਨੂੰ ਟੁੰਬਿਆ

ਹੈ। ਉਹ ਫੇਰ ਸਿੱਖ ਧਰਮ ਕਬੂਲਦੇ ਹਨ ਤੇ ਆਪਣੀ ਰਿਆਸਤ ਹਾਸਲ ਕਰਨ ਲਈ ਵਤਨ ਵਾਪਸੀ ਕਰਦੇ ਹਨ। ਪਰ ਉਨ੍ਹਾਂ ਦੀਆਂ ਨਾ ਮੁੱਕਣ ਵਾਲੀਆਂ ਮੁਸ਼ਕਲਾਂ ਸਦਕਾ ਉਨ੍ਹਾਂ ਦੀ ਜ਼ਿੰਦਗੀ ਦਾ ਅੰਤ ਵੀ ਬੜਾ ਦੁਖਦਾਈ ਹੁੰਦਾ ਹੈ। ਉਨ੍ਹਾਂ ਦੀ ਜਦੋਂ ਮੌਤ ਹੋਈ ਤਾਂ ਉਹ ਪੈਰਿਸ ਵਿਚ ਇਕੱਲੇ ਹੀ ਸਨ ਤੇ ਉਦੋਂ ਉਨ੍ਹਾਂ ਦੀ ਉਮਰ 55 ਵਰ੍ਹਿਆਂ ਦੀ ਸੀ।

ਕੌਮਾਂਤਰੀ ਪੱਧਰ 'ਤੇ ਇਸ ਫ਼ਿਲਮ ਨੂੰ ਕਾਫ਼ੀ ਸਰਾਹਿਆ ਗਿਆ ਹੈ। ਬਹੁਤਿਆਂ ਦੇ ਮਨਾਂ ਵਿਚੋਂ ਵਿਸਰ ਚੁੱਕੇ ਇਤਿਹਾਸ ਦੇ ਹਿੱਸੇ, ਖ਼ਾਸ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਇਸ ਪੱਖ ਤੋਂ ਜਾਣੂ ਕਰਵਾਉਣ ਤੇ ਉਨ੍ਹਾਂ ਦੇ ਮਨਾਂ ਨੂੰ ਛੂਹਣ ਵਿਚ ਇਹ ਫ਼ਿਲਮ ਸਫਲ ਰਹੀ ਹੈ। ਫ਼ਿਲਮ ਦੀ ਟੀਮ ਵਲੋਂ ਇਤਿਹਾਸ ਨੂੰ ਤੱਥਾਂ ਸਹਿਤ ਪੇਸ਼ ਕਰਨ ਵਿਚ ਸਖ਼ਤ ਮਿਹਨਤ ਕੀਤੀ ਹੈ। ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਅਤੇ ਸ਼ਬਾਨਾ ਆਜ਼ਮੀ ਨੇ ਮਹਾਰਾਣੀ ਜਿੰਦਾਂ ਦਾ ਕਿਰਦਾਰ ਦਾ ਕਿਰਦਰ ਬਾਖ਼ੂਬੀ ਨਿਭਾਇਆ ਹੈ। ਫ਼ਿਲਮ ਆਲੋਚਕਾਂ ਨੇ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ ਹੈ। ਚੰਡੀਗੜ੍ਹ ਵਿਚ ਦਰਸ਼ਕਾਂ ਅਤੇ ਖ਼ਾਸ਼ ਸ਼ਖ਼ਸੀਅਤਾਂ ਵਲੋਂ ਫ਼ਿਲਮ ਤੇ ਖ਼ਾਸ ਕਰ ਸ਼ਬਾਨਾ ਆਜ਼ਮੀ ਵਲੋਂ ਨਿਭਾਏ ਗਏ ਕਿਰਦਾਰ ਦੀ ਏਨੀ ਪ੍ਰਸ਼ੰਸਾ ਹੋਈ ਕਿ ਸ਼ਬਾਨਾ ਆਜ਼ਮੀ ਉਨ੍ਹਾਂ ਦੇ ਵਿਚਾਰ ਸੁਣ ਕੇ ਭਾਵੁਕ ਹੋ ਗਈ ਤੇ ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ।

ਫ਼ਿਲਮ ਦੇ ਪ੍ਰੀਮੀਅਰ ਮੌਕੇ ਫ਼ਿਲਮਸਾਜ਼ ਕਵੀ ਰਾਜ਼, ਸ਼ਬਾਨਾ ਆਜ਼ਮੀ ਤੇ ਸਤਿੰਦਰ ਸਰਤਾਜ ਹਾਜ਼ਰ ਸਨ। ਇਸ ਮੌਕੇ ਦਰਸ਼ਕਾਂ ਵਿਚ ਅਹਿਮ ਸ਼ਖ਼ਸੀਅਤਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਚੰਡੀਗੜ੍ਹ ਦੀ ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ, ਸਭਿਆਚਾਰਕ ਮੰਤਰੀ ਨਵਜੋਤ ਸਿੰਘ ਸਿੱਧੂ, ਹਾਕੀ ਓਲੰਪੀਅਨ ਬਲਬੀਰ ਸਿੰਘ, ਪੰਜਾਬ ਯੂਨੀਵਰਸਿਟੀ ਦੇ ਵੀ.ਸੀ. ਅਰੁਣ ਗਰੋਵਰ, ਉੱਘੀ ਲੇਖਿਕਾ ਦਲੀਪ ਕੌਰ ਟਿਵਾਣਾ, ਰੰਗਮੰਚ ਦੀ ਉੱਘੀ ਹਸਤੀ ਨੀਲਮ ਮਾਨ ਸਿੰਘ, ਵੈਟਰਨ ਅਥਲੀਟ ਮਾਤਾ ਮਾਨ ਕੌਰ, ਸਿਆਸਤਦਾਨ ਬੀਰ ਦਵਿੰਦਰ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਭਾਈ ਅਸ਼ੋਕ ਸਿੰਘ ਬਾਗੜੀਆ, ਪੱਤਰਕਾਰਾਂ ਵਿਚੋਂ ਸੁਖਦੇਵ ਭਾਈ, ਜਗਤਾਰ ਸਿੰਘ ਤੇ ਕਰਮਜੀਤ ਸਿੰਘ ਅਤੇ ਉਘੇ ਕਹਾਣੀਕਾਰ ਗੁਲਜ਼ਾਰ ਸੰਧੂ ਮੌਜੂਦ ਸਨ।

ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ, "ਇਹ ਬਹੁਤ ਅੱਛੀ ਤੇ ਸੱਚੀ ਫ਼ਿਲਮ ਹੈ। ਮੈਨੂੰ ਬਹੁਤ ਚੰਗੀ ਲੱਗੀ। ਇਹਦੇ 'ਚ ਕੋਈ ਝੂਠ ਸ਼ਾਮਲ ਨਹੀਂ। ਬਹੁਤ ਬੇਬਾਕ ਹੋ ਕੇ ਪੂਰੀ ਟੀਮ ਨੇ ਇਹ ਫ਼ਿਲਮ ਬਣਾਈ ਹੈ।"

'ਵਰਲਡ ਸਿੱਖ ਨਿਊਜ਼ ਐਡੀਟਰ ਜਗਮੋਹਨ ਸਿੰਘ ਟੋਨੀ ਅਨੁਸਾਰ-"ਇਹ ਸਿੱਖਾਂ ਦੀਆਂ ਭਾਵਨਾਵਾਂ, ਉਨ੍ਹਾਂ ਦੀ ਜਗਿਆਸਾ ਨੂੰ ਉਜਾਗਰ ਕਰਦੀ ਹੈ। 1849 ਵਿਚ ਕਿਵੇਂ ਸਿੱਖ ਰਾਜ ਸਾਥੋਂ ਖੋਹ ਲਿਆ ਗਿਆ ਤੇ ਉਸ ਨੂੰ ਵਾਪਸ ਹਾਸਲ ਕਿਵੇਂ ਕਰਨਾ ਹੈ, ਉਸ ਸਪਿਰਟ ਨੂੰ ਇਸ ਫ਼ਿਲਮ ਰਾਹੀਂ ਪੇਸ਼ ਕੀਤਾ ਗਿਆ ਹੈ। ਦੁਨੀਆ ਭਰ ਵਿਚ ਇਹ ਫ਼ਿਲਮ 3 ਭਾਸ਼ਾਵਾਂ ਵਿਚ ਰਿਲੀਜ਼ ਹੋਈ ਹੈ, ਤੇ ਮੈਂ ਸਮਝਦਾ ਹਾਂ ਕਿ ਸਿੱਖਾਂ ਲਈ ਇਹ ਵਧੀਆ ਮੌਕਾ ਹੋਵੇਗਾ ਆਪਣੇ ਬੱਚਿਆਂ ਨੂੰ ਦੱਸਣ ਲਈ ਕਿ ਸਾਡਾ ਵਿਰਸਾ ਕਿਹੋ ਜਿਹਾ ਸੀ।"

ਵੀ.ਸੀ. ਅਰੁਣ ਗਰੋਵਰ ਨੇ ਕਿਹਾ, 'ਫ਼ਿਲਮ ਦੇਖ ਮੈਨੂੰ ਬੇਹੱਦ ਖ਼ੁਸ਼ੀ ਹੋਈ ਕਿ ਬਹੁਤ ਹੀ ਖ਼ੂਬਸੂਰਤੀ ਨਾਲ ਸਾਡੇ ਵਿਰਸੇ ਨੂੰ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਮੈਂ ਫ਼ਿਲਮ ਦੇ ਨਿਰਦੇਸ਼ਕ ਕਵੀ ਰਾਜ਼ ਜੀ ਨੂੰ ਯੂਨੀਵਰਸਿਟੀ ਆਉਣ ਦਾ ਸੱਦਾ ਦਿੱਤਾ ਹੈ ਤਾਂ ਜੋ ਉਹ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਇਸ ਫ਼ਿਲਮ ਦੇ ਪਿਛੋਕੜ, ਫ਼ਿਲਮ ਮੇਕਿੰਗ ਤੇ ਆਪਣੇ ਤਜਰਬੇ ਸਾਂਝੇ ਕਰਨ। ਮੈਂ ਸਮਝਦਾ ਹਾਂ ਕਿ ਬੱਚਿਆਂ ਨੂੰ ਇਸ ਰਾਹੀਂ ਬਹੁਤ ਕੁਝ ਸਿੱਖਣ ਲਈ ਮਿਲੇਗਾ।"

ਸੀਨੀਅਰ ਬਲਬੀਰ ਸਿੰਘ ਨੇ ਕਿਹਾ, "ਇਸ ਫ਼ਿਲਮ ਨੇ ਸਾਨੂੰ ਆਪਣਾ ਇਤਿਹਾਸ ਯਾਦ ਕਰਵਾ ਦਿੱਤਾ, ਉਹ ਇਤਿਹਾਸ ਜੋ ਅੰਗਰੇਜ਼ਾਂ ਵੇਲੇ ਤੋਂ ਤੁਰਿਆ ਸੀ। ਮੈਂ ਇਹਦੇ ਲਈ ਕਵੀ ਰਾਜ਼ ਤੇ ਜਸਜੀਤ ਸਿੰਘ ਹੋਰਾਂ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸਿੱਖ ਰਾਜ ਬਾਰੇ ਅਣਗੌਲੇ ਹਿੱਸੇ ਨੂੰ ਸਾਡੇ ਸਾਹਮਣੇ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਹੈ।"

ਬੀਬੀ ਹਰਜਿੰਦਰ ਕੌਰ ਨੇ ਸ਼ਬਾਨਾ ਆਜ਼ਮੀ ਦੇ ਕੰਮ ਦੀ ਸਰਾਹਨਾ ਕਰਦਿਆਂ ਕਿਹਾ, "ਹਿਸਟਰੀ ਵਿਚ ਇਕ ਕੋਟ ਹੈ-ਪੰਜਾਬ ਵਿਚ ਇਕੋ ਮਰਦ ਸੀ, ਉਹ ਸੀ ਮਹਾਰਾਣੀ ਜਿੰਦਾਂ। ਤੁਸੀਂ ਭਾਸ਼ਾ ਦਾ ਬੈਰੀਅਰ ਤੋੜਦਿਆਂ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਉਂਦਿਆਂ ਜੋ ਭਾਵਨਾਵਾਂ ਇਸ ਕਿਰਦਾਰ ਵਿਚ ਭਰੀਆਂ ਹਨ, ਤੁਸੀਂ ਮਹਾਰਾਣੀ ਜਿੰਦਾਂ ਦੀ ਰੂਹ ਪੂਰੀ ਤਰ੍ਹਾਂ ਆਪਣੇ ਕਿਰਦਾਰ ਵਿਚ ਭਰ ਦਿੱਤੀ, ਮੈਂ ਇਹਦੇ ਲਈ ਤੁਹਨੂੰ ਬਹੁਤ ਬਹੁਤ ਵਧਾਈ ਦਿੰਦੀ ਹਾਂ। ਸਰਤਾਜ ਸਾਡਾ ਬੱਚਾ ਹੈ ਤੇ ਇਤਿਹਾਸ ਦੇ ਇਸ ਪੰਨੇ 'ਤੇ ਉਸ ਨੂੰ ਰੂਬਰੂ ਦੇਖ ਕੇ ਬਹੁਤ ਖ਼ੁਸ਼ੀ ਹੋਈ। ਅਸੀਂ ਇਤਿਹਾਸ ਦੇ ਇਸ ਪੰਨੇ ਨਾਲ ਰੂਹ ਤੋਂ ਜੁੜੇ ਹੋਏ ਹਾਂ ਤੇ ਅਸੀਂ ਇਬਾਦਤ ਵਾਂਗ ਇਸ ਫ਼ਿਲਮ ਨੂੰ ਮਾਣਿਆ ਹੈ ਤੇ ਇਸ ਗੱਲ ਨੂੰ ਅੱਗੇ ਤੋਰਾਂਗੇ।"

ਆਮ ਦਰਸ਼ਕਾਂ ਵਿਚੋਂ ਫ਼ਿਲਮ ਦਾ ਪਹਿਲਾ ਸ਼ੋਅ ਦੇਖਣ ਆਈ ਪਰਾਚੀ ਨੰਦਾ ਨੇ ਫ਼ਿਲਮ ਦੇਖਣ ਤੋਂ ਬਾਅਦ ਕਿਹਾ, "ਇਹ ਦੁਖਾਂਤਕ ਕਹਾਣੀ ਸਿੱਖਾਂ ਦੇ ਵਿਸਰ ਚੁੱਕੇ ਸਭਿਆਚਾਰ ਅਤੇ ਪਰੰਪਰਾਵਾਂ ਬਾਰੇ ਬੜੇ ਮਾਣ ਨਾਲ ਰੌਸ਼ਨੀ ਪਾਉਂਦੀ ਹੈ। ਸਹੀ ਅਰਥਾਂ ਵਿਚ ਇਹ ਤੁਹਾਡੇ ਦਿਲ ਨੂੰ ਛੂਹ ਜਾਂਦੀ ਹੈ। ਜ਼ਾਹਰਾ ਤੌਰ 'ਤੇ ਇਹ ਅੱਜ ਕੱਲ੍ਹ ਦੀਆਂ ਫ਼ਿਲਮਾਂ ਤੋਂ ਹਟ ਕੇ ਹੈ ਤੇ ਇਹ ਫ਼ਿਲਮ ਦੇਖਦਿਆਂ ਤੁਸੀਂ ਖ਼ੁਦ ਨੂੰ ਉਸ ਦੌਰ ਵਿਚ ਮਹਿਸੂਸ ਕਰਦੇ ਹੋ।"

ਵਿਜੈ ਧੀਰ ਨੇ ਕਿਹਾ, "ਮੈਨੂੰ ਇਹ ਫ਼ਿਲਮ ਬਹੁਤ ਚੰਗੀ ਲੱਗੀ ਕਿਉਂਕਿ ਇਸ ਇਤਿਹਾਸਕ ਪੱਖ ਨੂੰ ਮੈਂ ਪਹਿਲਾਂ ਚੰਗੀ ਤਰ੍ਹਾਂ ਨਹੀਂ ਸੀ ਜਾਣਦਾ। ਫ਼ਿਲਮ ਦਾ ਉਹ ਦ੍ਰਿਸ਼ ਮੈਨੂੰ ਬਹੁਤ ਭਾਵੁਕ ਲੱਗਿਆ ਜਦੋਂ ਮਹਾਰਾਜਾ ਦਲੀਪ ਸਿੰਘ ਆਪਣੀ ਤਲਵਾਰ ਚੁੱਕ ਕੇ ਮੱਥੇ ਨਾਲ ਲਾਉਂਦੇ ਹਨ। ਸਾਡੀ ਪੀੜ੍ਹੀ ਨੂੰ ਇਤਿਹਾਸ ਦੇ ਇਸ ਪੱਖ ਬਾਰੇ ਜਾਣਕਾਰੀ ਦੇਣ ਲਈ ਮੈਂ ਫ਼ਿਲਮ ਬਣਾਉਣ ਵਾਲਿਆਂ ਦਾ ਸ਼ੁਕਰਿਆ ਕਰਦਾ ਹਾਂ।"

ਪਹਿਲੇ ਦਿਨ ਪਹਿਲਾ ਸ਼ੋਅ ਦੇਖਣ ਆਏ ਵਿਦਿਆਰਥੀ ਅਰੂਜ ਜੈਨ ਨੇ ਕਿਹਾ, "ਮੈਂ ਸਰਤਾਜ ਦੀ ਅਦਾਕਾਰੀ ਦੇਖ ਕੇ ਬਹੁਤ ਪ੍ਰਭਾਵਤ ਹੋਇਆ। ਉਸ ਨੇ ਮਹਾਰਾਜਾ ਦਲੀਪ ਸਿੰਘ ਦੇ ਕਿਰਦਾਰ ਨੂੰ ਜੀਵਤ ਕਰ ਦਿੱਤਾ ਹੈ। ਇਹ ਉਨ੍ਹਾਂ ਫ਼ਿਲਮਾਂ ਵਿਚ ਸ਼ੁਮਾਰ ਹੈ, ਜੋ ਆਪਣੀ ਵਿਲੱਖਣਤਾ ਦੇ ਨਾਲ ਨਾਲ ਇਤਿਹਾਸਕ ਪੱਖਾਂ ਨੂੰ ਵੀ ਖ਼ੂਬਸੂਰਤੀ ਨਾਲ ਉਜਾਗਰ ਕਰਦੀ ਹੈ। ਇਸ ਨੂੰ ਦੇਖ ਕੇ ਮਹਿਸੂਸ ਹੁੰਦਾ ਹੈ ਕਿ ਇਸ ਦੀ ਟੀਮ ਨੇ ਖੋਜ ਭਰਪੂਰ ਕਾਰਜ ਬੜੀ ਜ਼ਿੰਮੇਵਾਰੀ ਨਾਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਹਰੇਕ ਪੰਜਾਬੀ ਨੂੰ ਇਹ ਫ਼ਿਲਮ ਦੇਖਣੀ ਚਾਹੀਦੀ ਹੈ ਤੇ ਯਕੀਨ ਹੈ ਕਿ ਇਹ ਫ਼ਿਲਮ ਉਨ੍ਹਾਂ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਦੇ ਹੋਰ ਨੇੜੇ ਲੈ ਆਵੇਗੀ। ਇਹ ਫ਼ਿਲਮ ਸਾਡੇ ਪਿਛੋਕੜ ਨੂੰ ਪ੍ਰਤੱਖ ਪੇਸ਼ ਕਰਦੀ ਹੈ।"

ਸ਼ਰੂਤੀ ਗਰਗ ਦਾ ਕਹਿਣਾ ਹੈ, "ਫ਼ਿਲਮ ਵਿਚ ਇਤਿਹਾਸ ਤੇ ਕਾਲਪਨਿਕ ਸਿਰਜਣਾ ਨੂੰ ਬਿਹਤਰੀਨ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਫ਼ਿਲਮ ਦੀ ਟੀਮ ਨੇ ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ ਮਹਾਰਾਜਾ ਦਲੀਪ ਸਿੰਘ ਨੂੰ ਪਰਦੇ 'ਤੇ ਪੇਸ਼ ਕਰਕੇ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਵਿਚ ਅਹਿਮ ਯੋਗਦਾਨ ਪਾਇਆ ਹੈ।"

## 'ਇਹ ਕੱਪੜੇ ਹੀ ਮਨਹੂਸ ਸੀ, ਜਿਨਾਂ ਨੇ ਸਾਨੂੰ ਜੇਲ ਦਿਖਾਈ..."

ਸੂਤਰ ਦੱਸਦੇ ਹਨ ਕਿ ਵੱਢੀਖੋਰ ਇਨਾਂ ਕੱਪੜਿਆਂ ਨੂੰ ਬਦਸ਼ਗਨੇ ਸਮਝਦੇ ਹਨ, ਜਿਸ ਕਰ ਕੇ ਉਹ ਕੇਸ ਪ੍ਰਾਪਰਟੀ ਵਾਪਸ ਨਹੀਂ ਲੈਂਦੇ। ਪਤਾ ਲੱਗਿਆ ਹੈ ਕਿ ਰਾਮਪੁਰਾ ਫੂਲ ਦੇ ਇਕ ਫੀਲਡ ਅਫ਼ਸਰ ਦੀ ਪੈਂਟ ਵਿਜੀਲੈਂਸ ਦੇ ਮਾਲਖ਼ਾਨੇ ਵਿੱਚ ਪਈ ਹੈ, ਜਿਸ ਨੂੰ ਵਾਪਸ ਲੈਣ ਲਈ ਇਸ ਅਫ਼ਸਰ ਨੇ ਥਾਣੇ ਤੱਕ ਪਹੁੰਚ ਕੀਤੀ ਸੀ ਪਰ ਮਗਰੋਂ ਉਹ ਇਹ ਆਖ ਕੇ ਵਾਪਸ ਚਲਾ ਗਿਆ ਕਿ 'ਮਨਹੂਸ' ਪੈਂਟ ਸੀ, ਜਿਸ ਨੇ ਜੇਲ ਦਿਖਾ ਦਿੱਤੀ, ਹੁਣ ਵਾਪਸ ਨਹੀਂ ਲੈਣੀ। ਵਿਜੀਲੈਂਸ ਥਾਣਿਆਂ ਦੇ ਮੁਨਸ਼ੀ ਇਨਾਂ ਕੱਪੜਿਆਂ ਨੂੰ ਸੰਭਾਲ ਰਹੇ ਹਨ ਅਤੇ ਇਹ ਕੱਪੜੇ ਉਨਾਂ 'ਤੇ ਭਾਰ ਬਣੇ ਹੋਏ ਹਨ। ਸੂਤਰਾਂ ਅਨੁਸਾਰ ਵਿਜੀਲੈਂਸ ਥਾਣਿਆਂ ਵਿੱਚ ਕਰੀਬ 600 ਸ਼ਰਟਾਂ ਹੀ ਪਈਆਂ ਹਨ। ਪੰਜਾਬ ਵਿੱਚ ਬਠਿੰਡਾ, ਫ਼ਿਰੋਜ਼ਪੁਰ, ਪਟਿਆਲਾ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਵਿਜੀਲੈਂਸ ਥਾਣੇ ਬਣੇ ਹੋਏ ਹਨ। ਫ਼ਿਰੋਜ਼ਪੁਰ ਰੇਂਜ ਦੇ ਸੂਤਰਾਂ ਨੇ ਦੱਸਿਆ ਕਿ ਵੱਢੀਖੋਰ ਕੇਸ ਸਮਾਪਤ ਹੋਣ ਮਗਰੋਂ ਮੋਬਾਈਲ ਵਗੈਰਾ ਤਾਂ ਵਾਪਸ ਲੈ ਗਏ ਹਨ ਪਰ ਕਿਸੇ ਨੇ ਅੱਜ ਤੱਕ ਕੇਸ ਪ੍ਰਾਪਰਟੀ ਵਜੋਂ ਥਾਣਿਆਂ ਵਿੱਚ ਪਏ ਕੱਪੜੇ ਵਾਪਸ ਨਹੀਂ ਲਏ।

ਜਾਣਕਾਰੀ ਅਨੁਸਾਰ ਲੰਘੇ 17 ਵਰਿਆਂ ਦੌਰਾਨ ਜਲੰਧਰ ਦੇ ਇਕ ਜੇ.ਈ. ਨੇ ਸਾਲ 2001 ਵਿੱਚ ਅਦਾਲਤੀ ਹੁਕਮਾਂ 'ਤੇ ਵਿਜੀਲੈਂਸ ਤੋਂ ਆਪਣੀ ਪੈਂਟ ਵਾਪਸ ਲਈ ਹੈ। ਸੂਤਰ ਆਖਦੇ ਹਨ ਕਿ ਪ੍ਰਕਿਰਿਆ ਔਖੀ ਹੋਣ ਕਰ ਕੇ ਕੋਈ ਕੱਪੜੇ ਵਾਪਸ ਲੈਣ ਨੂੰ ਮਹੱਤਵ ਨਹੀਂ ਦਿੰਦਾ। ਬਹੁਤੇ ਵੱਢੀਖੋਰ ਤਾਂ ਅਦਾਲਤਾਂ ਵਿਚੋਂ ਖਹਿੜਾ ਛੁੱਟਣ ਮਗਰੋਂ ਕੱਪੜੇ ਲੈਣਾ ਹੀ ਭੁੱਲ ਜਾਂਦੇ ਹਨ। ਮਾਲਖ਼ਾਨਿਆਂ ਵਿੱਚ ਇਕੱਲੇ ਪੈਂਟਾਂ ਸ਼ਰਟਾਂ ਨਹੀਂ, ਸਗੋਂ ਤੋਲੀਏ, ਜੁਰਾਬਾਂ, ਬੁਨੈਨਾਂ, ਕੰਬਲ ਅਤੇ ਕੋਟ ਵੀ ਪਏ ਹਨ। ਅਧਿਕਾਰੀ ਆਖਦੇ ਹਨ ਕਿ ਇਨਾਂ ਦੇ ਨਿਬੇੜੇ ਦੀ ਕੋਈ ਵਿਵਸਥਾ ਨਹੀਂ ਹੈ।

Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME® Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com